ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 47 | 29 November to 05 December 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਬਾਦਲਾਂ ਦੇ 'ਲਿਫਾਫੇ' ਚੋਂ ਫਿਰ ਪ੍ਰਗਟ ਹੋਇਆ ਸ਼੍ਰੋਮਣੀ ਕਮੇਟੀ ਪ੍ਰਧਾਨ

- ਸੰਤ ਲੌਂਗੋਵਾਲ ਦੇ ਖ਼ਾਸਮ ਖ਼ਾਸ ਰਹੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪੀ ਕਮਾਨ
- ਵਿਚਾਰੇ ਬਡੂੰਗਰ ਨੂੰ ਅਪਣੇ ਅੱਥਰੂ ਛੁਪਾਉਣ ਲਈ ਸ਼ੋਕ ਪ੍ਰਗਟਾਉਣ ਦੀ ਜੁੰਮੇਵਾਰੀ ਸੌਂਪ ਕੇ ਬਾਦਲਾਂ ਨੇ ਕੀਤੀ ਆਖ਼ਰੀ ਬਖ਼ਸ਼ਿਸ਼



**ਅੰਮ੍ਰਿਤਸਰ/ਬਿਊਰੋ ਨਿਊਜ਼:** ਪੰਜਾਬ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਭਾਈ ਗੋਬਿੰਦ ਸਿੰਘ ਲੌਂਗੋਵਾਲ ਬਾਦਲ ਪਰਿਵਾਰ ਦੇ ਕਬਜ਼ੇ ਹੇਠਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਹੋਣਗੇ। ਉਨ੍ਹਾਂ ਨੂੰ ਚੁਣੇ ਜਾਣ ਦੀ ਰਸਮੀ ਕਾਰਵਾਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਬੁੱਧਵਾਰ ਇੱਥੇ ਹੋਈ ਚੋਣ ਮੀਟਿੰਗ ਦੌਰਾਨ ਕੀਤੀ ਗਈ। ਬੇਸ਼ੱਕ ਸਾਬਕਾ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਦੀ ਅਗਵਾਈ ਵਿੱਚ ਬਣੇ ਨਵੇਂ ਪੰਥਕ ਫਰੰਟ ਨੇ ਭਾਈ ਅਮਰੀਕ ਸਿੰਘ ਸ਼ਾਹਪੁਰ ਨੂੰ ਮੁਕਾਬਲੇ ਦਾ ਪ੍ਰਧਾਨਗੀ ਉਮੀਦਵਾਰ ਬਣਾਇਆ ਸੀ ਪਰ ਕਮੇਟੀ ਵਿੱਚ ਬਾਦਲ ਦਲ ਦੇ ਮੈਂਬਰਾਂ ਦੀ ਭਾਰੀ ਗਿਣਤੀ ਹੁੰਦਿਆਂ ਉਸਦਾ ਜਿੱਤਣਾ ਕਿਸੇ ਵੀ ਸੂਰਤ ਵਿੱਚ ਸੰਭਵ ਨਹੀਂ ਸੀ। ਕਮੇਟੀ ਦੇ ਹੋਰਨਾਂ ਅਹੁਦੇਦਾਰਾਂ ਦੇ ਨਾਂਅ ਵੀ ਬਾਦਲਾਂ ਦੇ ਲਿਫਾਫੇ 'ਚ ਬੰਦ ਸਨ।

ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਚੋਣ ਕਾਰਵਾਈ ਜਾਰੀ ਸੀ ਤੇ ਹੋਰਨਾਂ ਅਹੁਦੇਦਾਰਾਂ ਦੇ ਨਾਂਅ ਨਸ਼ਰ ਨਹੀਂ ਸਨ ਹੋਏ। ਸ਼੍ਰੋਮਣੀ ਕਮੇਟੀ ਦੇ ਲਗਭਗ 166 ਮੈਂਬਰਾਂ ਦੀ ਹਾਜ਼ਰੀ ਵਾਲੀ ਮੀਟਿੰਗ ਦੀ ਸ਼ੁਰੂਆਤ ਸਿੱਖ ਧਾਰਮਿਕ ਹਸਤੀਆਂ ਦੀ ਅਗਵਾਈ ਹੇਠ ਮੂਲ ਮੰਤਰ ਤੇ ਗੁਰਮੰਤਰ ਦੇ ਪਾਠਾਂ ਨਾਲ ਕੀਤੀ ਗਈ। ਪ੍ਰਧਾਨ ਦਾ ਅਹੁਦਾ ਤਿਆਗ ਰਹੇ, ਅਸਲ ਵਿੱਚ ਬਾਦਲਾਂ ਵਲੋਂ ਅਹੁਦੇ ਤੋਂ ਲਾਹੇ ਗਏ ਪ੍ਰੋਫੈਸਰ ਕ੍ਰਿਪਾਲ ਸਿੰਘ ਬੰਡੂਗਰ ਨੇ ਸ਼ੋਕ ਮਤੇ ਪੇਸ਼ ਕੀਤੇ। ਸ਼੍ਰੋਮਣੀ ਕਮੇਟੀ ਦੇ ਨਵੇਂ

ਬਾਕੀ ਸਫ਼ਾ 29 'ਤੇ

# ਪੰਜਾਬ ਵਿਧਾਨ ਸਭਾ 'ਚ ਕਾਵਾਂਰੌਲੀ ਦੌਰਾਨ ਫਿਰ ਰੁਲੇ ਲੋਕ ਮਸਲੇ

- ਵਿਰੋਧੀ ਦਲਾਂ ਦੇ ਰੋਸ ਨੇ ਸੈਸ਼ਨ ਦਾ ਦੂਜਾ ਦਿਨ ਵੀ ਰੌਲੇ ਵਿੱਚ ਰੋਲਿਆ
- ਆਪ ਤੇ ਅਕਾਲੀਆਂ ਵਿਚਾਲੇ ਤੂੰ ਤੂੰ ਮੈਂ ਮੈਂ ਤੋਂ ਕਾਂਗਰਸੀ ਬਾਗੋ ਬਾਗ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਰਮਿਆਨ ਟਕਰਾਅ ਦੀ ਸਥਿਤੀ ਦਾ ਹਾਕਮ ਕਾਂਗਰਸ ਨੂੰ ਭਾਵੇਂ ਲਾਹਾ ਮਿਲ ਰਿਹਾ ਹੈ ਪਰ ਜਨਤਕ ਮੁੱਦੇ ਪੂਰੀ ਤਰ੍ਹਾਂ ਹਾਸ਼ੀਏ 'ਤੇ ਚਲੇ ਗਏ ਹਨ। ਵਿਧਾਨ ਸਭਾ ਦਾ ਮੌਜੂਦਾ ਸਰਦ ਰੁੱਤ ਇਜਲਾਸ ਤੀਸਰਾ ਸੈਸ਼ਨ ਹੈ ਜਦੋਂ ਸਦਨ ਵਿੱਚ ਗੰਭੀਰ ਮੁੱਦਿਆਂ 'ਤੇ ਬਹਿਸ ਨਹੀਂ ਹੋਈ। ਸੈਸ਼ਨ ਦੇ ਅੱਜ ਦੂਜੇ ਦਿਨ ਆਪ' ਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਭਾਰੀ ਸ਼ੋਰ ਸ਼ਰਾਬਾ ਕੀਤਾ।ਆਪ' ਨੇ ਵਿਰੋਧੀ ਧਿਰ ਦੇ ਨੇਤਾ ਖਹਿਰਾ ਦੇ ਮਾਮਲੇ ਨੂੰ ਮੁੱਦਾ ਬਣਾ ਕੇ ਅਕਾਲੀਆਂ ਤੇ ਕਾਂਗਰਸ 'ਤੇ ਨਿਸ਼ਾਨਾ ਸੇਧਿਆ ਜਦੋਂ ਕਿ ਅਕਾਲੀ ਦਲ ਨੇ ਕਿਸਾਨੀ ਮੁੱਦਿਆਂ 'ਤੇ ਰੌਲਾ ਰੱਪਾ ਜਾਰੀ ਰੱਖਿਆ। ਇਸ ਸ਼ੋਰ ਸ਼ਰਾਬੇ ਕਾਰਨ ਘੰਟਾ ਭਰ ਚੱਲਣ ਵਾਲਾ ਪ੍ਰਸ਼ਨ ਕਾਲ ਮਹਿਜ਼ ਅੱਧੇ ਘੰਟੇ ਵਿੱਚ ਹੀ ਸਿਮਟ ਗਿਆ। ਉਸ ਤੋਂ ਬਾਅਦ ਸਦਨ ਦੀ ਕਾਰਵਾਈ ਤੇ ਸਮੁੱਚਾ ਕੰਮ ਇਕ ਘੰਟੇ ਵਿੱਚ ਖ਼ਤਮ ਹੋਣ ਤੋਂ ਬਾਅਦ ਸਪੀਕਰ ਰਾਣਾ ਕੇ.ਪੀ. ਸਿੰਘ



ਵਿਧਾਨ ਸਭਾ 'ਚ ਰੋਸ ਜਤਾਉਣ ਦੌਰਾਨ ਅਖ਼ਬਾਰੀ ਰਿਪੋਰਟ ਦਿਖਾਉਂਦੇ ਹੋਏ 'ਆਪ' ਦੇ ਵਿਧਾਇਕ।

ਬਾਕੀ ਸਫ਼ਾ 29 'ਤੇ

## ਬਿਕਰਮ ਮਜੀਠੀਏ ਵਿਰੁਧ ਲੱਗੇ ਦੋਸ਼ਾਂ ਦੀ ਜਾਂਚ ਜਾਰੀ-ਕੈਪਟਨ

### ਸਾਬਕਾ ਮੰਤਰੀ ਨੂੰ ਨਹੀਂ ਦਿੱਤੀ ਕੋਈ ਕਲੀਨ ਚਿੱਟ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਕਦੇ ਕਲੀਨ ਚਿੱਟ ਨਹੀਂ ਦਿੱਤੀ। ਉਨ੍ਹਾਂ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਕਈ ਏਜੰਸੀਆਂ ਕਰ ਰਹੀਆਂ ਹਨ।

ਕੁਝ ਸਮਾਂ ਪਹਿਲਾਂ ਕਾਂਗਰਸ ਦੇ 40 ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਇੱਕ ਪੱਤਰ ਦੇ ਕੇ ਮਜੀਠੀਆ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਪਾਇਆ ਸੀ। ਕੈਬਨਿਟ ਮੰਤਰੀ ਨਵਜੋਤ ਸਿੱਧੂ, ਮਜੀਠੀਆ ਖ਼ਿਲਾਫ਼ ਜਨਤਕ

ਬਾਕੀ ਸਫ਼ਾ 25 'ਤੇ

## ਜਲੰਧਰ ਦੇ ਨੌਜਵਾਨ ਦਾ ਜੈਕਸਨ ਸ਼ਹਿਰ 'ਚ ਲੁਟੇਰਿਆ ਹੱਥੋਂ ਕਤਲ

**ਨਿਊਯਾਰਕ/ ਬਿਊਰੋ ਨਿਊਜ਼,** ਲੁਟੇਰਿਆਂ ਨੇ ਜੈਕਸਨ ਸ਼ਹਿਰ ਵਿਚ ਗੋਲੀਆਂ ਮਾਰ ਕੇ ਸਿੱਖ ਨੌਜਵਾਨ ਸੰਦੀਪ ਸਿੰਘ ਦੀ ਹੱਤਿਆ ਕਰ ਦਿੱਤੀ। ਉਹ ਚਾਰ ਸਾਲ ਪਹਿਲਾਂ ਅਮਰੀਕਾ ਆਇਆ ਸੀ। ਜਲੰਧਰ ਦੀ ਨਿਊ ਡਿਫੈਂਸ ਕਲੋਨੀ ਦੇ ਰਹਿਣ ਵਾਲੇ ਸੰਦੀਪ ਸਿੰਘ ਦਾ ਪਿਤਾ ਥਾਣਾ ਰਾਮਾਮੰਡੀ 'ਚ ਮੁਣਸ਼ੀ ਹੈ। ਸੰਦੀਪ ਅਮਰੀਕਾ ਦੇ ਸ਼ਹਿਰ ਜੈਕਸਨ (ਮਿਸੀਸਿਪੀ) ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰ ਸ਼ਰਨਜੀਤ ਸਿੰਘ ਨਾਲ ਜਨਰਲ ਸਟੋਰ 'ਤੇ ਕੰਮ ਕਰਦਾ ਸੀ। ਸ਼ਰਨਜੀਤ ਸਿੰਘ ਨੇ ਦੱਸਿਆ ਕਿ ਅਮਰੀਕੀ ਸਮੇਂ ਅਨੁਸਾਰ, ਸੋਮਵਾਰ ਦੀ ਰਾਤ ਨੂੰ 11:00 ਵਜੇ ਦੇ ਕਰੀਬ ਜਦੋਂ ਉਹ ਆਪਣੀ ਕਾਰ ਵਿੱਚ ਘਰ ਪੁੱਜੇ ਸਨ ਅਤੇ



ਬਾਕੀ ਸਫ਼ਾ 25 'ਤੇ

## ਉੱਦਮੀ ਔਰਤਾਂ ਦੇ ਕਾਰੋਬਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ-ਇਵਾਂਕਾ ਟਰੰਪ

### *ਭਾਰਤ ਦੇ ਦੌਰੇ ਉੱਤੇ ਪੁਜੀ ਟਰੰਪ ਦੀ ਧੀ ਦੇ ਸਵਾਗਤ ਲਈ ਮੋਦੀ ਹੋਇਆ ਪੱਬਾਂ-ਭਾਰ*

**ਹੈਦਰਾਬਾਦ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪੁੱਤਰੀ ਅਤੇ ਸਲਾਹਕਾਰ ਇਵਾਂਕਾ ਟਰੰਪ ਨੇ ਔਰਤ ਉਦਮੀਆਂ ਲਈ ਪੂੰਜੀ ਤਕ ਪਹੁੰਚ ਅਤੇ ਬਰਾਬਰ ਕਾਨੂੰਨਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਔਰਤਾਂ ਅਤੇ ਮਰਦਾਂ ਵਿਚਕਾਰ ਉੱਦਮਤਾ ਦਾ ਪਾੜਾ ਘੱਟਣ ਨਾਲ ਵਿਸ਼ਵ ਦੀ ਵਿਕਾਸ ਦਰ (ਜੀ. ਡੀ. ਪੀ.) 2 ਫ਼ੀਸਦੀ ਵਧ ਸਕਦੀ ਹੈ ? 8ਵੇਂ ਵਿਸ਼ਵ ਉੱਦਮਤਾ ਸੰਮੇਲਨ (ਜੀ ਈ ਐਸ) ਵਿਖੇ ਆਪਣੇ ਮੁੱਖ ਭਾਸ਼ਣ ਵਿਚ ਉਨ੍ਹਾਂ ਕਿਹਾ ਕਿ ਔਰਤ ਉਦਮੀਆਂ ਦੀ ਦਰ ਵਧਣ ਦੇ ਬਾਵਜੂਦ ਔਰਤਾਂ ਕਾਰੋਬਾਰ ਸ਼ੁਰੂ ਕਰਨ, ਕਾਰੋਬਾਰ ਦਾ ਮਾਲਕ ਬਣਨ ਅਤੇ ਆਪਣੇ ਕਾਰੋਬਾਰ ਨੂੰ ਵਧਾਉਣ ਵਿਚ ਬਹੁਤ ਜ਼ਿਆਦਾ ਰੁਕਾਵਟਾਂ ਦਾ ਸਾਹਮਣਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੀ ਅਗਵਾਈ ਵਾਲੇ ਕਾਰੋਬਾਰਾਂ ਦੇ ਵਿਕਾਸ

ਬਾਕੀ ਸਫ਼ਾ 25 'ਤੇ



## ਸੰਯੁਕਤ ਰਾਸ਼ਟਰ ਨੇ ਪੁਲੀਸ ਤਸ਼ੱਦਦ ਤੇ ਨਸਲਵਾਦ ਮਾਮਲੇ 'ਤੇ ਭਾਰਤ ਦੀ ਕੀਤੀ ਝਾਂੜ-ਝੰਬ

**ਚੰਡੀਗੜ੍ਹ/ਬਿਊਰੋ ਨਿਊਜ਼:** ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ ਵਿੱਚ ਪੁਲੀਸ਼ ਤਸ਼ੱਦਦ ਅਤੇ ਨਸਲਵਾਦ ਦੇ ਮਾਮਲੇ ਵਿੱਚ ਭਾਰਤ ਦੀ ਝਾੜ-ਝੰਬ ਕੀਤੀ ਹੈ। ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਸਜ਼ਾ ਦੇਣ ਦੇ ਢੰਗ-ਤਰੀਕੇ ਅਜੇ ਵੀ ਜ਼ਾਲਮਾਨਾ ਹਨ ਤੇ ਪੁਲੀਸ ਹਿਰਾਸਤ ਵਿੱਚ ਗ਼ੈਰ-ਮਨੁੱਖੀ ਵਿਵਹਾਰ ਕੀਤਾ ਜਾ ਰਿਹਾ ਹੈ। ਯੂਐਨਓ ਦੀ ਇਹ ਰਿਪੋਰਟ ਭਾਰਤ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਵਾਪਰੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਘਟਨਾਵਾਂ 'ਤੇ ਆਧਾਰਿਤ ਹੈ। ਰਿਪੋਰਟ ਵਿੱਚ ਪਿਛਲੇ ਪੰਜ ਸਾਲ ਨਸਲਵਾਦ ਅਤੇ ਪੁਲੀਸ ਤਸ਼ੱਦਦ ਸਮੇਤ ਘੱਟ ਗਿਣਤੀਆਂ ਨੂੰ ਦਬਾਉਣ ਨਾਲ ਸਬੰਧਤ ਮਾਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਸਾਲ ਫਰਵਰੀ ਵਿੱਚ ਗਰੇਟਰ ਨੋਇਡਾ ਵਿੱਚ ਨਾਇਜੀਰੀਆ ਦੇ ਵਿਦਿਆਰਥੀਆਂ 'ਤੇ ਹਮਲੇ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਯੂਨਾਈਟਿਡ ਨੇਸ਼ਨਜ਼ ਹਿਊਮਨ ਰਾਈਟਸ ਕੌਂਸਲ ਨੇ ਭਾਰਤ ਸਰਕਾਰ ਨੂੰ ਨਸਲੀ ਹਮਲੇ ਰੋਕਣ ਵਾਸਤੇ ਇੱਕ ਸਖ਼ਤ ਕਾਨੂੰਨ ਬਣਾਉਣ ਲਈ ਕਿਹਾ ਸੀ। ਇਸ ਦੇ ਉਲਟ ਭਾਰਤ ਨੇ

ਬਾਕੀ ਸਫ਼ਾ 25 'ਤੇ

For Advertisements in Quomantry Amritsar Times Please Call :
Jai Singh
510-677-2777
















TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores




ਜਗਤਾਰ ਸਿੰਘ ਜੌਹਲ ਅਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਵਾਸ਼ਿੰਗਟਨ ਦੀ ਭਾਰਤੀ ਅੰਬੈਸੀ ਸਾਹਮਣੇ ਜ਼ੋਰਦਾਰ ਰੋਸ ਵਿਖਾਵਾ ਕਰਦੇ ਹੋਏ ਸਿੱਖ ਨੁਮਾਇੰਦੇ। ਫੋਟੋ ਤੇ ਵੇਰਵਾ : ਹੁਸਨ ਲੜੋਆ ਬੰਗਾ

# ਪੰਜਾਬ 'ਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਵਿਰੁਧ ਸ਼ਿਕਾਗੋ ਸਥਿਤ ਭਾਰਤੀ ਦੂਤਾਵਾਸ ਅੱਗੇ ਸਿੱਖ ਸੰਗਤਾਂ ਵਲੋਂ ਰੋਸ ਮੁਜ਼ਾਹਰਾ




**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼ਿਕਾਗੋ ਅਤੇ ਇੰਡਿਆਨਾ ਦੀਆਂ ਸੰਗਤਾਂ ਨੇ ਪੰਜਾਬ ਪੁਲੀਸ ਵਲੋਂ ਸਿੱਖਾਂ ਨੌਜਵਾਨਾਂ ਜਗਤਾਰ ਸਿੰਘ ਜੱਗੀ ਅਤੇ ਹੋਰ ਸਿੱਖ ਨੌਜਵਾਨਾਂ ਦੀਆਂ ਝੂਠੇ ਕੇਸਾਂ ਵਿੱਚ ਕੀਤੀਆਂ ਗਈਆਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਭਾਰਤੀ ਅੰਬੈਸੀ ਅਗੇ ਰੋਸ ਮੁਜਾਹਰਾ ਕੀਤਾ ਗਿਆ।

24 ਨਵੰਬਰ ਸ਼ੁੱਕਰਵਾਰ ਨੂੰ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਦੇ ਸਹਿਯੋਗ ਨਾਲ ਸ਼ਿਕਾਗੋ ਅਤੇ ਇੰਡਿਆਨਾ (ਇੰਡੀਅਨਐਪਲਿਸ) ਦੀਆਂ ਸੰਗਤਾਂ ਵਲੋਂ ਭਾਰਤੀ ਅੰਬੈਸੀ ਅਗੇ ਰੋਸ ਮੁਜਾਹਰਾ ਕੀਤਾ ਗਿਆ। ਇਸ ਸਮੇਂ ਵਿਸ਼ਵ ਪੱਧਰ ਤੇ ਸਿੱਖ ਕੌਮ ਵਿੱਚ ਪੰਜਾਬ ਦੀ ਕੈਪਟਨ ਸਰਕਾਰ ਅਤੇ ਪੰਜਾਬ ਪੁਲਿਸ ਪ੍ਰਤੀ ਗੁੱਸੇ ਦੀ ਲਹਿਰ ਚਲ ਰਹੀ ਹੈ। ਕੈਪਟਨ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛਪਾਉਣ ਵਾਸਤੇ ਬੇਕਸੂਰ ਨੌਜਵਾਨਾਂ ਨੂੰ ਬਲੀ ਦੇ ਬੱਕਰੇ ਬਣਾ ਰਹੀ ਹੈ। ਸਿੱਖ ਹਲਕਿਆਂ ਵਿੱਚ ਆਮ ਚਰਚਾ ਚਲ ਰਹੀ ਹੈ ਕਿ ਕੈਪਟਨ ਸਰਕਾਰ ਕੇਂਦਰ ਦੀ ਸਰਕਾਰ ਅਤੇ ਇਕ ਫਿਰਕੇ ਦੇ ਲੋਕਾਂ ਨੂੰ ਖੁਸ਼ ਕਰਨ ਵਾਸਤੇ ਪੰਜਾਬ ਵਿੱਚੋਂ ਅਤੇ ਵਿਦੇਸ਼ੀ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕਰ ਰਹੀ ਹੈ। ਇਸ ਸਮੇਂ ਪੰਜਾਬ ਸਮੇਤ ਬਾਹਰਲੇ ਦੇਸ਼ਾਂ ਵਿੱਚ ਵੱਖ ਵੱਖ ਥਾਵਾਂ ਤੇ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ। ਸ਼ਿਕਾਗੋ ਵਿਚਲੀ ਭਾਰਤੀ ਅੰਬੈਸੀ ਅਗੇ ਜਗਤਾਰ ਸਿੰਘ ਜੱਗੀ ਯੂ ਕੇ,ਤਲਜੀਤ ਸਿੰਘ ਜਿੰਮੀ ਯੂ ਕੇ, ਹਰਦੀਪ ਸਿੰਘ ਇਟਲੀ,ਰਮਨਦੀਪ ਸਿੰਘ ਤੇ ਹੋਰ ਨੌਜਵਾਨਾਂ ਦੇ ਹੱਕ ਵਿੱਚ ਅਤੇ ਉਨਾਂ ਦੀ ਰਿਹਾਈ ਵਾਸਤੇ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ, ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ, ਇੰਡੀਅਨਐਪੋਲਿਸ ਤੋਂ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਤੋਂ ਸੰਗਤਾਂ ਅਤੇ ਸ਼ਿਕਾਗੋ ਦੀਆਂ ਸੰਗਤਾਂ ਮੁਜਾਹਰਾ ਕਰਨ ਵਾਸਤੇ ਪਹੁੰਚੀਆਂ ਹੋਈਆਂ ਸਨ।

ਵਿਸ਼ੇਸ਼ ਤੌਰ ਤੇ ਇਸ ਮੁਜਾਹਰੇ ਵਿੱਚ ਸੰਤੋਖ ਸਿੰਘ ਟੈਕਸਸ ਨੇ ਸਿੱਖ ਯੂਥ ਆਫ ਅਮਰੀਕਾ ਵਲੋਂ ਅਤੇ ਹਰਪ੍ਰੀਤ ਸਿੰਘ ਹੰਸਰਾ ਕਨੇਡਾ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਨੈਡਾ ਯੂਨਿਟ ਵਲੋਂ ਹਾਜਰੀ ਲਗਵਾਈ ਗਈ। ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਕਮੇਟੀ ਮੈਂਬਰ ਗੁਰਮੀਤ ਸਿੰਘ ਬੈਂਸ ਵਲੋਂ ਇਸ ਰੋਸ ਮੁਜਾਹਰੇ ਵਿੱਚ ਸੰਗਤਾਂ ਦਾ ਪਹੁੰਚਣ ਤੇ ਧੰਨਵਾਦ ਕੀਤਾ ਗਿਆ।

# 'ਪ੍ਰੋ. ਪੂਰਨ ਸਿੰਘ ਸਿੱਖ-ਚਿੰਤਨ ਸਨਮਾਨ' ਸ਼ੁਰੂ ਕਰੇਗੀ ਏ.ਜੀ.ਪੀ.ਸੀ.

## ਅਲਬੇਲੇ ਸ਼ਾਇਰ ਦੇ ਜਨਮ ਦਿਵਸ ਮੌਕੇ ਕਰਵਾਇਆ ਜਾਵੇਗਾ ਵਿਸ਼ੇਸ਼ ਸੈਮੀਨਾਰ

**ਫਰੀਮਾਂਟ/ਬਿਊਰੋ ਨਿਊਜ਼,** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਫੈਸਲਾ ਕੀਤਾ ਹੈ ਕਿ ਪ੍ਰੋ. ਪੂਰਨ ਸਿੰਘ (ਸਾਲ 1881-1931),ਜਿਹੜੇ ਵੀਹਵੀਂ ਸਦੀ ਦੇ ਪ੍ਰਮੁੱਖ ਸਿੱਖ ਚਿੰਤਕਾਂ ਵਿਚੋਂ ਇਕ ਸਨ, ਦੀ ਯਾਦ ਵਿਚ ਇਕ ਸੈਮੀਨਾਰ ਕਰਵਾਇਆ ਜਾਵੇਗਾ। ਕਮੇਟੀ ਵਲੋਂ ਡਾ. ਪ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰੋ. ਪੂਰਨ ਸਿੰਘ ਇਕ ਵਿਸ਼ੇਸ਼ ਸਿੱਖ-ਚਿੰਤਕ ਸਨ, ਜਿਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖ ਚਿੰਤਨ ਵਿਚ ਵਡਮੁਲਾ ਹਿੱਸਾ ਪਾਇਆ। ਉਹਨਾਂ ਦੀਆਂ ਲਿਖਤਾਂ ਅਤੇ ਵਿਚਾਰ ਅਜੋਕੀ ਪੀੜ੍ਹੀ ਲਈ ਅਤਿ-ਮਹੱਤਵਪੂਰਣ ਅਤੇ ਪ੍ਰੇਰਨਾ-ਸ੍ਰੋਤ ਹਨ। ਕਮੇਟੀ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਪ੍ਰੋਂ ਪੂਰਨ ਸਿੰਘ ਦੇ ਜਨਮ-ਦਿਨ (17 ਫਰਵਰੀ) ਮੌਕੇ ਹਰ ਸਾਲ ਇਕ ਨੌਜਵਾਨ ਸਿੱਖ ਚਿੰਤਕ/ਖੋਜਾਰਥੀ ਨੂੰ 'ਪ੍ਰੋ. ਪੂਰਨ ਸਿੰਘ ਸਿੱਖ-ਚਿੰਤਨ ਸਨਮਾਨ' ਨਾਲ ਸਨਮਾਨਿਤ ਕੀਤਾ ਜਾਵੇਗਾ ਤਾਂਕਿ ਭਵਿੱਖ ਵਿਚ ਸਿੱਖ ਨੌਜਵਾਨ ਅਕਾਦਮਕਤਾ ਦੇ ਖੇਤਰ ਵਿਚ ਉਤਸ਼ਾਹਿਤ ਹੋ ਸਕਣ। ਸੈਮੀਨਾਰ ਮੌਕੇ ਪ੍ਰੋ. ਪੂਰਨ ਸਿੰਘ ਲਿਖਿਤ ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਪੁਸਤਕ Guru Gobind Singh: The Tenth Master ਦੀ ਰੀਲੀਜ਼ ਕੀਤੀ ਜਾਵੇਗੀ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM

# ਦਲ ਖਾਲਸਾ ਦੇ ਮੋਢੀ ਮੈਂਬਰ ਮਨਮੋਹਨ ਸਿੰਘ ਨਮਿੱਤ ਅੰਤਿਮ ਅਰਦਾਸ ਸ਼ੁਕਰਵਾਰ ਪਹਿਲੀ ਦਸੰਬਰ ਨੂੰ ਨਨਕਾਣਾ ਸਾਹਿਬ ਵਿਖੇ ਹੋਵੇਗੀ

**ਜਲੰਧਰ/ਬਿਊਰੋ ਨਿਊਜ਼:** ਦਲ ਖ਼ਾਲਸਾ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਰਹੇ ਜਥੇਦਾਰ ਮਨਮੋਹਨ ਸਿੰਘ ਦੀ ਅੰਤਿਮ ਅਰਦਾਸ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਵਿੱਚ 1 ਦਸੰਬਰ ਨੂੰ ਕੀਤੀ ਜਾਵੇਗੀ ਜਦਕਿ ਚੜ੍ਹਦੇ ਪੰਜਾਬ (ਹੁਸ਼ਿਆਰਪੁਰ) ਵਿੱਚ ਸ਼ਰਧਾਂਜਲੀਆਂ 3 ਦਸੰਬਰ ਨੂੰ ਭੇਟ ਕੀਤੀਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਲ ਖਾਲਸਾ ਦੇ ਆਗੂਆਂ ਕੰਵਰਪਾਲ ਸਿੰਘ ਅਤੇ ਸਤਿਨਾਮ ਸਿੰਘ ਨੇ ਦਿੱਤੀ। ਜ਼ਿਕਰਯੋਗ ਹੈ ਕਿ 20 ਨਵੰਬਰ ਨੂੰ ਯੂ.ਕੇ. ਦੇ ਇੱਕ ਹਸਪਤਾਲ ਵਿੱਚ ਮਨਮੋਹਨ ਸਿੰਘ ਦਾ ਦੇਹਾਂਤ ਹੋ ਗਿਆ ਸੀ। ਕੱਲ੍ਹ ਉਨ੍ਹਾਂ ਦਾ ਪੂਰੇ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ ਤੇ ਅਰਦਾਸ ਇੰਗਲੈਂਡ ਦੇ ਸਾਊਥਾਲ ਸਥਿਤ ਗੁਰਦੁਆਰੇ ਵਿੱਚ ਕੀਤੀ ਗਈ। ਯੂ.ਕੇ. ਦੀਆਂ ਸਮੂਹ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਸਕਾਰ ਮੌਕੇ ਯੂ.ਕੇ. ਸੰਸਦ ਮੈਂਬਰ ਲਾਰਡ ਨਜ਼ੀਰ ਅਹਿਮਦ ਅਤੇ 'ਕਸ਼ਮੀਰੀ ਸੰਘਰਸ਼' ਦੇ ਆਗੂ ਵੀ ਹਾਜ਼ਰ ਸਨ। ਮਨਮੋਹਨ ਸਿੰਘ ਨੇ ਸਿੱਖਾਂ ਅਤੇ ਮੁਸਲਮਾਨਾਂ ਦੇ ਰਿਸ਼ਤੇ ਮਜ਼ਬੂਤ ਕਰਨ ਲਈ 'ਵਰਲਡ ਮੁਸਲਿਮ-ਸਿੱਖ ਫੈਡਰੇਸ਼ਨ' ਨਾਮੀ ਸੰਸਥਾ ਬਣਾਈ ਸੀ ਤੇ ਉਹ ਪਾਕਿਸਤਾਨ ਦੇ ਸਿਆਸੀ ਹਲਕਿਆਂ ਵਿੱਚ ਚੰਗਾ ਅਸਰ-ਰਸੂਖ ਰੱਖਦੇ ਸਨ।



# ਦਿੱਲੀ ਹਾਈਕੋਰਟ ਸਿੱਖਾਂ ਦੀ ਕਾਲੀ ਸੂਚੀ ਬਾਰੇ ਗ੍ਰਹਿ ਮੰਤਰਾਲੇ ਨੂੰ 4 ਹਫ਼ਤਿਆਂ ਦੇ ਅੰਦਰ ਅੰਦਰ ਜਵਾਬ ਦੇਣ ਲਈ ਕਿਹਾ

**ਨਵੀਂ ਦਿੱਲੀ/ ਸਿੱਖ ਸਿਆਸਤ ਬਿਊਰੋ:**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ "ਕਾਲੀ ਸੂਚੀ" ਦੇ ਮਾਮਲੇ 'ਚ ਦਿੱਲੀ ਹਾਈ ਕੋਰਟ 'ਚ ਪਾਈ ਗਈ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਦੀ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਮੰਤਰਾਲੇ ਨੂੰ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਦੀ "ਕਾਲੀ ਸੂਚੀ" 'ਚ ਸ਼ਾਮਿਲ ਨਾਂਵਾਂ ਨੂੰ ਹਟਾਉਣ ਅਤੇ ਕਾਲੀ ਸੂਚੀ ਦੇ ਖਾਤਮੇ ਦਾ ਤਰੀਕਾ ਦੱਸਣ ਲਈ 4 ਹਫ਼ਤਿਆਂ ਦਾ ਸਮਾਂ ਦਿੱਤਾ ਹੈ।



ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਕਿਹਾ ਕਿ ਪੰਜਾਬ ਦੇ 80-90 ਦੇ ਦਹਾਕੇ ਦੌਰਾ ਵਿਦੇਸ਼ਾਂ 'ਚ ਸਿਆਸੀ ਪਨਾਹ ਲੈਣ ਵਾਲੇ ਸਿੱਖਾਂ ਦੇ ਨਾਂ ਇਸ ਸੂਚੀ 'ਚ ਸ਼ਾਮਿਲ ਹਨ। ਜਦੋਂ ਵੀ ਦਿੱਲੀ ਕਮੇਟੀ ਜਾਂ ਸਿੱਖ ਜਥੇਬੰਦੀ ਵਲੋਂ ਆਰ.ਟੀ.ਆਈ ਰਾਹੀਂ ਕਹੀ ਜਾਂਦੀ "ਕਾਲੀ ਸੂਚੀ" ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਸਰਕਾਰ ਵੱਲੋਂ ਜਵਾਬ ਦੇਣ ਤੋਂ ਪਾਸਾ ਵੱਟ ਲਿਆ ਜਾਂਦਾ ਸੀ।

ਵਿਦੇਸ਼ੀ ਰਹਿੰਦੇ ਕਈ ਆਗੂ ਭਾਰਤ ਸਰਕਾਰ ਦੇ ਕਾਲੀ ਸੂਚੀ ਖਤਮ ਕਰਨ ਦੇ ਐਲਾਨਾਂ ਨੂੰ "ਚੋਗਾ" ਦੱਸ ਕੇ ਰੱਦ ਕਰਦੇ ਆ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਕਾਲੀ ਸੂਚੀ ਨੂੰ ਜਾਰੀ ਰੱਖ ਕੇ ਅਤੇ ਖਤਮ ਕਰਨ ਦੀਆਂ ਸ਼ਰਤਾ ਲਾ ਕੇ, ਦੋਵਾਂ ਹੀ ਸੂਰਤਾਂ ਵਿੱਚ ਵਿਦੇਸ਼ੀ ਸਿੱਖਾਂ ਦੀ ਸਰਗਰਮੀ ਨੂੰ ਕਾਬੂ ਹੇਠ ਕਰਨਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ 2013 ਵਿਚ ਪੰਜਾਬ ਪੁਲਿਸ ਦੇ ਇਕ ਅਫਸਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਹ ਇੰਕਸਾਫ ਕੀਤਾ ਸੀ ਕਿ 1980ਵਿਆਂ ਵਿੱਚ ਪੰਜਾਬ ਤੋਂ ਬਾਹਰ ਜਾਣ ਵਾਲੇ ਸਿੱਖਾਂ ਦੇ ਨਾਂ ਥੋਕ ਦੇ ਭਾਅ ਹੀ "ਕਾਲੀ ਸੂਚੀ" ਵਿਚ ਸ਼ਾਮਲ ਕਰ ਦਿੱਤੇ ਜਾਂਦੇ ਸਨ।

# ਦਲ ਖਾਲਸਾ ਦੇ ਆਗੂ ਭਾਈ ਮਨਮੋਹਨ ਸਿੰਘ ਯੂਕੇ ਦੇ ਅਕਾਲ ਚਲਾਣੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਦਲ ਖਾਲਸਾ ਦੇ ਆਗੂ ਭਾਈ ਮਨਮੋਹਨ ਸਿੰਘ ਯੂਕੇ ਦੇ ਅਕਾਲ ਚਲਾਣੇ ਉੱਤੇ ਗਹਿਰੇ ਦੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਆਗੂਆਂ ਜਿਨਾਂ ਵਿੱਚ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਂਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ , ਜੋਗਾ ਸਿੰਘ ਨਿਊਜਰਸੀ, ਰੇਸ਼ਮ ਸਿੰਘ ਵਰਜੀਨੀਆ, ਲਖਵੀਰ ਸਿੰਘ ਕੰਗ, ਤਰਸੇਮ ਸਿੰਘ ਕੈਲੇਫੋਰਨੀਆ,ਅਮਨਦੀਪ ਸਿੰਘ,ਅਮਰਜੀਤ ਸਿੰਘ, ਦਲਬੀਰ ਸਿੰਘ, ਸੰਤ ਬਲਵੀਰ ਸਿੰਘ, ਸੁਖਵਿੰਦਰ ਸਿੰਘ ਗਿੱਲ ਅਤੇ ਕੇਵਲ ਸਿੰਘ ਨੇ ਇੱਕ ਸਾਂਝੇ ਬਿਆਨ ਕਿਹਾ ਕਿ ਪਿਛਲੇ ਦਿਨੀਂ ਪੰਥਕ ਜਥੇਬੰਦੀ ਦਲ ਖਾਲਸਾ ਦੇ ਆਗੂ ਭਾਈ ਮਨਮੋਹਨ ਸਿੰਘ ਯੂ ਕੇ ਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਪੰਥਕ ਸਫਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਇਸ ਖਾਲਿਸਤਾਨੀ ਯੋਧੇ ਦੇ ਤੁਰ ਜਾਣ ਨਾਲ ਪੰਥ ਨੂੰ ਬਹੁਤ ਘਾਟਾ ਪਿਆ ਹੈ। ਅਜੇ ਕੁਝ ਕੁ ਦਿਨ ਪਹਿਲਾਂ ਅਮਰੀਕਾ ਨਿਵਾਸੀ ਡਾਕਟਰ ਪਰਮਜੀਤ ਸਿੰਘ ਅਜਰਾਵਤ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਕੁਝ ਕੁ ਦਿਨਾਂ ਵਿੱਚ ਹੀ ਦੋ ਖਾਲਿਸਤਾਨੀ ਯੋਧੇ ਪੰਥ ਨੂੰ ਹਮੇਸ਼ਾਂ ਵਾਸਤੇ ਵਿਛੋੜਾ ਦੇ ਗਏ ਹਨ। ਇਨ੍ਹਾਂ ਦੇ ਵਿਛੋੜੇ ਪੰਥ ਵਾਸਤੇ ਅਕਹਿ ਤੇ ਅਸਹਿ ਹਨ ਅਤੇ ਨਾਂ ਹੀ ਭੁੱਲਣ ਯੋਗ ਹਨ। ਇਨ੍ਹਾਂ ਖਾਲਿਸਤਾਨੀ ਯੋਧਿਆਂ ਦੇ ਵਾਰੋ ਵਾਰੀ ਤੁਰ ਜਾਣ ਨਾਲ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਚਲ ਰਹੀ ਜੱਦੋ ਜਹਿਦ ਵਿੱਚ ਇਨ੍ਹਾਂ ਦੀ ਘਾਟ ਹਮੇਸ਼ਾਂ ਹੀ ਰੜਕਦੀ ਰਹੇਗੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਆਗੂਆਂ ਭਾਈ ਮਨਮੋਹਨ ਸਿੰਘ ਯੂ ਕੇ ਅਤੇ ਡਾ. ਪਰਮਜੀਤ ਸਿੰਘ ਅਜ਼ਰਾਵਤ ਦੇ ਪਰਿਵਾਰਾਂ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟਾਈ ।

# ਲਾਲ ਚੌਕ 'ਚ ਕੌਮੀ ਝੰਡਾ ਲਹਿਰਾ ਕੇ ਵਿਖਾਓ-ਫ਼ਾਰੂਕ ਅਬਦੁੱਲਾ

**ਜੰਮੂ/ਬਿਊਰੋ ਨਿਊਜ਼:**
ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫ਼ਾਰੂਕ ਅਬਦੁੱਲਾ ਨੇ ਇਕ ਵਾਰ ਫਿਰ ਵਿਵਾਦਿਤ ਬਿਆਨ ਦਿੰਦਿਆਂ ਹੋਇਆ ਕੇਂਦਰ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਮਕਬੂਜ਼ਾ ਕਸ਼ਮੀਰ (ਪੀ. ਓ. ਕੇ.) ਵਿਚ ਕੌਮੀ ਝੰਡਾ ਲਹਿਰਾਉਣ ਦੀ ਗੱਲ ਕਰਨ ਤੋਂ ਪਹਿਲਾਂ ਸ੍ਰੀਨਗਰ ਦੇ ਲਾਲ ਚੌਕ 'ਤੇ ਕੌਮੀ ਝੰਡਾ ਲਹਿਰਾ ਕੇ ਵਿਖਾਉਣ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਭਾਜਪਾ ਮਕਬੂਜ਼ਾ ਕਸ਼ਮੀਰ 'ਚ ਤਿਰੰਗਾ ਲਹਿਰਾਉਣ ਦੀਆਂ ਗੱਲਾਂ ਕਰਦੇ ਹਨ ਪਰ ਮੈਂ ਉਨ੍ਹਾਂ ਨੂੰ ਆਖਦਾ ਹਾਂ ਕਿ ਪਹਿਲਾਂ ਉਹ ਸ੍ਰੀਨਗਰ ਦੇ ਲਾਲ ਚੌਕ 'ਚ ਤਿਰੰਗਾ



ਲਹਿਰਾ ਕੇ ਵਿਖਾਉਣ। ਫ਼ਾਰੂਕ ਨੇ ਕਿਹਾ ਕਿ ਉਹ ਇਥੇ ਤਾਂ ਤਿਰੰਗਾ ਨਹੀਂ ਲਹਿਰਾ ਸਕਦੇ ਗੱਲਾਂ ਮਕਬੂਜ਼ਾ ਕਸ਼ਮੀਰ ਦੀਆਂ ਕਰਦੇ ਹਨ। ਦੱਸਣਯੋਗ ਹੈ ਕਿ ਹਾਲ ਹੀ ਵਿਚ ਅਬਦੁੱਲਾ ਨੇ ਕਿਹਾ ਸੀ ਕਿ ਮਕਬੂਜ਼ਾ ਕਸ਼ਮੀਰ ਭਾਰਤ ਦਾ ਹਿੱਸਾ ਨਹੀਂ ਬਣ ਸਕਦਾ। ਉਨ੍ਹਾਂ ਆਪਣੇ ਬਿਆਨ ਦਾ ਬਚਾਅ ਕਰਦਿਆਂ ਕਿਹਾ ਕਿ ਮੈਂ ਤੱਥਾਂ ਨੂੰ ਦੱਸਿਆ ਹੈ ਅਤੇ ਮਕਬੂਜ਼ਾ ਕਸ਼ਮੀਰ ਬਾਰੇ ਜੋ ਕਿਹਾ ਸੀ ਉਹ ਸੱਚ ਸੀ। ਫ਼ਾਰੂਕ ਅਬਦੁੱਲਾ ਇਥੇ ਕਾਂਗਰਸ ਆਗੂ ਤੇ ਸੰਸਦ ਮੈਂਬਰ ਸਵਰਗੀ ਜੀ. ਐਲ. ਡੋਗਰਾ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

# ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਜੀ ਦੇ ਨਾਮ ਤੇ ਰੱਖਣ ਦੀ ਸ਼ਲਾਘਾ

**ਫਰੀਮਾਂਟ/ਬਿਊਰੋ ਨਿਊਜ਼:**
ਪੰਜਾਬ ਵਿਧਾਨ ਸਭਾ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਆਦਮਪੁਰ ਹਵਾਈ ਅੱਡੇ ਦਾ ਨਾਂ ਰੱਖਣ ਲਈ ਪਾਸ ਕੀਤੇ ਮਤੇ ਲਈ ਅਮਰੀਕਾ ਦੀਆਂ ਸਮੂਹ ਸ੍ਰੀ ਗੁਰੂ ਰਵਿਦਾਸ ਅਤੇ ਡਾ. ਬੀ ਆਰ ਅੰਬੇਡਕਰ ਸਭਾਵਾਂ, ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ ਹੈ। ਦੋਆਬੇ ਦਾ ਇਸ ਖਿੱਤੇ ਵਿਚ ਬਹੁਗਿਣਤੀ ਦਲਿਤ ਭਾਈਚਾਰੇ ਦੀ ਹੈ ਤੇ ਜਿਨ੍ਹਾਂ ਵਿਚੋਂ ਬਹੁਤੇ ਪਰਿਵਾਰ ਵਿਦੇਸ਼ਾਂ ਵਿਚ ਵੀ ਰਹਿੰਦੇ ਹਨ। ਜਿਹਾ ਕਿ ਤਜ਼ਵੀਜ਼ ਹੈ ਕਿ ਇਸ ਹਵਾਈ ਅੱਡੇ ਨੂੰ ਕੌਮਾਂਤਰੀ ਦਰਜਾ ਦਿੱਤਾ ਜਾ ਰਿਹਾ ਹੈ ਅਜਿਹਾ ਹੋਣ ਨਾਲ ਇਹ ਹਵਾਈ ਅੱਡਾ ਇੱਥੇ ਆਉਣ ਜਾਣ ਲਈ ਪੂਰੀ ਤਰਾਂ ਰੁਝੇਵਿਆਂ ਵਿਚ ਤਬਦੀਲ ਹੋ ਸਕਦਾ ਹੈ। ਪਿਟਸਬਰਗ ਗੁਰੂਘਰ ਤੋਂ ਫਕੀਰ ਚੰਦ ਮਹਿਮੀ, ਰਮੇਸ਼ ਸੁਮਨ, ਸ਼ਸ਼ੀਪਾਲ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਜੀ ਦੇ ਨਾਂ ਤੇ ਅਜਿਹਾ ਕਰਨ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾ ਰਹੀ ਹੈ। ਰਾਮ ਮੂਰਤੀ ਸਰੋਏ, ਅਮਰੀਕ ਚੰਦ ਲਾਖਾ, ਵਿਨੋਦ ਕੁਮਾਰ ਚੁੰਬਰ, ਕੇਵਲ ਸਿੰਘ, ਧਰਮਪਾਲ ਝੰਮਟ, ਸੁੱਚਾ ਰਾਮ ਭਾਰਟਾ, ਰਾਮ ਕਿਸ਼ਮ ਬੋਲੀਨਾ ਤੇ ਹੋਰਨਾਂ ਨੇ ਕਿਹਾ ਕਿ ਕੇਂਦਰ ਨੂੰ ਇਸ ਮਤੇ ਨੂੰ ਪ੍ਰਵਾਨ ਕਰਦਿਆਂ ਸ੍ਰੀ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ ਜ਼ਾਹਰ ਕਰਨੀ ਚਾਹੀਦੀ ਹੈ।

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law
Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear
Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC
Family Law • Divorce
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 Redwood Road, Suite 240 • Castro Valley CA 94546

# ਸੁਖਪਾਲ ਸਿੰਘ ਵਿਰੁਧ ਕੇਸ ਪਿੱਛੇ ਵੱਡੀ ਸਾਜਿਸ਼ ਬਾਰੇ ਬੈਂਸ ਭਰਾਵਾਂ ਵੱਲੋਂ ਜਾਰੀ ਸੀ ਡੀ ਨਾਲ ਮਾਮਲਾ ਗਰਮਾਇਆ

**ਚੰਡੀਗੜ੍ਹ/ ਬਿਊਰੋ ਨਿਊਜ਼ :**
ਲੋਕ ਇਨਸਾਫ਼ ਪਾਰਟੀ ਦੇ ਆਗੂ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਇਕ ਆਡੀਓ ਸੀ.ਡੀ. ਜਾਰੀ ਕਰ ਕੇ ਦਾਅਵਾ ਕੀਤਾ ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਕਿਸੇ ਵਿਰੋਧੀ ਤਾਕਤ ਨੇ ਵੱਡੀ ਸਾਜ਼ਿਸ਼ ਤਹਿਤ ਨਸ਼ਿਆਂ ਦੇ ਕੇਸ ਵਿੱਚ ਫਸਾਉਣ ਦਾ ਯਤਨ ਕੀਤਾ ਹੈ। ਬੈਂਸ ਭਰਾਵਾਂ ਨੇ ਦਾਅਵਾ ਕੀਤਾ ਕਿ ਇਸ ਸੀ.ਡੀ. ਵਿੱਚ ਪੰਜਾਬ ਦੇ ਸਾਬਕਾ ਡਿਪਟੀ ਐਡਵੋਕੇਟ ਜਨਰਲ ਅਮਿਤ ਚੌਧਰੀ ਇਕ ਬਰਖਾਸਤ ਪੀਸੀਐਸ ਅਧਿਕਾਰੀ ਟੀ.ਕੇ. ਗੋਇਲ ਨਾਲ ਗੱਲਬਾਤ ਕਰ ਰਹੇ ਹਨ, ਜਿਸ ਵਿੱਚ ਸ੍ਰੀ ਚੌਧਰੀ ਦਾਅਵਾ ਕਰ ਰਹੇ ਹਨ ਕਿ ਸ੍ਰੀ ਖਹਿਰਾ ਦੀ ਨਜ਼ਰਸਾਨੀ ਪਟੀਸ਼ਨ ਰੱਦ ਕਰਵਾਉਣ ਲਈ ਕੁੱਝ ਬੰਦਿਆਂ ਨੇ ਪਹੁੰਚ ਕੀਤੀ ਸੀ ਅਤੇ 35 ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ। ਆਡੀਓ ਵਿੱਚ ਹੋਰ ਵੀ ਕਾਫ਼ੀ ਕੁਝ ਕਿਹਾ ਗਿਆ। ਬੈਂਸ ਭਰਾਵਾਂ ਨੇ ਆਡੀਓ ਸੀ.ਡੀ. ਦੀ ਸੱਚਾਈ ਦਾ ਭਾਵੇਂ ਕੋਈ ਪੱਕਾ ਸਬੂਤ ਨਹੀਂ ਦਿੱਤਾ ਪਰ ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਬਤ ਉਨ੍ਹਾਂ ਕੋਲ ਵੀਡੀਓ ਵੀ ਹੈ ਅਤੇ ਢੁਕਵੇਂ ਸਮੇਂ ਉਹ ਵੀ ਜੱਗ-ਜ਼ਾਹਰ ਕਰ ਦੇਣਗੇ। ਸਿਮਰਜੀਤ ਬੈਂਸ ਨੇ ਇਸ ਮਾਮਲੇ ਦੀ ਕੇਂਦਰੀ ਜਾਂਚ ਬਿਓਰੋ (ਸੀਬੀਆਈ) ਕੋਲੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਸਬੰਧੀ ਸੋਮਵਾਰ ਸ਼ਾਮੀਂ ਬੈਂਸ ਭਰਾਵਾਂ ਅਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕਾਂ ਨੇ ਸੁਖਪਾਲ ਖਹਿਰਾ ਸਮੇਤ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਮਿਲ ਕੇ ਸੀਬੀਆਈ ਜਾਂਚ ਕਰਵਾਉਣ ਦੀ ਮੰਗ ਕੀਤੀ। ਸ੍ਰੀ ਬੈਂਸ ਨੇ ਕਿਹਾ ਕਿ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਵੀ ਮਿਲ ਕੇ ਇਸ ਮੁੱਦੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਲਈ ਕਹਿਣਗੇ ਅਤੇ ਪੰਜਾਬ ਵਿਧਾਨ ਸਭਾ ਵਿੱਚ ਵੀ ਇਸ ਆਡੀਓ ਦਾ ਮੁੱਦਾ ਉਠਾ ਕੇ ਸ੍ਰੀ ਖਹਿਰਾ ਵਿਰੁੱਧ ਘੜੀ ਸਾਜ਼ਿਸ਼ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇਗੀ ਤਾਂ ਉਹ ਇਸ ਆਡੀਓ ਬਾਰੇ ਪੂਰੇ ਸਬੂਤ ਵੀ ਅਧਿਕਾਰੀਆਂ ਅੱਗੇ ਰੱਖਣਗੇ, ਜਿਸ ਤਹਿਤ ਇਸ ਆਡੀਓ ਵਿਚਲੇ ਦੋਵੇਂ ਵਿਅਕਤੀਆਂ ਦੀ ਗੱਲਬਾਤ ਦਾ ਸਥਾਨ, ਸਮਾਂ, ਵੀਡੀਓ ਅਤੇ ਕਈ ਹੋਰ ਸਬੂਤ ਮੁਹੱਈਆ ਕੀਤੇ ਜਾਣਗੇ।



## ਸਟਿੰਗ ਮਾਮਲਾ: ਬੈਂਸ ਸਮਰਥਕਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ: ਪਟਵਾਰੀ ਦੇ ਦਫ਼ਤਰ ਵਿੱਚ ਉਸ ਦੇ ਕਰਿੰਦੇ ਵੱਲੋਂ ਕਥਿਤ ਪੈਸੇ ਲੈਣ ਦਾ ਸਟਿੰਗ ਅਪਰੇਸ਼ਨ ਕਰ ਕੇ ਵੀਡੀਓ ਫੇਸਬੁੱਕ ’ਤੇ ਪਾਉਣ ਦੇ ਮਾਮਲੇ ਵਿੱਚ ਪਟਵਾਰੀਆਂ ਨੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਸਮਰਥਕਾਂ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਹੈ। ਅੱਜ ਥਾਣਾ ਸਦਰ ਦੀ ਪੁਲੀਸ ਨੇ ਪਟਵਾਰੀ ਸੁਖਵਿੰਦਰ ਸਿੰਘ ਸੋਢੀ ਦੀ ਸ਼ਿਕਾਇਤ ’ਤੇ ਸੱਤ ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਵਿੱਚ ਵਿਧਾਇਕ ਬੈਂਸ ਦਾ ਨਾਮ ਵੀ ਸੀ, ਪਰ ਉਨ੍ਹਾਂ ਖ਼ਿਲਾਫ਼ ਕੇਸ ਦਰਜ ਨਹੀਂ ਹੋਇਆ ਹੈ।

ਸਿਮਰਜੀਤ ਸਿੰਘ ਬੈਂਸ ਨੇ ਦੋਸ਼ ਲਾਇਆ ਕਿ ਡਰੱਗ ਮਾਮਲੇ ਵਿੱਚੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਬਚਾਉਣ ਅਤੇ ਸ੍ਰੀ ਖਹਿਰਾ ਨੂੰ ਉਲਝਾਉਣ ਲਈ ਵੱਡੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਪਰ ਵੀ ਸਿਆਸੀ ਵਾਰ ਕੀਤੇ। ਬੈਂਸ ਭਰਾਵਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਇਹ ਮਾਮਲਾ ਸੀਬੀਆਈ ਹਵਾਲੇ ਕਰਨ ਦੀ ਹਿੰਮਤ ਦਿਖਾਈ ਜਾਵੇ। ਦੂਜੇ ਪਾਸੇ ਕੈਪਟਨ ਨੇ ਬਾਅਦ ਵਿੱਚ ਇਸ ਬਾਰੇ ਕਿਹਾ ਕਿ ਇਹ ਮਾਮਲਾ ਅਦਾਲਤ ਨਾਲ ਜੁੜਿਆ ਹੈ, ਇਸ ਲਈ ਸ੍ਰੀ ਬੈਂਸ ਤੇ ਸ੍ਰੀ ਖਹਿਰਾ ਨੂੰ ਅਦਾਲਤ ਤੱਕ ਪਹੁੰਚ ਕਰਨੀ ਚਾਹੀਦੀ ਹੈ। ਦੱਸਣਯੋਗ ਹੈ ਕਿ ਫਾਜ਼ਿਲਕਾ ਦੀ ਇਕ ਅਦਾਲਤ ਨੇ ਪਿਛਲੇ ਸਮੇਂ ਨਸ਼ਿਆਂ ਦੇ ਇਕ ਮਾਮਲੇ ਵਿੱਚ ਧਾਰਾ 319 ਤਹਿਤ ਸ੍ਰੀ ਖਹਿਰਾ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ ਅਤੇ ਸ੍ਰੀ ਖਹਿਰਾ ਵੱਲੋਂ ਹੇਠਲੀ ਅਦਾਲਤ ਦੀ ਇਹ ਪ੍ਰਕਿਰਿਆ ਰੋਕਣ ਲਈ ਪੰਜਾਬ ਹਾਈ ਕੋਰਟ ਵਿੱਚ ਨਜ਼ਰਸਾਨੀ ਪਟੀਸ਼ਨ ਪਾਈ ਗਈ। ਹਾਈ ਕੋਰਟ ਨੇ ਸ੍ਰੀ ਖਹਿਰਾ ਵਿਰੁੱਧ ਗੈਰ-ਜ਼ਮਾਨਤੀ ਵਾਰੰਟਾਂ ਨੂੰ ਤਾਂ ਰੱਦ ਕਰ ਦਿੱਤਾ ਪਰ ਹੇਠਲੀ ਅਦਾਲਤ ਦੀ ਪ੍ਰਕਿਰਿਆ ਉਪਰ ਰੋਕ ਨਹੀਂ ਲਾਈ। ਇਸ ਦੌਰਾਨ ਸ੍ਰੀ ਖਹਿਰਾ ਨੇ ਸੁਪਰੀਮ ਕੋਰਟ ਕੋਲੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਤੁਰੰਤ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ। ਹੈਰਾਨੀਜਨਕ ਗੱਲ ਇਹ ਹੈ ਕਿ ਬੈਂਸ ਭਰਾਵਾਂ ਵੱਲੋਂ ਆਡੀਓ ਜਾਰੀ ਕਰਨ ਮੌਕੇ ਆਮ ਆਦਮੀ ਪਾਰਟੀ (ਆਪ) ਦਾ ਕੋਈ ਨੇਤਾ ਅਤੇ ਵਿਧਾਇਕ ਮੌਜੂਦ ਨਹੀਂ ਸੀ।

ਦੂਜੇ ਪਾਸੇ ਅਮਿਤ ਚੌਧਰੀ ਨੇ ਕਿਹਾ ਕਿ ਇਹ ਆਡੀਓ ਘੜੀ ਘੜਾਈ ਜਾਪਦੀ ਹੈ ਅਤੇ ਸ੍ਰੀ ਖਹਿਰਾ ਦੇ ਮਾਮਲੇ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੋਇਲ ਉਨ੍ਹਾਂ ਕੋਲ ਇਕ ਕੇਸ ਬਾਰੇ ਜ਼ਰੂਰ ਆਏ ਸਨ ਪਰ ਅਜਿਹੀ ਕੋਈ ਗੱਲ ਨਹੀਂ ਹੋਈ।

## ਡਰੱਗਜ਼ ਕੇਸ ਵਿਚ ਜਾਂਚ ਏਜੰਸੀ ਤੋਂ ਰਿਪੋਰਟ ਮੰਗੀਂ

### *ਜਾਂਚ ਏਜੰਸੀ ਉੱਤੇ ਕੋਈ ਬੰਧਨ ਨਹੀਂ -ਹਾਈਕੋਰਟ*

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਾਫ਼ ਕਿਹਾ ਹੈ ਕਿ ਪੰਜਾਬ ਵਿਚ ਫ਼ੈਲੇ ਡਰੱਗਜ਼ ਧੰਦੇ ਦੀ ਜਾਂਚ ਕਰਨ ਲਈ ਜਾਂਚ ਏਜੰਸੀ ਸੁਤੰਤਰ ਹੈ ਅਤੇ ਇਸ ’ਤੇ ਕਿਸੇ ਵਿਰੁੱਧ ਜਾਂਚ ਨਾ ਕਰਨ ਦੀ ਕੋਈ ਪਾਬੰਦੀ ਨਹੀਂ ਹੈ। ਅਦਾਲਤ ਨੇ ਇਹ ਗੱਲ ਸਾਬਕਾ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ’ਤੇ ਲਗਾਏ ਦਾ ਰਹੇ ਦੋਸ਼ਾਂ ਦੀ ਜਾਂਚ ਦੀ ਮੰਗ ਨੂੰ ਲੈ ਕੇ ਦਾਖ਼ਲ ਅਰਜ਼ੀ ’ਤੇ ਕਹੀ ਹੈ ਤੇ ਨਾਲ ਹੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ਼.) ਕੋਲੋਂ ਜਾਂਚ ਦੀ ਸਥਿਤੀ ਰਿਪੋਰਟ ਤਲਬ ਕਰ ਲਈ ਹੈ ਤੇ ਇਹ ਵੀ ਕਿਹਾ ਹੈ ਕਿ ਮਜੀਠੀਆ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਦਾ ਸਿੱਟਾ ਵੀ ਦੱਸਿਆ ਜਾਵੇ। ਹਾਈਕੋਰਟ ਨੇ ਡਿਪਟੀ ਡਾਇਰੈਕਟਰ ਇਨਫੋਰਸਮੈਂਟ ਨਿਰੰਜਣ ਸਿੰਘ ਵਲੋਂ ਲਿਖੇ ਗੁਪਤ ਨੋਟ ’ਤੇ ਵੀ ਗ਼ੌਰ ਕਰਨ ਦੀ ਹਦਾਇਤ ਐਸ.ਟੀ.ਐਫ਼. ਨੂੰ ਕੀਤੀ ਹੈ । ਹਾਈਕੋਰਟ ਨੇ ਸਾਰੀਆਂ ਏਜੰਸੀਆਂ ਨੂੰ ਮੀਟਿੰਗ ਕਰਨ ਲਈ ਕਿਹਾ ਹੈ ਤੇ ਕਿਹਾ ਕਿ ਮੀਟਿੰਗ ਲਈ ਹਾਈਕੋਰਟ ਦੀ ਹਦਾਇਤ ਦੀ ਉਡੀਕ ਨਹੀਂ ਕੀਤੀ ਜਾਣੀ ਚਾਹੀਦੀ। ਨਸ਼ਾਮੁਕਤੀ ਕੇਂਦਰਾਂ ਬਾਰੇ ਪੰਜਾਬ ਸਰਕਾਰ ਨੂੰ ਨਿਯਮਾਂ ਵਿਚ ਸੋਧ ਕਰਨ ਲਈ ਕਿਹਾ ਹੈ ਤੇ ਕੈਮਿਸਟਾਂ ਬਾਰੇ ਪਹਿਲਾਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਹੈ, ਕਿ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਲਾਈਸੰਸਸ਼ੁਦਾ ਕੈਮਿਸਟ ਹੀ ਦੁਕਾਨਾਂ ਚਲਾ ਰਹੇ ਹੋਣ ਅਤੇ ਦੁਕਾਨਾਂ ’ਤੇ ਉਨ੍ਹਾਂ ਦੇ ਲਾਈਸੰਸ ਪਰਦਰਸ਼ਿਤ ਕੀਤੇ ਹੋਏ ਹੋਣ।

**ਖਹਿਰਾ ਤੇ ਬੈਂਸ ਨੇ ਮਾਮਲਾ ਚੀਫ਼ ਜਸਟਿਸ ਦੇ ਧਿਆਨ ’ਚ ਲਿਆਂਦਾ**

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ਼ ਪਾਰਟੀ ਦੇ ਨੇਤਾ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਵਲੋਂ ਮੰਗਲਵਾਰ ਸ਼ਾਮ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਐਸ.ਜੇ. ਵਜੀਫਦਾਰ ਨਾਲ ਮੁਲਾਕਾਤ ਕੀਤੀ ਗਈ। ਖਹਿਰਾ ਵਿਰੁੱਧ ਡਰੱਗ ਕੇਸ ਦੇ ਟਰਾਇਲ ਦੇ ਸਬੰਧ ਵਿਚ ਛਿੜੇ ਵਿਵਾਦ ਸਬੰਧੀ ਮੁਲਾਕਾਤ ਕਰਨ ਲਈ ਬੈਂਸ ਅਤੇ ਖਹਿਰਾ ਨੇ ਚੀਫ਼ ਜਸਟਿਸ ਕੋਲੋਂ ਸਮਾਂ ਮੰਗਿਆ ਗਿਆ ਸੀ ਤੇ ਮੰਗਲਵਾਰ ਸ਼ਾਮ ਦਾ ਸਮਾਂ ਤੈਅ ਹੋਇਆ ਸੀ। ਦੋਵੇਂ ਨੇਤਾਵਾਂ ਨੇ ਚੀਫ਼

ਬਾਕੀ ਸਫ਼ਾ 32 ’ਤੇ

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# ਗੁਰਦੁਆਰਾ ਪੈਲਾਟਾਈਨ ਸਾਹਿਬ ਵਿਖੇ ਨੌਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ






**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿੱਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਸਾਂਝੇ ਤੌਰ ਤੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਸ਼ਹੀਦੀ ਦਿਹਾੜਾ ਮਨਾਇਆ। ਸ਼ੁੱਕਰਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਗਏ ਸਨ ਤੇ ਜਿਨ੍ਹਾਂ ਦੇ ਭੋਗ ਐਤਵਾਰ ਪਾਏ ਗਏ। ਵਿਸ਼ੇਸ਼ ਗਲ ਇਹ ਰਹੀ ਕਿ ਸੰਗਤਾਂ ਵਲੋਂ ਬਾਣੀ ਆਪ ਪੜ੍ਹ ਕੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸ਼ਹੀਦੀ ਪ੍ਰਤੀ ਸੰਗਤਾਂ ਨੂੰ ਕਥਾ ਸਰਵਣ ਕਰਵਾਈ ,ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਦੀ ਸੇਵਾ ਨਿਵਾਈ ਗਈ ਤੇ ਵਿਸ਼ੇਸ਼ ਤੌਰ ਪ੍ਰਬੰਧਕਾਂ ਦੇ ਸੱਦੇ ਤੇ ਪਹੁੰਚੇ ਭਾਈ ਜੀਤ ਸਿੰਘ ਜੱਬਲਪੁਰ ਵਾਲਿਆਂ ਦੇ ਕੀਰਤਨੀ ਜਥੇ ਵਲੋਂ ਕੀਰਤਨ ਤੇ ਕਥਾ ਰਾਹੀਂ ਹਾਜਰੀ ਲਗਵਾਈ ਤੇ ਸੰਗਤਾਂ ਨੂੰ ਜਿਥੇ ਉਨਾਂ ਸ੍ਰੀ ਗੁਰੂ ਤੇਗਬਹਾਦਰ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆ ਉਥੇ ਹੀ ਸ਼ਹੀਦ ਭਾਈ ਮਤੀ ਦਾਸ, ਸ਼ਹੀਦ ਭਾਈ ਸਤੀ ਦਾਸ ਤੇ ਸ਼ਹੀਦ ਭਾਈ ਦਿਆਲਾ ਜੀ ਦੀ ਸ਼ਹੀਦੀ ਦਾ ਇਤਿਹਾਸ ਵੀ ਸਰਵਣ ਕਰਵਾਇਆ।

ਇਸ ਤੋਂ ਇਲਾਵਾ ਕਾਰਸੇਵਕਾਂ ਵਲੋਂ ਉਪਰਾਲਾ ਕਰ ਕੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਸੰਗਤਾਂ ਤੇ ਵਿਸ਼ੇਸ਼ ਕਰਕੇ ਬੱਚਿਆਂ ਵਾਸਤੇ ਪ੍ਰਦਰਸ਼ਨੀ ਲਾਈ ਗਈ ਜਿਸ ਨੂੰ ਸੰਗਤਾਂ ਨੇ ਬਹੁਤ ਸਲਾਹਿਆ ।

## ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਨਹੋਜ਼ੇ/ਬਿਊਰੋ ਨਿਊਜ਼:**
ਸਿੱਖ ਗੁਰਦੁਆਰਾ ਸਡੇਨ ਹੋਜ਼ੇ (CFCF Murilo Aye Gurdwara Road Sanjose CA 95148) ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਪਰਪਤਿ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਭਾਰਤ ਵਹਿਮਾਂ ਭਰਮਾਂ, ਤੁਅਸਬ, ਵੈਰ ਵਿਰੋਧ ਦਾ ਸ਼ਿਕਾਰ ਸੀ। ਗੁਰੂ ਨਾਨਕ ਦੇਵ ਜੀ ਨੇ ਸਾਂਝੀ ਮਨੁੱਖਤਾ ਦੇ ਉਧਾਰ ਲਈ ਚਾਰ ਸਮਾਜ ਸੁਧਾਰਿਕ ਯਾਤਰਾਵਾਂ ਕੀਤੀਆਂ ਜਿਨ੍ਹਾਂ ਦਾ ਮੰਤਵ ਸਮਾਜਿਕ ਸਾਵਾਂਪਣ ਵਿਸ਼ਵ ਭਾਈਚਾਰਾ ਬਨਾਉਣਾ, ਫਿਰਕਾਪ੍ਰਸਤੀ ਨੂੰ ਤੋੜਨਾ, ਵਹਿਮਾਂ ਭਰਮਾਂ ਨੂੰ ਦੂਰ ਕਰਨਾ ਅਤੇ ਗੀਤੀ ਰਿਵਾਜਾਂ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣਾ ਸੀ। ਉਨ੍ਹਾਂ ਦੇ ਧਰਮ ਸੰਕਲਪ ਵਿਚ ਲੋਕਾਂ ਦਾ ਇੱਕ ਰੱਬ ਵਿਚ ਵਿਸ਼ਵਾਸ ਜਗਾਉਣਾ ਸੀ।

ਧਾਰਮਿਕ ਕਵੀ-ਦਰਬਾਰ ਦੇ ਦੌਰ ਵਿਚ ਜਸਦੀਪ ਸਿੰਘ, ਫਰੀਂਟੰਟ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਤੇਜਿੰਦਰ ਸਿੰਘ ਤੇ ਬੀਬੀ ਇੰਦਰਜੀਤ ਕੌਰ ਨੇ ਅਪਣੀਆਂ ਰਚਨਾਵਾਂ ਸੁਣਾਈਆਂ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਸੁਖਦੇਵ ਸਿੰਘ ਬੈਨੀਵਾਲ ਨੇ ਕਵੀਆਂ ਦਾ ਸਨਮਾਨ ਕਰਦੇ ਹੋਏ ਕਿਹਾ ਕਿ ਇੱਥੋਂ ਦੇ ਹੀ ਅਮਰੀਕੀ ਪੰਜਾਬੀ ਕਵੀ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਰ ਤੋਂ ਸੇਧ ਲੈ ਕੇ ਸਮੇਂ ਸਮੇਂ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ। ਹਮੇਸ਼ਾਂ ਖਾਸ ਪੁਰਬਾਂ ਤੇ ਇਨ੍ਹਾਂ ਨੂੰ ਸੱਦਾ ਦਿੱਤਾ ਜਾਂਦਾ ਹੈ।

# ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼ ਸਮਾਗਮ

**ਫਰਿਜ਼ਨੋ(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):**
ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸਭ ਤੋਂ ਪੁਰਾਤਨ ਪਹਿਲੇ ਗੁਰੂਘਰ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਮੌਕੇ ਅਖੰਡ ਪਾਠ ਦੇ ਭੋਗ ਦੌਰਾਨ ਗੁਰਮਤਿ ਸਮਾਗਮ ਹੋਏ। ਜਿਨ੍ਹਾਂ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਅਤੇ ਕੀਰਤਨੀਏ ਭਾਈ ਰਣਜੀਤ ਸਿੰਘ ਜੀ ਨੇ ਗੁਰਬਾਣੀ ਕੀਰਤਨ ਅਤੇ ਸਿੱਖ ਇਤਿਹਾਸ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ।ਇਸ ਸਮੇਂ



ਭਾਈ ਕੁਲਵੰਤ ਸਿੰਘ ਖਹਿਰਾ ਨੇ ਧਾਰਮਿਕ ਕਵਿਤਾਵਾਂ ਸੁਣਾ ਕੇ ਹਾਜ਼ਰੀ ਭਰੀ ਜਦਕਿ ਕੈਲੀਫੋਰਨੀਆਂ ਦੀ ਪ੍ਰਮੁੱਖ ਗਾਇਕਾ ਬੀਬੀ ਜੋਤ ਰਣਜੀਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਦੀ ਸ਼ਹੀਦੀ ਦਾ ਸਮੁੱਚਾ ਇਤਿਹਾਸ ਸੰਗਤਾਂ ਨੂੰ ਵੀਰ ਰਸ ਵਾਲੀ ਗਾਇਕੀ ਰਾਹੀਂ ਸੁਣਾਇਆ। ਇਸ ਤੋਂ ਇਲਾਵਾ ਅਵਤਾਰ ਸਿੰਘ ਗਰੇਵਾਲ ਅਤੇ ਸਤਿਨਾਮ ਸਿੰਘ ਨੇ ਵੀ ਹਾਜ਼ਰੀ ਭਰੀ।

ਵਰਨਣਯੋਗ ਹੈ ਕਿ ਇਹ ਸਮਾਗਮ ਅੰਤ ਸਿੱਖ ਇਤਿਹਾਸ ਨਾਲ ਨਵੀਂ ਪੀੜੀ ਨੂੰ ਸਾਂਝਾ ਦਾ ਸੁਨੇਹਾ ਦਿੰਦਾ ਹੋਇਆ ਯਾਦਗਾਰੀ ਹੋ ਨਿਬੜਿਆ। ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆਂ। ਸਮੁੱਚੇ ਸਮਾਗਮਾਂ ਦੀ ਸੇਵਾ ਸ. ਦਰਸ਼ਨ ਸਿੰਘ ਬਰਾੜ ਵੱਲੋਂ ਕੀਤੀ ਗਈ ਸੀ।

# 1984 ਸਿੱਖ ਨਸਲਕੁਸ਼ੀ ਦੇ ਸਬੰਧ 'ਚ ਆਖਰੀ ਪਟੀਸ਼ਨ ਕੈਂਪ ਲਗਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਘੰਟਾ ਘਰ ਦੇ ਸਾਹਮਣੇ ਜੋੜਾ ਘਰ ਦੇ ਪਾਸ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਵਿਰੋਧ ਵਿੱਚ ਆਖਰੀ ਪਟੀਸ਼ਨ ਕੈਂਪ ਲਗਾਇਆ ਗਿਆ ਜਿਸ ਵਿੱਚ ਸਿੱਖ ਸੰਗਤਾ ਨੇ ਬੜੇ ਉਤਸ਼ਾਹ ਨਾਲ ਦਸਤਖਤ ਕੀਤੇ। ਆਲ ਇੰਡੀਆਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹਮੰਦ ਵੱਲੋਂ ਸਮੂਹ ਸਿੱਖ ਕੌਮ ਅਤੇ ਮਾਨਵਤਾ ਨੂੰ ਸਮਰਪਿਤ ਹਰੇਕ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਕੈਂਪ ਵਿੱਚ ਪਹੁੰਚ ਕੇ ਇਸ ਪਟੀਸ਼ਨ ਉਪਰ ਦਸਤਖਤ ਕਰਨ ਉਹਨਾ ਕਿਹਾ ਹੈ ਕਿ ਮਨੁੱਖੀ ਅਧਿਕਾਰ ਸੰਸਥਾ ਵੱਲੋਂ ਨਵੰਬਰ 1984 ਨਸਲਕੁਸ਼ੀ ਵਿਰੁੱਧ ਜੋ ਪਟੀਸ਼ਨ ਵਾਈਟ ਹਾਊਸ ਅਮਰੀਕਾ ਦੀ ਵੈਬਸਾਈਟ ਉਪਰ ਪਾਈ ਗਈ ਹੈ ਉਸ ਦਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋ ਪੂਰਨ ਸਮਰਥਨ ਕੀਤਾ ਗਿਆ ਹੈ ਆਪ ਵੀ ਇਸ ਪਟੀਸ਼ਨ ਤੇ ਦਸਤਖਤ ਕਰੋ ਉਨ੍ਹਾਂ ਪ੍ਰੈੱਸ ਨੂੰ ਲਿਖਤੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਵਾਈਟ ਹਾਊਸ ਦੀ ਵੈਬਸਾਈਟ ਉਪਰ ਇੱਕ ਲੱਖ ਪੰਦਰਾਂ ਹਜਾਰ ਤੋ ਉਪਰ ਦਸਤਖਤ ਕਰਵਾਏ ਗਏ ਹਨ । ਉਨ੍ਹਾਂ ਦੱਸਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ




ਗਗਨਦੀਪ ਸਿੰਘ ਰਿਆੜ ਅਤੇ ਮਾਲਵਾ ਖੇਤਰ ਦੇ ਇੰਚਾਰਜ ਪ੍ਰਭਜੋਤ ਸਿੰਘ ਫਰੀਦਕੋਟ ਦੀ ਅਗਵਾਈ ਹੇਠ ਲਗਾਏ ਗਏ ਆਖਰੀ ਦਿਨ ਦੇ ਪਟੀਸ਼ਨ ਕੈਂਪ ਵਿੱਚ ਵੀ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਆਮ ਲੋਕਾਂ ਅਤੇ ਸਿੱਖ ਸੰਗਤਾਂ ਨੇ ਦਸਤਖਤ ਮੁਹਿੰਮ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਮਨੁੱਖੀ ਅਧਿਕਾਰ ਸੰਗਠਨ ਦਾ ਸਾਥ ਦਿੱਤਾ ਹੈ। ਇਸ ਗੱਲ ਦੀ ਸੰਤੁਸ਼ਟੀ ਪ੍ਰਗਟ ਕਰਦਿਆ ਕਰਨੈਲ ਸਿੰਘ ਪੀਰਮੁਹਮੰਦ ਨੇ ਦੱਸਿਆ ਕਿ ਫੈਡਰੇਸ਼ਨ ਮਹਿਸੂਸ ਕਰਦੀ ਹੈ ਇਨਸਾਫ ਪ੍ਰਾਪਤੀ ਲਈ ਯਤਨਸ਼ੀਲ ਰਹਿਣ ਵਾਲੇ ਸਾਰੇ ਲੋਕ ਇਨਸਾਫ ਲਈ ਇਕਜੁੱਟ ਹੋਣ ਸਰਕਾਰਾਂ ਸਿੱਖਾਂ ਦੇ ਕਾਤਲਾਂ ਨੂੰ ਬਚਾਉਂਦੀਆਂ ਆ ਰਹੀਆਂ ਨੇ. ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰਮੁਹਮੰਦ ਨੇ ਕਿਹਾ ਕਿ ਫੈਡਰੇਸ਼ਨ ਵੱਲੋਂ ਲੰਮੇ ਸਮੇ ਤੋ ਇਨਸਾਫ ਪ੍ਰਾਪਤੀ ਲਈ ਯਤਨਸ਼ੀਲ ਹੋਕੇ ਜੋ ਸੰਘਰਸ਼ ਲੜਿਆ ਜਾ ਰਿਹਾ ਹੈ ਉਹ ਹੁਣ ਅਹਿਮ ਪੜਾਅ ਤੇ ਹੈ ਉਨ੍ਹਾਂ ਸਮੂਹ ਸਿੱਖ ਕੌਮ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਹੁਣ ਅਮਰੀਕਾ ਸਰਕਾਰ ਨਵੰਬਰ 1984 ਸਿੱਖ ਨਸਲਕੁਸ਼ੀ ਵਿਰੁੱਧ ਜਰੂਰ ਸਾਡੀ ਅਵਾਜ ਬੁਲੰਦ ਕਰਨ ਲਈ ਭਾਰਤ ਸਰਕਾਰ ਉਪਰ ਦਬਾਅ ਪਾਵੇਗੀ।


ACURA
AutoNation Acura Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਅਦਾਲਤ ਦੇ ਲਿਖਤੀ ਹੁਕਮਾਂ ਦੇ ਬਾਵਜੂਦ ਪੰਜਾਬ ਪੁਲਿਸ ਨੇ ਬਰਤਾਨਵੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਜਗਤਾਰ ਸਿੰਘ ਜੱਗੀ ਨਾਲ ਇਕੱਲਿਆਂ ਵਿਚ ਨਹੀਂ ਮਿਲਣ ਦਿੱਤਾ

**ਲੁਧਿਆਣਾ/ਸਿੱਖ ਸਿਆਸਤ ਬਿਊਰੋ**, ਬਰਤਾਨਵੀ ਦੂਤਘਰ ਦੇ ਨੁਮਾਇੰਦਿਆਂ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਨੂੰ ਮਿਲਣ ਨਹੀਂ ਦਿੱਤਾ ਗਿਆ। ਹਾਲਾਂਕਿ ਸ਼ੁਕਰਵਾਰ (24 ਨਵੰਬਰ, 2017)



ਲੁਧਿਆਣਾ ਦੇ ਡਿਊਟੀ ਮੈਜਿਸਟ੍ਰੇਟ ਨੇ ਜਗਤਾਰ ਸਿੰਘ ਜੱਗੀ ਦੀ ਬੇਨਤੀ 'ਤੇ ਪੰਜਾਬ ਪੁਲਿਸ ਨੂੰ ਲਿਖਤੀ ਤੌਰ 'ਤੇ ਇਹ ਹੁਕਮ ਦਿੱਤਾ ਸੀ ਕਿ 24 ਨਵੰਬਰ ਨੂੰ ਸ਼ਾਮੀਂ 6:00 ਵਜੇ ਤੋਂ 7 ਵਜੇ ਤਕ ਐਂਡਰਿਊ ਐਰੀ ਦੀ ਅਗਵਾਈ 'ਚ ਬਰਤਾਨਵੀ ਹਾਈ ਕਮਿਸ਼ਨ ਨੂੰ ਜੱਗੀ ਨੂੰ "ਇਕੱਲਿਆਂ" 'ਚ ਮਿਲਵਾਇਆ ਜਾਵੇ।

ਜਗਤਾਰ ਸਿੰਘ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਪੁਲਿਸ ਨੇ "ਤਕਨੀਕੀ ਕਾਰਨਾਂ" ਦਾ ਹਵਾਲਾ ਦਿੰਦਿਆਂ ਬਰਤਾਨਵੀ ਨੁਮਾਇੰਦਿਆਂ ਨੂੰ ਜਗਤਾਰ ਸਿੰਘ ਜੱਗੀ ਨਾਲ ਨਹੀਂ ਮਿਲਣ ਦਿੱਤਾ ਗਿਆ। ਪੁਲਿਸ ਵਲੋਂ ਮੁਲਾਕਾਤ ਦੀ ਇਜਾਜ਼ਤ ਨਾ ਦੇਣ 'ਤੇ ਡਿਪਟੀ ਕਮਿਸ਼ਨਰ ਚੰਡੀਗੜ੍ਹ ਵਾਪਸ ਮੁੜ ਗਏ, ਪਰ ਨੁਮਾਇੰਦਿਆਂ ਵਿਚ ਸ਼ਾਮਲ ਦੋ ਹੋਰ ਮੈਂਬਰ ਜੂਲੀ ਮਿਸ਼ੇਲ ਅਤੇ ਪੱਲਵੀ ਜੈਰਥ ਲੁਧਿਆਣਾ ਵਿਚ ਹੀ ਰੁਕੇ ਰਹੇ। ਪੁਲਿਸ ਨੇ ਬਰਤਾਨਵੀ ਹਾਈ ਕਮਿਸ਼ਨ ਦੇ ਦੋ ਨੁਮਾਇੰਦਿਆਂ ਨੂੰ ਜਗਤਾਰ ਸਿੰਘ ਜੱਗੀ ਨਾਲ 25 ਨਵੰਬਰ ਸਵੇਰੇ 11:30 ਵਜੇ ਤੋਂ 12:15 ਵਜੇ ਤਕ ਮਿਲਣ ਦੀ ਇਜਾਜ਼ਤ ਦਿੱਤੀ, ਪਰ ਪੁਲਿਸ ਨੇ ਉਨ੍ਹਾਂ ਨੂੰ ਇਕੱਲਿਆਂ ਵਿਚ ਮਿਲਣ ਨਹੀਂ ਦਿੱਤਾ। ਵਕੀਲ ਮੰਝਪੁਰ ਨੇ ਦਾਅਵਾ ਕੀਤਾ, "ਅਦਾਲਤ ਦੇ ਹੁਕਮ ਦੇ ਬਾਵਜੂਦ ਪੁਲਿਸ ਨੇ "ਇਕੱਲਿਆਂ" 'ਚ ਮੁਲਾਕਾਤ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਦੋ ਸੀਨੀਅਰ ਪੁਲਿਸ ਅਧਿਕਾਰੀ ਬਰਤਾਨਵੀ ਹਾਈ ਕਮਿਸ਼ਨ ਅਤੇ ਜਗਤਾਰ ਸਿੰਘ ਜੱਗੀ ਦੀ ਮੁਲਾਕਾਤ ਵੇਲੇ ਪੂਰਾ ਸਮਾਂ ਉਥੇ ਮੌਜੂਦ ਰਹੇ।"

ਉਨ੍ਹਾਂ ਕਿਹਾ, "ਬੇਨਤੀ "ਇਕੱਲਿਆਂ" ਮਿਲਣ ਲਈ ਸੀ ਜਿਸਦੀ ਕਿ ਅਦਾਲਤ ਨੇ ਇਜਾਜ਼ਤ ਦਿੱਤੀ ਸੀ ਪਰ ਪੁਲਿਸ ਨੇ ਅਜਿਹਾ ਨਹੀਂ ਹੋਣ ਦਿੱਤਾ। ਦੋ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਨਾਲ ਮੁਲਾਕਾਤ ਦਾ ਮਕਸਦ ਪੂਰਾ ਨਹੀਂ ਹੋਇਆ।"

ਜਦੋਂ ਵਕੀਲ ਮੰਝਪੁਰ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਮਸਲਾ ਅਗਲੀ ਅਦਾਲਤੀ ਸੁਣਵਾਈ ਵੇਲੇ ਚੁੱਕਿਆ ਜਾਵੇਗਾ।



ਅਦਾਲਤ 'ਚ ਬਰਤਾਨਵੀ ਹਾਈ ਕਮਿਸ਼ਨ ਦੇ ਨੁਮਾਇੰਦੇ।

## ਜੱਗੀ ਜੌਹਲ ਉੱਤੇ ਤਸ਼ੱਦਦ ਨਹੀਂ ਕੀਤਾ ਜਾ ਰਿਹਾ : ਕੈਪਟਨ

### *ਵਕੀਲ ਮੰਝਪੁਰ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਦਾਅਵੇ ਨੂੰ ਝੁਠਲਾਇਆ*

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਕਾਟਿਸ਼/ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ 'ਤੇ ਪੰਜਾਬ ਪੁਲਿਸ ਵਲੋਂ ਹਿਰਾਸਤ 'ਚ ਤਸ਼ੱਦਦ ਕਰਨ ਦੇ ਦੋਸ਼ ਝੂਠ ਹਨ। ਵਰਨਣਯੋਗ ਹੈ ਕਿ ਸਕਾਟਲੈਂਡ ਦੇ ਜੰਮਪਲ ਜਗਤਾਰ ਸਿੰਘ ਜੌਹਲ 'ਤੇ ਭਾਰਤ ਦੀ ਪੁਲਿਸ ਵਲੋਂ ਹਿਰਾਸਤ 'ਚ ਕੀਤੇ ਗਏ ਤਸ਼ੱਦਦ ਦਾ ਮਾਮਲਾ ਬੀਤੇ ਦਿਨੀਂ ਬਰਤਾਨੀਆ ਦੀ ਸੰਸਦ ਹਾਊਸ ਆਫ ਕਾਮਨਸ' 'ਚ ਚੁੱਕਿਆ ਗਿਆ ਸੀ।

ਮੀਡੀਆ ਨਾਲ ਗੱਲ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਸੀ ਕਿ ਜੱਗੀ ਦੇ ਕੇਸ ਵਿਚ "ਕਾਨੂੰਨੀ ਪ੍ਰਕ੍ਰਿਆ ਦਾ ਪਾਲਣ" ਕੀਤਾ ਗਿਆ।

ਅੰਗ੍ਰੇਜ਼ੀ ਅਖ਼ਬਾਰ 'ਦ ਟ੍ਰਿਬਿਊਨ' 'ਚ ਛਪੀ ਖ਼ਬਰ ਮੁਤਾਬਕ ਮੁੱਖ ਮੰਤਰੀ ਨੇ ਕਿਹਾ, "ਦੋਸ਼ੀ ਉੱਤੇ ਕੋਈ ਤਸ਼ੱਦਦ ਨਹੀਂ ਹੋਇਆ"। ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਜਗਤਾਰ ਸਿੰਘ ਜੱਗੀ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਜਗਤਾਰ ਸਿੰਘ ਨੂੰ ਪੁਲਿਸ ਨੇ ਆਪਣੀ ਹਿਰਾਸਤ ਵਿਚ 5, 6 ਅਤੇ 7 ਨਵੰਬਰ ਨੂੰ ਸਰੀਰਕ ਤਕਲੀਫ ਦਿੱਤੀ ਸੀ।

ਵਕੀਲ ਮੰਝਪੁਰ ਨੇ ਸਵਾਲ ਕੀਤਾ, "ਅਮਰਿੰਦਰ ਸਿੰਘ ਕਿਵੇਂ ਦਾਅਵਾ ਕਰ ਸਕਦੇ ਹਨ ਕਿ ਤਸ਼ੱਦਦ ਨਹੀਂ ਹੋਇਆ, ਕੀ ਉਹ ਖੁਦ ਪੁੱਛਗਿੱਛ ਵੇਲੇ ਉਥੇ ਮੌਜੂਦ ਸਨ? ਕੇਵਲ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੀ ਸੱਚ ਦੱਸ ਸਕਦਾ ਹੈ, ਜਿਸ ਦੀ ਕਿ ਮੈਡੀਕਲ ਮਾਹਰਾਂ ਦੀ ਟੀਮ ਵਲੋਂ ਜਾਂਚ ਕੀਤੀ ਜਾ ਸਕਦੀ ਹੈ। ਪੁਲਿਸ ਨੇ ਜਗਤਾਰ ਸਿੰਘ ਜੌਹਲ ਨੂੰ ਕਾਨੂੰਨੀ ਸਹਾਇਤਾ ਤੋਂ ਮਹਿਰੂਮ ਰੱਖਿਆ ਗਿਆ ਅਤੇ 10 ਨਵੰਬਰ ਨੂੰ ਬਾਘਾਪੁਰਾਣਾ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਦੀ ਬਜਾਏ ਚਾਲਬਾਜ਼ੀ ਕਰਦਿਆਂ ਮੋਗਾ 'ਚ ਇਕ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰ ਦਿੱਤਾ।"

ਉਨ੍ਹਾਂ ਕਿਹਾ ਕਿ ਜੇ ਪੰਜਾਬ ਪੁਲਿਸ ਨੇ ਜਗਤਾਰ ਸਿੰਘ ਜੱਗੀ ਨੂੰ ਹਿਰਾਸਤ 'ਚ ਸਰੀਰਕ ਤਕਲੀਫਾਂ ਨਹੀਂ ਦਿੱਤੀਆਂ ਤਾਂ ਉਸਨੇ ਅਦਾਲਤ 'ਚ ਮੈਡੀਕਲ ਜਾਂਚ ਦੀ ਅਰਜ਼ੀ ਦਾ ਵਿਰੋਧ ਕਿਉਂ ਕੀਤਾ, ਇਸਦਾ ਮਤਲਬ ਸਾਫ ਹੈ ਕਿ ਉਹ ਕੁਝ ਛੁਪਾਉਣਾ ਚਾਹੁੰਦੇ ਸੀ।

ਵਕੀਲ ਨੇ ਦਾਅਵਾ ਕੀਤਾ ਕਿ ਅਮਰਿੰਦਰ ਸਿੰਘ ਦਾ ਬਿਆਨ ਆਧਾਰਹੀਨ ਹੈ ਅਤੇ ਜੱਗੀ 'ਤੇ ਪੰਜਾਬ ਪੁਲਿਸ ਨੇ ਹਿਰਾਸਤ 'ਚ ਤਸ਼ੱਦਦ ਕੀਤਾ ਸੀ।

## ਜਗਤਾਰ ਸਿੰਘ ਜੱਗੀ ਨੂੰ ਰਿਹਾਅ ਕੀਤਾ ਜਾਵੇ : ਖਾਲਸਾ

**ਕਨੈਕਟੀਕਟ/ਹੁਸਨ ਲੜੋਆ ਬੰਗਾ:** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ਼ ਜਸਟਿਸ ਨੇ ਯੂਕੇ ਦੇ ਨਾਗਰਿਕ ਜਗਤਾਰ ਸਿੰਘ



ਜੱਗੀ ਜੌਹਲ ਦੀ ਅੱਤਵਾਦ ਐਕਟ ਦੇ ਅਧੀਨ ਨਾਜਾਇਜ਼ ਗ੍ਰਿਫ਼ਤਾਰੀ ਤੇ ਪੁਲਿਸ ਤਸ਼ੱਦਦ ਕਰਨ ਦੀ ਨਿਖੇਧੀ ਕਰਦਿਆਂ ਕੈਪਟਨ ਸਰਕਾਰ ਦੇ ਦਖਲ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਦਾ ਅਕਸ ਪੂਰੀ ਦੁਨੀਆਂ ਵਿਚ ਵਿਗੜਿਆ ਹੈ ਤੇ ਸਿੱਖਾਂ ਉਪਰ ਤੇ ਦੂਸਰੇ ਦੇਸ਼ਾਂ ਦੇ ਨਾਗਰਿਕਾਂ ਉਪਰ ਕਿਵੇਂ ਝੂਠੇ ਕੇਸ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਰਤਾਨੀਆ ਵਿਚ ਜੰਮੇ-ਪਲੇ ਵਿਅਕਤੀ ਜਗਤਾਰ ਸਿੰਘ ਜੱਗੀ ਨਾਲ ਪੰਜਾਬ ਪੁਲਿਸ ਵੱਲੋਂ ਕੀਤੇ ਜਾ ਰਿਹਾ ਵਤੀਰਾ ਭੈਅਭੀਤ ਕਰਨ ਵਾਲਾ ਹੈ। ਸਿੱਖ ਕਤਲੇਆਮ ਬਾਰੇ ਵੈੱਬਸਾਈਟ ਚਲਾਉਣੀ ਤੇ ਰਸਾਲਾ ਕੱਢਣਾ ਕੋਈ ਅਪਰਾਧ ਨਹੀਂ। ਪੰਜਾਬ ਪੁਲਿਸ ਵੱਲੋਂ ਅਪਰਾਧਿਕ ਦੋਸ਼ਾਂ ਅਧੀਨ ਗ੍ਰਿਫ਼ਤਾਰ ਕੀਤੇ ਗਏ ਬ੍ਰਿਟਿਸ਼ ਨਾਗਰਿਕ ਜੌਹਲ ਉਤੇ ਤਸ਼ੱਦਦ ਕੀਤੇ ਜਾਸ ਦਰਾ ਸਖ਼ਤ ਨੋਟਿਸ ਲੈਂਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੌਹਲ ਨੂੰ ਆਪਣੀ ਬੇਗੁਨਾਹੀ ਸਾਬਿਤ ਕੀਤੇ ਜਾਣ ਦੇ ਮੌਕੇ ਦਿੱਤੇ ਜਾਣ। ਇਸ ਦੇ ਨਾਲ ਉਸ ਨੂੰ ਦਿੱਤੇ ਗਏ ਸਰੀਰਕ ਤਸੀਹਿਆਂ ਦੀ ਵੀ ਜਾਂਚ ਕਰਵਾਈ ਜਾਏ।

ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਜੇ ਜਗਤਾਰ ਸਿੰਘ ਜੌਹਲ ਕਿਸੇ ਵੀ ਤਰ੍ਹਾਂ ਦਾ ਅਪਰਾਧੀ ਹੁੰਦਾ ਤਾਂ ਉਸ ਨੂੰ ਇਸ ਦੇਸ਼ ਵਿਚ ਵਿਆਹ ਕਰਨ ਲਈ ਆਉਣ ਦੀ ਕੀ ਲੋੜ ਸੀ? ਇਹ ਜਾਣ ਬੁੱਝ ਕੇ ਸਾਜ਼ਿਸ਼ ਰਚੀ ਗਈ। ਹੁਣ ਇੰਗਲੈਂਡ ਸਰਕਾਰ ਨੂੰ ਵੀ ਕਹਿਣਾ ਪੈ ਰਿਹਾ ਹੈ ਕਿ ਭਾਰਤ ਸਰਕਾਰ ਅਜਿਹੀਆਂ ਹਰਕਤਾਂ ਤੋਂ ਬਾਜ਼ ਆਏ ਨਹੀਂ ਤਾਂ ਇੰਗਲੈਂਡ ਸਰਕਾਰ ਸਖ਼ਤ ਕਦਮ ਚੁੱਕੇਗੀ।

ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਲਈ ਸਿੱਖਾਂ ਨੇ 85× ਕੁਰਬਾਨੀਆਂ ਕੀਤੀਆਂ ਹਨ। ਸਭ ਤੋਂ ਵੱਧ ਸ਼ਹਾਦਤਾਂ ਦਿੱਤੀਆਂ ਹਨ, ਜਿਸ ਕਰਕੇ ਸਮੁੱਚਾ ਭਾਰਤ ਅਜ਼ਾਦੀ ਦਾ ਨਿੱਘ ਮਾਣ ਰਿਹਾ ਹੈ, ਪਰ ਜੋ ਸਿੱਖਾਂ ਨਾਲ ਭਾਰਤ ਸਰਕਾਰ ਵੱਲੋਂ ਵਿਹਾਰ ਕੀਤਾ ਜਾ ਰਿਹਾ ਹੈ, ਉਹ ਅਫਸੋਸਨਾਕ ਹੈ ਤੇ ਚਿੰਤਾਜਨਕ ਵੀ ਹੈ। ਇਸ ਸਬੰਧ ਵਿਚ ਮੋਦੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤੇ ਸੰਸਦ ਵਿਚ ਇਸ ਕਤਲੇਆਮ ਨੂੰ ਸਰਕਾਰੀ ਨਸਲਕੁਸ਼ੀ ਕਰਾਰ ਦਿੱਤਾ ਜਾਵੇ।

## ਧਰਮਪ੍ਰੀਤ ਸਿੰਘ ਜੱਸੜ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**, ਪਿਛਲੇ ਦਿਨੀ ਫਰਿਜ਼ਨੋ ਦੇ ਲਾਗਲੇ ਸ਼ਹਿਰ ਮਡੇਰਾ ਦੇ ਟਾਕਲ ਬੌਕਸ ਗੈਸ ਸਟੇਸ਼ਨ ਤੇ ਰੌਬਰੀ ਦੌਰਾਂਨ ਪੰਜਾਬੀ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਜਿਸ ਦਾ ਪਿਛਲਾ ਪਿੰਡ ਖੋਥੜਾ (ਫਗਵਾੜਾ) ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਇਸ ਨੌਜਵਾਨ ਦਾ ਅੰਤਿਮ ਸੰਸਕਾਰ ਲੰਘੇ ਐਤਵਾਰ ਫਰਿਜ਼ਨੋ ਦੇ ਸ਼ਾਂਤ ਭਵਨ ਫਿਊਨਰਲ ਹੋਮ ਵਿੱਚ ਕੀਤਾ ਗਿਆ। ਇਸ ਮੌਕੇ ਸੈਂਕੜੇ ਪੰਜਾਬੀਆਂ ਨੇ ਸੇਜਲ ਅੱਖਾਂ ਨਾਲ ਧਰਮਪ੍ਰੀਤ ਨੂੰ ਅੰਤਿਮ ਵਿਦਾਇਗੀ ਦਿੱਤੀ। ਆਪਣੇ ਪੁੱਤ ਦੀਆਂ ਅੰਤਿਮ ਰਸਮਾਂ ਵਿੱਚ ਪੰਜਾਬ ਤੋਂ ਪਹੁੰਚੇ ਮਾਂ ਬਾਪ ਦੀਆਂ ਧਾਹਾਂ ਨਾਲ ਅੰਬਰ ਰੋ ਰਿਹਾ ਸੀ, ਪੂਰਾ ਪੰਜਾਬੀ ਭਾਈਚਾਰਾ ਡੂੰਘੇ ਸਦਮੇ ਵਿੱਚ ਸੀ। ਉਦਾਸੀ ਦੇ ਮੰਜ਼ਰ ਵਿੱਚ ਹਰ ਅੱਖ ਨਮ ਹੋ ਗਈ। ਸ਼ਾਇਦ ਮੌਤ ਵੀ ਵੀਰ ਨੂੰ ਖੋਹਕੇ ਪਛਤਾਅ ਰਹੀ ਹੋਵੇਗੀ। ਹਰ ਇੱਕ ਦੇ ਮੂੰਹ ਚੋਂ ਇਹੀ ਨਿਕਲ ਰਿਹਾ ਸੀ ਕਿ ਮਾਰਨ ਵਾਲਿਆ ਤੇਰਾ ਕੱਖ ਨਾ ਰਹੇ ਅੰਤਿਮ ਸੰਸਕਾਰ ਉਪਰੰਤ ਭੋਗ ਗੁਰਦਵਾਰਾ ਕ੍ਰਦ੍ਰਜ਼ ਵਿਖੇ ਪਾਇਆ ਗਿਆ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਮੰਡੇਰਾ ਕਾਊਂਟੀ ਸ਼ੈਰਫ ਡਿਪਾਰਟਮੈਂਟ ਨੇ ਮਡਿੱਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਠਵਾਲ (22) ਨੂੰ ਧਰਮਪ੍ਰੀਤ ਦੇ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ 'ਤੇ ਧਰਮਪ੍ਰੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਭੈਣ ਦਾ ਜੜਵਾਂ ਭਰਾ ਸੀ। ਧਰਮਪ੍ਰੀਤ ਕਰੀਬ ਦੋ ਸਾਲ ਪਹਿਲਾਂ ਫਰਿਜ਼ਨੋ ਵਿਖੇ ਪੜ੍ਹਾਈ ਕਰਨ ਲਈ ਆਇਆ ਸੀ। ਇਸ ਘਟਨਾ ਕਰਕੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

## ਬਲਾਤਕਾਰੀ ਸਾਧ ਦੀ ਚਹੇਤੀ ਹਨੀਪ੍ਰੀਤ ਖ਼ਿਲਾਫ਼ ਐੱਸ.ਆਈ.ਟੀ. ਵਲੋਂ ਦੋਸ਼ ਪੱਤਰ ਦਾਖ਼ਲ

**ਪੰਚਕੂਲਾ/ਬਿਊਰੋ ਨਿਊਜ਼:** 25 ਅਗਸਤ ਨੂੰ ਪੰਚਕੂਲਾ 'ਚ ਹੋਏ ਦੰਗਿਆਂ ਦੇ ਮਾਮਲੇ 'ਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਦੀ ਗੋਦ ਲਈ ਬੇਟੀ



ਹਨੀਪ੍ਰੀਤ ਅੰਬਾਲਾ ਜੇਲ੍ਹ ਤੋਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ 'ਚ ਪੇਸ਼ ਹੋਈ। ਸੁਣਵਾਈ ਦੇ ਚਲਦਿਆਂ ਐੱਸ. ਆਈ. ਟੀ. ਇੰਚਾਰਜ ਮੁਕੇਸ਼ ਮਲਹੋਤਰਾ ਦੀ ਅਗਵਾਈ ਵਾਲੀ ਟੀਮ ਵਲੋਂ ਅਦਾਲਤ 'ਚ ਪਹੁੰਚ ਕੇ ਹਨੀਪ੍ਰੀਤ ਖ਼ਿਲਾਫ਼ 1200 ਪੰਨਿਆਂ ਦਾ ਦੋਸ਼ ਪੱਤਰ ਦਾਖ਼ਲ ਕੀਤਾ ਗਿਆ। ਇਹ ਦੋਸ਼ ਪੱਤਰ ਐੱਸ. ਆਈ. ਟੀ. ਵਲੋਂ ਜਾਂਚ-ਪੜਤਾਲ ਤੋਂ ਬਾਅਦ ਹੀ ਸੀ. ਜੇ. ਐੱਮ. ਰੋਹਿਤ ਵਾਟਸ ਦੀ ਅਦਾਲਤ 'ਚ ਦਾਖ਼ਲ ਕੀਤਾ ਗਿਆ। ਸੁਣਵਾਈ ਦੌਰਾਨ ਹਨੀਪ੍ਰੀਤ ਤੋਂ ਇਲਾਵਾ ਚਮਕੌਰ ਸਿੰਘ, ਸੁਰਿੰਦਰ ਧੀਮਾਨ ਇੰਸਾਂ, ਦਾਨ ਸਿੰਘ, ਗੁਰਮੀਤ, ਦਿਲਾਵਰ ਇੰਸਾਂ, ਪ੍ਰਦੀਪ, ਸ਼ਰਨਜੀਤ ਤੇ ਰਾਕੇਸ਼ ਨਾਂਅ ਦੇ ਮੁਲਜ਼ਮਾਂ ਖ਼ਲਾਫ਼ ਵੀ ਐੱਸ. ਆਈ. ਟੀ. ਵਲੋਂ ਦੋਸ਼ ਪੱਤਰ ਦਾਖ਼ਲ ਕੀਤਾ ਗਿਆ ਹੈ। ਇਨ੍ਹਾਂ 'ਚੋਂ ਇਕੱਲੀ ਹਨੀਪ੍ਰੀਤ ਖ਼ਲਾਫ਼ ਦਾਖ਼ਲ ਕੀਤੇ ਦੋਸ਼ ਪੱਤਰ 'ਚ ਕਰੀਬ 67 ਵਿਅਕਤੀਆਂ ਨੂੰ ਗਵਾਹ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ 25 ਅਗਸਤ ਨੂੰ ਪੰਚਕੂਲਾ 'ਚ ਹੋਏ ਦੰਗਿਆਂ ਦੀ ਸਾਜ਼ਿਸ਼ 'ਚ ਹਨੀਪ੍ਰੀਤ ਵਲੋਂ ਅਹਿਮ ਭੂਮਿਕਾ ਅਦਾ ਕੀਤੀ ਗਈ ਸੀ ਅਤੇ 9 ਦਿਨਾਂ ਦੇ ਪੁਲਿਸ ਰਿਮਾਂਡ ਦੌਰਾਨ ਖ਼ੁਦ ਹਨੀਪ੍ਰੀਤ ਨੇ ਵੀ ਇਹ ਗੱਲ ਕਬੂਲ ਕੀਤੀ ਸੀ ਕਿ ਦੰਗਿਆਂ ਸਬੰਧੀ ਰਚੀ ਗਈ ਸਾਜ਼ਿਸ਼ ਤੇ 25 ਅਗਸਤ ਨੂੰ ਵਾਪਰੇ ਘਟਨਾਕ੍ਰਮ 'ਚ ਉਹ ਸ਼ਾਮਿਲ ਸੀ। ਇਸ ਤੋਂ ਇਲਾਵਾ ਰਿਮਾਂਡ ਦੌਰਾਨ ਹਨੀਪ੍ਰੀਤ ਤੋਂ ਮੋਬਾਈਲ ਫ਼ੋਨ, ਲੈਪਟਾਪ, ਡਾਇਰੀ ਤੇ ਹੋਰ ਕਈ ਜ਼ਰੂਰੀ ਦਸਤਾਵੇਜ਼ ਵੀ ਬਰਾਮਦ ਕੀਤੇ ਗਏ ਸਨ। ਐੱਫ. ਆਈ. ਆਰ. ਨੰਬਰ-345 'ਚ ਹਨੀਪ੍ਰੀਤ ਤੋਂ ਇਲਾਵਾ ਅਦਿੱਤਿਆ ਇੰਸਾਂ, ਪਵਨ ਇੰਸਾਂ, ਸੁਰਿੰਦਰ ਧੀਮਾਨ ਇੰਸਾਂ, ਦਿਲਾਵਰ ਇੰਸਾਂ, ਦਾਨ ਸਿੰਘ, ਚਮਕੌਰ ਸਿੰਘ ਤੇ ਮਹਿੰਦਰ ਇੰਸਾਂ ਦੇ ਨਾਂਅ ਵੀ ਸ਼ਾਮਿਲ ਹਨ, ਜਿਨ੍ਹਾਂ 'ਚੋਂ ਅਦਿੱਤਿਆ ਇੰਸਾਂ ਤੇ ਮਹਿੰਦਰ ਇੰਸਾਂ ਨੂੰ ਪੁਲਿਸ ਹੁਣ ਤੱਕ ਗ੍ਰਿਫ਼ਤਾਰ ਨਹੀਂ ਕਰ ਸਕੀ।

ਉੱਧਰ ਇਸ ਮਾਮਲੇ 'ਚ ਦੋਸ਼ੀ ਸੁਰਿੰਦਰ ਧੀਮਾਨ ਇੰਸਾਂ ਦੇ ਵਕੀਲ ਵਲੋਂ ਉਸ ਦੀ ਜ਼ਮਾਨਤ ਅਰਜ਼ੀ ਅਦਾਲਤ 'ਚ ਲਾਈ ਗਈ। ਧੀਮਾਨ ਇੰਸਾਂ ਦੇ ਵਕੀਲ ਵਲੋਂ ਜ਼ਮਾਨਤ ਦੀ ਅਰਜ਼ੀ ਲਗਾਉਂਦਿਆਂ ਅਦਾਲਤ 'ਚ ਦਲੀਲ ਦਿੱਤੀ ਗਈ ਕਿ ਧੀਮਾਨ ਇੰਸਾਂ ਦੀ ਗਿ ?ਫ਼ਤਾਰੀ ਨੂੰ 90 ਦਿਨ ਹੋਣ ਦੇ ਬਾਵਜੂਦ ਵੀ ਉਸ ਖ਼ਿਲਾਫ਼ ਪੁਲਿਸ ਵਲੋਂ ਦੋਸ਼ ਪੱਤਰ ਦਾਖ਼ਲ ਨਹੀਂ ਕੀਤਾ ਗਿਆ ਲਿਹਾਜ਼ਾ ਉਸ ਨੂੰ ਜ਼ਮਾਨਤ ਦਿੱਤੀ ਜਾਵੇ ਪਰ ਅਦਾਲਤ ਨੇ ਵਕੀਲ ਦੀ ਇਸ ਦਲੀਲ ਨੂੰ ਨਾਮਨਜ਼ੂਰ ਕਰਦਿਆਂ ਧੀਮਾਨ ਇੰਸਾਂ ਦੀ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ।

### ਬਲਾਤਕਾਰੀ ਸਾਧ ਦੇ ਡੇਰੇ 'ਚ ਨਜਾਇਜ਼ ਹੀ ਚਲਦਾ ਸੀ ਹਸਪਤਾਲ

**ਚੰਡੀਗੜ੍ਹ/ਬਿਊਰੋ ਨਿਊਜ਼:** ਹਰਿਆਣਾ ਦੇ ਜ਼ਿਲ੍ਹਾ ਸਿਰਸਾ ਵਿੱਚ ਡੇਰਾ ਸਿਰਸਾ ਵੱਲੋਂ ਚਲਾਏ ਜਾ ਰਹੇ ਸ਼ਾਹ ਸਤਨਾਮਜੀ ਸਪੈਸ਼ਲਟੀ ਹਸਪਤਾਲ ਕੋਲ ਰਜਿਸਟਰੇਸ਼ਨ ਲਾਇਸੈਂਸ ਨਹੀਂ ਸੀ ਅਤੇ ਇੱਥੇ ਬਿਨਾਂ ਢੁਕਵੀਂ ਮਨਜ਼ੂਰੀ ਤੋਂ ਅੰਗ ਦਾਨ ਹੁੰਦਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਨਿਯੁਕਤ ਅਦਾਲਤੀ ਕਮਿਸ਼ਨਰ ਏ.ਕੇ.ਐਸ. ਪੰਵਾਰ ਦੀ ਨਿਗਰਾਨੀ ਹੇਠ ਡੇਰੇ ਦੀ ਲਈ ਤਲਾਸ਼ੀ ਦੌਰਾਨ ਇਸ ਹਸਪਤਾਲ ਵਿੱਚ ਕਈ ਬੇਨਿਯਮੀਆਂ ਸਾਹਮਣੇ ਆਈਆਂ। ਪੰਵਾਰ ਵੱਲੋਂ ਹਾਈ ਕੋਰਟ ਵਿੱਚ ਕਈ ਭਾਗਾਂ ਵਿੱਚ ਦਿੱਤੀ ਰਿਪੋਰਟ

**ਬਾਕੀ ਸਫ਼ਾ 32 'ਤੇ**

# ਹਰਿਮੰਦਰ ਸਾਹਿਬ ਨੂੰ ਦੁਨੀਆ 'ਚ ਬੇਹੱਦ ਹਰਮਨਪਿਆਰਾ ਹੋਣ ਦਾ ਕੌਮਾਂਤਰੀ ਸਨਮਾਨ

**ਅੰਮ੍ਰਿਤਸਰ)/ਬਿਊਰੋ ਨਿਊਜ਼:**
ਲੰਡਨ (ਯੂ.ਕੇ.) ਦੀ 'ਵਰਲਡ ਬੁੱਕ ਆਫ ਰਿਕਾਰਡਜ਼' ਸੰਸਥਾ ਵੱਲੋਂ ਅੱਜ ਸ੍ਰੀ ਹਰਿਮੰਦਰ ਸਾਹਿਬ ਨੂੰ 'ਮੋਸਟ ਵਿਜ਼ਿਟਿਡ ਪਲੇਸ ਆਫ ਦਾ ਵਰਲਡ' (ਵਿਸ਼ਵ ਭਰ ਵਿੱਚੋਂ ਸਭ ਤੋਂ ਵੱਧ ਸੈਲਾਨੀਆਂ ਦੀ ਆਮਦ ਵਾਲਾ ਸਥਾਨ) ਦਾ ਪੁਰਸਕਾਰ ਦਿੱਤਾ ਗਿਆ। ਇਹ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਇਹ ਪੁਰਸਕਾਰ ਪ੍ਰਾਪਤ ਕੀਤਾ। ਇਸ ਪੁਰਸਕਾਰ ਉਪਰ ਸੰਸਥਾ ਦੇ ਚੇਅਰਮੈਨ ਦਿਵਾਕਰ ਸੁਕੁਲ ਅਤੇ ਇੰਗਲੈਂਡ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਦੇ ਦਸਤਖ਼ਤ ਹਨ।

'ਵਰਲਡ ਬੁੱਕ ਆਫ ਰਿਕਾਰਡਜ਼' ਦੀ ਜਨਰਲ ਸਕੱਤਰ ਸੁਰਭੀ ਕੌਲ ਨੇ ਦੱਸਿਆ ਕਿ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਤਿੰਨ ਮਹੀਨਿਆਂ ਦੀ ਆਮਦ ਦਾ ਰਿਕਾਰਡ ਤਿਆਰ ਕੀਤਾ ਗਿਆ, ਜਿਸ ਦੇ ਆਧਾਰ 'ਤੇ ਸ੍ਰੀ ਹਰਿਮੰਦਰ ਸਾਹਿਬ ਨੂੰ 'ਮੋਸਟ ਵਿਜ਼ਿਟਿਡ ਪਲੇਸ ਆਫ ਦਾ ਵਰਲਡ' ਪੁਰਸਕਾਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਨਮਾਨ ਸਾਈਂ ਸ਼ਿਰਡੀ ਦੇ ਮੰਦਰ, ਮਾਊਂਟ ਆਬੂ ਵਿਖੇ ਬ੍ਰਹਮਕੁਮਾਰੀ ਆਸ਼ਰਮ, ਮਾਤਾ ਵੈਸ਼ਨੋ ਦੇਵੀ ਮੰਦਰ ਨੂੰ ਦਿੱਤੇ ਜਾ ਚੁੱਕੇ ਹਨ। ਵਿਸ਼ਵ ਪੱਧਰ 'ਤੇ ਚੀਨ ਦੀ ਦੀਵਾਰ ਅਤੇ ਸਟੈਚੂ ਆਫ ਲਿਬਰਟੀ ਨੂੰ ਵੀ ਇਹ ਸਨਮਾਨ ਦਿੱਤਾ ਗਿਆ ਹੈ।


ਅੰਮ੍ਰਿਤਸਰ ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਸਨਮਾਨ ਪ੍ਰਾਪਤ ਕਰਦੇ ਹੋਏ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਦਾ ਅਜਿਹਾ ਇਕੱਲਾ ਧਾਰਮਿਕ ਅਸਥਾਨ ਹੈ, ਜਿਥੇ ਮਾਨਵਤਾ ਦੀ ਸੇਵਾ, ਹਰ ਵੇਲੇ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਗੁਰਬਾਣੀ ਦਾ ਕੀਰਤਨ 24 ਘੰਟੇ ਚੱਲਦਾ ਰਹਿੰਦਾ ਹੈ ਅਤੇ ਬਿਨਾਂ ਕਿਸੇ ਭੇਦਭਾਵ ਦੇ ਰੋਜ਼ਾਨਾ ਹਜ਼ਾਰਾਂ ਲੋਕ ਲੰਗਰ ਛਕਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ, ਜਿਸ ਦਾ ਗੁਣਗਾਣ ਖੁਦ ਗੁਰੂ ਸਾਹਿਬ ਨੇ ਕੀਤਾ ਹੈ, ਕਿਸੇ ਪੁਰਸਕਾਰ ਦਾ ਮੁਥਾਜ ਨਹੀਂ ਹੈ ਪਰ ਅਜਿਹੇ ਸਨਮਾਨਾਂ ਨਾਲ ਸਿੱਖ ਕੌਮ ਦਾ ਮਾਣ-ਸਨਮਾਨ ਵਧਦਾ ਹੈ। ਸੰਸਥਾ ਦੇ ਆਗੂ ਰਣਦੀਪ ਸਿੰਘ ਕੋਹਲੀ ਨੇ ਆਖਿਆ ਕਿ ਇਹ ਸਨਮਾਨ ਇੱਥੇ ਲੋਕਾਂ ਦੀ ਆਮਦ, ਸ਼ਰਧਾ ਸਤਿਕਾਰ, ਸਥਾਨ ਦੀ ਮਹਾਨਤਾ, ਵਾਤਾਵਰਨ ਦੇ ਆਧਾਰ 'ਤੇ ਭੇਟ ਕੀਤਾ ਗਿਆ ਹੈ।

## ਵਿਸ਼ਵ ਰਿਕਾਰਡ ਪੁਸਤਕ ਦੀ ਅਪਣੀ ਹੋਂਦ ਸਵਾਲਾਂ ਦੇ ਘੇਰੇ 'ਚ

**ਸਿਡਨੀ/ਗੁਰਚਰਨ ਕਾਹਲੋਂ:** ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਸੰਸਾਰ ਦੀ ਸੱਭ ਤੋਂ ਵਧੇਰੇ ਸੈਲਾਨੀਆਂ ਦੀ ਆਮਦ ਵਾਲੀ ਥਾਂ' ਦਾ ਦਰਜਾ ਦੇਣ ਵਾਲੀ ਵਿਸ਼ਵ ਪੁਸਤਕ ਰਿਕਾਰਡ ਦੀ ਹੋਂਦ 'ਤੇ ਉੱਤੇ ਉਲਟਾ ਸਵਾਲ ਉੱਠੇ ਹਨ। ਰੂਹਾਨੀਅਤ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਨੂੰ ਕਿਸੇ ਦੁਨਿਆਵੀ ਸਨਮਾਨ ਦੀ ਲੋੜ ਨਹੀਂ। ਬੀਤੇ ਦਿਨੀਂ ਇੱਕ ਸੰਸਥਾ ਵੱਲੋਂ ਦਿੱਤੇ ਸਨਮਾਨ ਕਿ ਇਸ ਜਗ੍ਹਾ ਦੁਨੀਆ ਭਰ 'ਚੋਂ ਸਭ ਤੋਂ ਵੱਧ ਸ਼ਰਧਾਲੂ ਆਉਂਦੇ ਹਨ, ਬਾਰੇ ਸ਼ੱਕ ਜਿਹਾ ਤਾਂ ਪਹਿਲਾਂ ਹੀ ਸੀ, ਹੁਣ ਹੋਰ ਵਧਦਾ ਜਾ ਰਿਹਾ। ਪ੍ਰਾਪਤ ਜਾਣਕਾਰੀ ਅਨੁਸਾਰ ਲੰਡਨ ਦੀ ਵਿਸ਼ਵ ਪੁਸਤਕ ਰਿਕਾਰਡ (ਡਬਲਿਊਬੀਆਰ) ਸੰਸਥਾ ਜਿਸ ਪਤੇ 'ਤੇ ਰਜਿਸਟਰ ਹੋਈ ਹੈ ਉੱਥੇ ਪੰਜ ਹੋਰ ਆਰਗੇਨਾਈਜ਼ੇਸ਼ਨ ਵੀ ਇਸੇ ਪਤੇ ਨੂੰ ਦਰਸਾ ਕੇ ਲੰਡਨ 'ਚ ਰਜਿਸਟਰ ਹੋਈਆਂ ਹਨ। ਇੱਥੇ ਹੀ ਦੋ ਕਮਰਿਆਂ ਵਾਲੇ ਘਰ ਵਿੱਚ ਵਰਲਡ ਬ੍ਰਾਹਮਣ ਆਰਗੇਨਾਈਜ਼ੇਸ਼ਨ ਵੀ ਰਜਿਸਟਰ ਹੋਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਇਸੇ ਸੰਸਥਾ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਸੰਸਾਰ ਦੀ ਸੱਭ ਤੋਂ ਵਧੇਰੇ ਸੈਲਾਨੀਆਂ ਦੀ ਆਮਦ ਵਾਲੀ ਥਾਂ' ਦਾ ਸਰਟੀਫ਼ਿਕੇਟ ਦਿੱਤਾ ਹੈ। ਆਸਟਰੇਲੀਆ ਵਿੱਚ ਸਿਡਨੀ ਦੇ ਦਰਸਾਏ ਪਤੇ ਉੱਤੇ ਦਫ਼ਤਰ ਦੀ ਥਾਂ ਰਿਹਾਇਸ਼ੀ ਘਰ ਹੈ ਅਤੇ ਚਾਰੇ ਪਾਸੇ ਘਰ ਹੀ ਬਣੇ ਹੋਏ ਹਨ। ਆਲੇ-ਦੁਆਲੇ ਰਹਿੰਦੇ ਲੋਕਾਂ ਨੂੰ ਇਹ ਜਾਣ ਕੇ ਅਚੰਭਾ ਹੋਇਆ ਕਿ ਉਨ੍ਹਾਂ ਦੇ ਗੁਆਂਢ ਵਿੱਚ ਦੋ ਕਮਰਿਆਂ ਵਾਲੇ ਘਰ ਅੰਦਰ ਵਿਸ਼ਵ ਦੀ ਉਹ ਸੰਸਥਾ ਚਲ ਰਹੀ ਹੈ ਜਿਸ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਐਵਾਰਡ ਦਿੱਤਾ ਹੈ। ਇਲਾਕੇ 'ਚ ਰਹਿੰਦੇ ਸੁਰੇਸ਼ ਕੁਮਾਰ ਨੇ ਕਿਹਾ ਕਿ ਵਰਲਡ ਗਿੰਨੀਜ਼ ਬੁੱਕ ਰਿਕਾਰਡ' ਨੂੰ ਤਾਂ ਸਾਰੇ ਜਾਣਦੇ ਹਨ ਪਰ 'ਵਰਲਡ ਬੁੱਕ ਰਿਕਾਰਡ' ਨਾਮ ਦੀ ਸੰਸਥਾ ਭੰਬਲਭੂਸਾ ਪੈਦਾ ਕਰਦੀ ਹੈ। ਆਸਟਰੇਲੀਆ ਵਿੱਚ ਕੰਮ ਕਰਨ ਲਈ ਸੰਸਥਾ ਕੋਲ ਰਜਿਸਟਰੇਸ਼ਨ ਸਰਟੀਫ਼ਿਕੇਟ ਨਹੀਂ ਹੈ। ਸਿਡਨੀ ਵਾਲੇ ਦਫ਼ਤਰ ਵਿੱਚ ਰਹਿ ਰਹੀ ਮੁਟਿਆਰ ਦਾ ਕਹਿਣਾ ਹੈ ਕਿ ਉਸ ਨੂੰ ਇਸ ਸੰਸਥਾ ਨਾਲ ਜੁੜਿਆਂ ਅਜੇ ਇਕ-ਦੋ ਮਹੀਨੇ ਹੋਏ ਹਨ। ਉਹ ਨਿਸ਼ਕਾਮ ਸੇਵਕ ਵਜੋਂ ਸਹਿਯੋਗ ਦਿੰਦੀ ਹੈ। ਉਸ ਅਨੁਸਾਰ ਉਸ ਦਾ ਅੰਮ੍ਰਿਤਸਰ ਵਿੱਚ ਰਹਿੰਦਾ ਭਰਾ ਰਣਦੀਪ ਸਿੰਘ ਕੋਹਲੀ, ਸੰਸਥਾ ਦਾ ਸਰਗਰਮ ਕਾਰਕੁਨ ਹੈ। ਉਧਰ ਸੰਸਥਾ ਦੇ ਅਹੁਦੇਦਾਰ ਸੰਤੋਸ਼ ਸ਼ੁਕਲਾ ਨੇ ਕਿਹਾ ਕਿ ਸੰਸਥਾ ਗ਼ੈਰ ਮੁਨਾਫ਼ੇ ਵਜੋਂ ਕੰਮ ਕਰਦਿਆਂ ਸਮਾਜਿਕ ਕੰਮਾਂ ਨੂੰ ਪ੍ਰਣਾਈ ਹੋਈ ਹੈ। ਉਸ ਨੇ ਕਿਹਾ ਕਿ ਉਨ੍ਹਾਂ ਨਾ ਤਾਂ ਦਫ਼ਤਰ ਖੋਲ੍ਹੇ ਹੋਏ ਹਨ ਅਤੇ ਨਾ ਹੀ ਤਨਖ਼ਾਹਦਾਰ ਮੁਲਾਜ਼ਮ ਰੱਖੇ ਹੋਏ ਹਨ ਅਤੇ ਸਾਰਾ ਕੁਝ ਲੋਕ ਸੇਵਾ ਨਾਲ ਚਲ ਰਿਹਾ ਹੈ।

# ਕੈਪਟਨ ਨੇ ਪੁਲੀਸ ਅ.ਫ਼ਸਰਾਂ ਦੇ ਕੰਨ ਖਿੱਚੇ

***ਲੋਕਾਂ ਨੁਮਾਇੰਦਿਆਂ ਦੇ ਮਾਣ-ਸਨਮਾਨ ਦਾ ਉੱਚੇਚਾ ਧਿਆਨ ਰੱਖਣ ਦੀ ਹਦਾਇਤ***

**ਚੰਡੀਗੜ੍ਹ/ਬਿਊਰੋ ਨਿਊਜ਼:**
ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲੀਸ ਅਧਿਕਾਰੀਆਂ ਨੂੰ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਵਿਧਾਇਕਾਂ ਸਮੇਤ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਮਾਣ-ਸਤਿਕਾਰ ਵਿੱਚ ਕਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਸ਼ਿਕਾਇਤਾਂ ਮਿਲਣ ਤੋਂ ਬਾਅਦ ਮੁੱਖ ਮੰਤਰੀ ਨੇ ਇਹ ਚਿਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਪਿਛਲੇ ਦਿਨੀਂ ਵਿਧਾਇਕਾਂ ਦੇ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਮੰਤਰੀ ਕੋਲ ਇਸ ਦਾ ਗਿਲਾ ਕਰਦਿਆਂ ਫੌਰੀ ਕਦਮ ਚੁੱਕਣ ਦੀ ਲੋੜ ਜਤਾਈ ਸੀ। ਅੱਜ ਇਥੇ ਅਪਰਾਧ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਪੁਲੀਸ ਅਧਿਕਾਰੀਆਂ ਦੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਮੌੜ ਬੰਬ ਧਮਾਕੇ, ਮਾਤਾ ਚੰਦ ਕੌਰ ਦੀ ਹੱਤਿਆ ਅਤੇ ਲੁਧਿਆਣਾ ਵਿਖੇ ਢੱਡਰੀਆਂਵਾਲਾ 'ਤੇ ਹੋਏ ਹਮਲੇ ਦੇ ਮਾਮਲਿਆਂ ਨੂੰ ਹੱਲ ਕਰਨ ਦੀ ਜ਼ੋਰਦਾਰ ਕੋਸ਼ਿਸ਼ ਕਰਨ ਲਈ ਕਿਹਾ। ਉਨ੍ਹਾਂ ਫੇਸਬੁੱਕ ਵਰਗੇ ਸੋਸ਼ਲ ਮੀਡੀਆ 'ਤੇ ਚੱਲ ਰਹੀ ਭੜਕਾਊ ਅਤੇ ਗਰਮ ਖਿਆਲੀ ਮੁਹਿੰਮ ਤੋਂ ਪੁਲੀਸ ਨੂੰ ਚੌਕਸ ਰਹਿਣ ਅਤੇ ਭਾਰਤ-ਪਾਕਿ ਸਰਹੱਦ 'ਤੇ ਘੁਸਪੈਠ ਦੀਆਂ ਸਰਗਰਮੀਆਂ ਸਬੰਧੀ ਚੌਕਸ ਕੀਤਾ। ਕੈਪਟਨ ਨੇ ਕਿਹਾ,"ਸੂਬੇ ਦੀ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੇ ਕਿਸੇ ਵੀ ਯਤਨ ਨੂੰ ਸਖ਼ਤੀ ਨਾਲ ਨਿਪਟਿਆ ਜਾਵੇ। ਡਿਪਟੀ ਕਮਿਸ਼ਨਰ ਅਤੇ ਸੀਪੀਜ਼ ਐਸਐਸਪੀਜ਼ ਆਪੋ-ਆਪਣੇ ਖੇਤਰਾਂ ਵਿੱਚ ਬੇਅਦਬੀ ਦੀ ਕਿਸੇ ਵੀ ਘਟਨਾ ਲਈ ਜ਼ਿੰਮੇਵਾਰ ਹੋਣਗੇ।" ਲੋਕਾਂ ਦੀ ਭਾਈਵਾਲੀ ਨਾਲ ਸੀਸੀਟੀਵੀ ਕੈਮਰੇ ਲਾਏ ਜਾਣ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਕੈਮਰੇ ਨਾ ਲੱਗਣ ਵਾਲੀਆਂ ਥਾਵਾਂ 'ਤੇ ਧਾਰਮਿਕ ਗ੍ਰੰਥਾਂ ਦੀ ਪਵਿੱਤਰਤਾ ਨੂੰ ਪ੍ਰਬੰਧਕਾਂ ਦੇ ਅਧੀਨ ਯਕੀਨੀ ਬਣਾਉਣ ਲਈ ਕਿਹਾ। ਪੁਲੀਸ ਅਧਿਕਾਰੀਆਂ ਨੂੰ ਨਸ਼ਾ ਤਸਕਰਾਂ ਅਤੇ ਵਪਾਰੀਆਂ ਵਿਰੁੱਧ ਸ਼ਿਕੰਜਾ ਕੱਸਣ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਵੱਡੀਆਂ ਮੱਛੀਆਂ ਨੂੰ ਕਾਬੂ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੁਲੀਸ ਕਮਿਸ਼ਨਰ, ਐਸਐਸਪੀਜ਼, ਡੀਐਸਪੀਜ਼ ਅਤੇ ਐਸਐਚਓਜ਼ ਆਪਣੇ ਆਪਣੇ ਅਧਿਕਾਰ ਖੇਤਰਾਂ ਵਿੱਚ ਨਸ਼ਿਆਂ ਦੀ ਸਪਲਾਈ ਅਤੇ ਵਿੱਕਰੀ ਲਈ ਸਿੱਧੇ ਜਵਾਬਦੇਹ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪੁਲੀਸ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਸਾਹਮਣੇ ਆਉਣ 'ਤੇ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਲੀਸ ਦੇ ਕੰਮਕਾਜੀ ਘੰਟਿਆਂ ਦੀ ਹੱਦਬੰਦੀ ਕਰਨ ਦੀ ਵਕਾਲਤ ਕਰਦਿਆਂ ਉਨ੍ਹਾਂ ਹਫ਼ਤਾਵਾਰੀ ਛੁੱਟੀ ਨੂੰ ਅਮਲ ਵਿੱਚ ਲਿਆਉਣ ਲਈ ਕਿਹਾ। ਹਥਿਆਰਾਂ ਦੇ ਡੇਟਾਬੇਸ ਅਤੇ ਡੀਲਰਾਂ ਦੇ ਵੇਰਵੇ ਲਈ ਗ੍ਰਹਿ ਵਿਭਾਗ ਨੂੰ ਵੀ ਹਦਾਇਤ ਕੀਤੀ। ਮੁੱਖ ਮੰਤਰੀ ਨੇ ਵੱਖ ਵੱਖ ਜ਼ਿਲ੍ਹਿਆਂ ਖਾਸ ਤੌਰ 'ਤੇ ਪਠਾਨਕੋਟ, ਬਟਾਲਾ ਅਤੇ ਮੋਗਾ ਵਿੱਚ ਪੁਲੀਸ ਲਾਈਨਾਂ ਵਾਸਤੇ ਜ਼ਮੀਨ ਤਬਦੀਲ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ। ਮੀਟਿੰਗ ਵਿੱਚ ਡੀਜੀਪੀ ਸੁਰੇਸ਼ ਅਰੋੜਾ, ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ, ਡੀਜੀਪੀ (ਅਮਨ ਕਾਨੂੰਨ) ਐਚ ਐਸ ਢਿੱਲੋਂ ਮੌਜੂਦ ਸਨ।

## ਸਾਜ਼ਿਸ਼ਾਂ ਘੜਨ ਵਾਲਿਆਂ ਦਾ ਸਾਥ ਦੇਣ ਵਾਲਿਆਂ ਦੀ ਨਿਖੇਧੀ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿੱਥ ਕੇ ਹੱਤਿਆਵਾਂ ਕਰਨ ਦੇ ਮਾਮਲੇ ਵਿੱਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਗ੍ਰਿਫ਼ਤਾਰੀ ਬਾਰੇ ਸ਼ੰਕੇ ਖੜ੍ਹੇ ਕਰਨ ਵਾਲਿਆਂ 'ਤੇ ਪੰਜਾਬ ਦੇ ਹਿੱਤਾਂ ਖਿਲਾਫ਼ ਕੰਮ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਅਤੇ ਸਰਕਾਰ ਨੂੰ ਬਦਨਾਮ ਕਰਨ ਵਾਲੇ ਲੋਕ ਸਾਜ਼ਿਸ਼ਾਂ ਰਚਣ ਵਾਲਿਆਂ ਦਾ ਸਾਥ ਦੇ ਰਹੇ ਹਨ ਅਤੇ ਉਨ੍ਹਾਂ ਨੂੰ ਸੂਬੇ ਦੀ ਭਲਾਈ ਵਿੱਚ ਰੱਤੀ ਭਰ ਵੀ ਦਿਲਚਸਪੀ ਨਹੀਂ ਹੈ।

# ਨੇੜਲੇ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਸੁਧਾਰ ਰਿਹੈ ਵਿਰਾਸਤ-ਏ-ਖਾਲਸਾ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਵਿਸ਼ਵ ਪ੍ਰਸਿੱਧ 'ਵਿਰਾਸਤ-ਏ-ਖਾਲਸਾ' ਹੁਣ ਸ੍ਰੀ ਆਨੰਦਪੁਰ ਸਾਹਿਬ ਦੇ ਨਾਲ ਲੱਗਦੇ ਇਲਾਕੇ ਦੇ ਲੋਕਾਂ ਲਈ ਲਾਈਫ ਲਾਈਨ ਬਣ ਚੁੱਕਾ ਹੈ ਕਿਉਂਕਿ ਇਸ ਦੇ ਹੋਂਦ ਵਿੱਚ ਆਉਣ ਨਾਲ ਸਿੱਧੇ ਤੇ ਅਸਿੱਧੇ ਢੰਗ ਨਾਲ ਵਪਾਰ ਵਿੱਚ ਜ਼ਿਕਰਯੋਗ ਵਾਧਾ ਦਰਜ ਕੀਤਾ ਗਿਆ ਹੈ। ਇਹੀ ਨਹੀਂ 25 ਨਵੰਬਰ 2017 ਨੂੰ ਸਫ਼ਲਤਾਪੂਰਵਕ ਛੇ ਸਾਲ ਪੂਰੇ ਕਰਨ ਵਾਲੇ ਇਸ ਮਹਾਨ ਪ੍ਰਾਜੈਕਟ ਦੇ ਹੁਣ ਤੱਕ 83 ਲੱਖ ਤੋਂ ਵੱਧ ਸੈਲਾਨੀ ਦਰਸ਼ਨ ਕਰ ਚੁੱਕੇ ਹਨ। ਇਹ ਜਾਣਕਾਰੀ ਵਿਰਾਸਤ-ਏ-ਖਾਲਸਾ ਦੇ ਮੁੱਖ ਕਾਰਜਕਾਰੀ ਅਫ਼ਸਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੇ ਦਿੱਤੀ। ਸ੍ਰੀ ਢਿੱਲੋਂ ਨੇ ਦੱਸਿਆ ਕਿ ਇਹ ਪ੍ਰਾਜੈਕਟ ਵਿਦੇਸ਼ੀ ਸ਼ਖ਼ਸੀਅਤਾਂ ਦੀ ਵੀ ਖ਼ਾਸ ਪਸੰਦ ਬਣਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਸਭ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਭ ਤੋਂ ਪਹਿਲਾਂ ਸਾਲ 2005 ਵਿੱਚ ਬਰਤਾਨੀਆ ਦੇ ਪ੍ਰਿੰਸ ਚਾਰਲਜ਼ ਅਤੇ ਕੈਮਿਲਾ ਪਾਰਕਰ ਨੇ ਇਸ ਨਿਰਮਾਣ ਅਧੀਨ ਕੰਪਲੈਕਸ ਦਾ ਦੌਰਾ ਕੀਤਾ ਸੀ ਜਦੋਂਕਿ ਉਸ ਤੋਂ ਬਾਅਦ 14 ਅਪਰੈਲ 2006 ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਕੰਪਲੈਕਸ ਦਾ ਇੱਕ ਹਿੱਸਾ ਸੰਤਾਂ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਸੰਗਤ ਨੂੰ ਸਮਰਪਿਤ ਕੀਤਾ ਅਤੇ ਬਾਅਦ ਵਿੱਚ ਪੰਜਾਬ ਸਰਕਾਰ ਨੇ 25 ਨਵੰਬਰ 2011 ਨੂੰ ਇਹ ਪ੍ਰਾਜੈਕਟ ਆਮ ਸੈਲਾਨੀਆਂ ਲਈ ਖੋਲ੍ਹ ਦਿੱਤਾ ਸੀ। ਉਸ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਮੌਰੀਸ਼ਸ ਦੇ ਰਾਸ਼ਟਰਪਤੀ ਕੈਲਾਸ਼ ਪੁਰਿਆਗ ਸਣੇ ਕਈ ਦੇਸ਼ਾਂ ਦੇ ਮੈਂਬਰ ਪਾਰਲੀਮੈਂਟ ਵੀ ਇਸ ਦੇ ਦਰਸ਼ਨ ਕਰ ਚੁੱਕੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਨੂੰ ਵੇਖਣ ਲਈ ਸਮਾਂ ਜਾਂ ਸਮਰੱਥਾ ਨਿਰਧਾਰਤ ਨਾ ਹੁੰਦੀ ਤਾਂ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਕਈ ਗੁਣਾ ਤੱਕ ਵੱਧ ਹੋਣੀ ਸੀ। ਜੇਕਰ ਵਪਾਰਕ ਪੱਖ ਤੋਂ ਦੇਖਿਆ ਜਾਵੇ ਤਾਂ ਇੱਕ ਸੰਸਥਾ ਵੱਲੋਂ ਕੀਤੀ ਗਈ ਖੋਜ ਅਨੁਸਾਰ 'ਵਿਰਾਸਤ-ਏ-ਖਾਲਸਾ' ਦੇ 40 ਕਿਲੋਮੀਟਰ ਦੇ ਘੇਰੇ ਅੰਦਰ ਛੋਟੇ ਦੁਕਾਨਦਾਰਾਂ, ਢਾਬਿਆਂ, ਮਕੈਨਿਕਾਂ, ਹੋਟਲਾਂ ਤੇ ਧਾਰਮਿਕ ਸਥਾਨਾਂ ਦੀ ਆਮਦਨ ਵੀ ਕਾਫੀ ਵਧੀ ਹੈ। ਹੋਰ ਤਾਂ ਹੋਰ 'ਵਿਰਾਸਤ-ਏ-ਖਾਲਸਾ' ਬਣਨ ਤੋਂ ਬਾਅਦ ਜਿੱਥੇ ਸ੍ਰੀ ਆਨੰਦਪੁਰ ਸਾਹਿਬ ਸਣੇ ਇੱਥੇ ਆਉਂਦੇ ਮਾਰਗਾਂ 'ਤੇ ਹੋਟਲਾਂ ਦੀ ਗਿਣਤੀ ਕਾਫੀ ਵਧੀ ਹੈ, ਉੱਥੇ ਹੀ ਬੈਂਕਿੰਗ ਸੈਕਟਰ ਨੂੰ ਵੀ ਕਾਫੀ ਹੁੰਗਾਰਾ ਮਿਲਿਆ ਹੈ।



# ਸ਼੍ਰੋਮਣੀ ਕਮੇਟੀ ਵੱਲੋਂ ਕੱਢੇ ਮੁਲਾਜ਼ਮਾਂ ਨੇ ਧਰਮ ਬਦਲੀ ਦਾ ਇਰਾਦਾ ਤਿਆਗਿਆ

**ਅੰਮ੍ਰਿਤਸਰ/ਬਿਊਰੋ ਨਿਊਜ਼**
ਗੁਰਦੁਆਰਾ ਗੁਰੂਸਰ ਮਾਧੋਕੇ ਬਰਾੜ ਦੇ ਨੌਕਰੀ ਤੋਂ ਫਾਰਗ ਕੀਤੇ 15 ਕਰਮਚਾਰੀਆਂ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਅੜਿੱਕਾ ਪਹਿਲਾਂ ਵਾਂਗ ਹੀ ਕਾਇਮ ਹੈ ਪਰ ਫਾਰਗ ਕਰਮਚਾਰੀਆਂ ਨੇ ਅੱਜ ਧਰਮ ਪਰਿਵਰਤਨ ਦਾ ਰਾਹ ਛੱਡ ਕੇ ਹੁਣ ਨਿਆਂ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਰਾਹ ਅਖ਼ਤਿਆਰ ਕੀਤਾ ਹੈ। ਇਨ੍ਹਾਂ ਫਾਰਗ ਕਰਮਚਾਰੀਆਂ ਨੂੰ ਢਾਡੀ ਸਭਾ ਵੱਲੋਂ ਸਮਰਥਨ ਦਿੱਤਾ ਗਿਆ ਅਤੇ ਨਿਆਂ ਪ੍ਰਾਪਤੀ ਲਈ ਹਰ ਤਰ੍ਹਾਂ ਦਾ ਸੰਘਰਸ਼ ਕਰਨ ਦਾ ਭਰੋਸਾ ਦਿੱਤਾ ਹੈ।



ਅੱਜ ਇਨ੍ਹਾਂ ਫਾਰਗ ਕਰਮਚਾਰੀਆਂ ਵਿੱਚੋਂ ਅੱਠ ਇੱਥੇ ਢਾਡੀ ਸਭਾ ਦੇ ਆਗੂ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਐਮ.ਏ. ਦੇ ਘਰ ਪੁੱਜੇ ਸਨ। ਇਨ੍ਹਾਂ ਵਿੱਚ ਦਿਲਬਾਗ ਸਿੰਘ, ਰਾਜਵਿੰਦਰ ਸਿੰਘ, ਲਖਵਿੰਦਰ ਸਿੰਘ, ਲਵਦੀਪ ਸਿੰਘ, ਮਲਕੀਤ ਸਿੰਘ, ਮਨਪ੍ਰੀਤ ਸਿੰਘ, ਫਤਹਿ ਸਿੰਘ, ਕਰਨਵੀਰ ਸਿੰਘ ਸ਼ਾਮਲ ਸਨ। ਇਨ੍ਹਾਂ ਨੇ ਦਾਅਵਾ ਕੀਤਾ ਕਿ ਬਾਕੀ ਸੱਤ ਕਰਮਚਾਰੀ ਉਨ੍ਹਾਂ 'ਤੇ ਪਾਏ ਗਏ ਸਿਆਸੀ ਦਬਾਅ ਕਾਰਨ ਇੱਥੇ ਨਹੀਂ ਪੁੱਜ ਸਕੇ ਹਨ। ਨੌਕਰੀ ਨਾ ਮਿਲਣ 'ਤੇ ਧਰਮ ਛੱਡਣ ਦੀ ਚਿਤਾਵਨੀ ਦੇ ਚੁੱਕੇ ਇਨ੍ਹਾਂ ਕਰਮਚਾਰੀਆਂ ਵੱਲੋਂ ਅੱਜ ਆਪਣੇ ਕਕਾਰ ਸ੍ਰੀ ਅਕਾਲ ਤਖ਼ਤ 'ਤੇ ਸੌਂਪਣ ਦਾ ਪ੍ਰੋਗਰਾਮ ਸੀ ਪਰ ਇਹ ਉਥੇ ਨਹੀਂ ਪੁੱਜੇ। ਮਗਰੋਂ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਖੁਲਾਸਾ ਕੀਤਾ ਕਿ ਅਕਾਲ ਤਖਤ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਸਮੇਤ ਸ਼੍ਰੋਮਣੀ ਢਾਡੀ ਸਭਾ ਵੱਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਉਨ੍ਹਾਂ ਨੇ ਧਰਮ ਤਬਦੀਲ ਕਰਨ ਦਾ ਫੈਸਲਾ ਤਿਆਗ ਦਿੱਤਾ ਹੈ। ਉਹ ਹੁਣ ਨਿਆਂ ਪ੍ਰਾਪਤੀ ਲਈ ਸੰਘਰਸ਼ ਕਰਨਗੇ। ਇਸ ਮੌਕੇ ਹਾਜ਼ਰ ਢਾਡੀ ਸਭਾ ਦੇ ਆਗੂ ਬਲਦੇਵ ਸਿੰਘ ਐਮਏ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਇਜਲਾਸ ਮਗਰੋਂ ਇਹ ਮਾਮਲਾ ਪ੍ਰਧਾਨ ਕੋਲ ਰੱਖਣਗੇ ਅਤੇ ਨਿਆਂ ਪ੍ਰਾਪਤੀ ਲਈ ਜੱਦੋ ਜਹਿਦ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਚਾਰ ਚਹੇਤੇ ਕਰਮਚਾਰੀਆਂ ਨੂੰ ਸ਼੍ਰੋਮਣੀ ਕਮੇਟੀ ਵਿੱਚ ਨੌਕਰੀ ਦੇ ਦਿੱਤੀ ਗਈ ਹੈ ਅਤੇ ਬਾਕੀਆਂ ਨਾਲ ਪੱਖਪਾਤ ਕੀਤਾ ਗਿਆ ਹੈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਿਆਲ ਸਿੰਘ ਕਾਲਜ ਦਾ ਨਾਂਅ ਬਦਲਣ ਉੱਤੇ ਅੜੇ ਹੋਏ ਨੇ ਹਿੰਦੂ ਪ੍ਰਬੰਧਕ

## *ਵੰਦੇ ਮਾਤਰਮ ਤੋਂ ਵਧੀਆ ਹੋਰ ਕੋਈ ਨਾਮ ਹੋ ਨਹੀਂ ਸਕਦਾ: ਚੇਅਰਮੈਨ*

**ਨਵੀਂ ਦਿੱਲੀ/ਬਿਊਰੋ ਨਿਊਜ਼**, ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲਣ ਖ਼ਿਲਾਫ਼ ਉਠੀਆਂ ਵਿਰੋਧੀ ਸੁਰਾਂ ਨੂੰ ਖਾਰਿਜ ਕਰਦਿਆਂ ਕਾਲਜ ਦੇ ਚੇਅਰਮੈਨ ਅਮਿਤਾਭ ਸਿਨਹਾ ਨੇ ਕਿਹਾ ਹੈ ਕਿ ਇਸ 'ਚ ਕੁਝ ਵੀ ਗ਼ੈਰਕਾਨੂੰਨੀ ਨਹੀਂ ਹੈ ਅਤੇ ਵੰਦੇ ਮਾਤਰਮ ਤੋਂ ਵਧੀਆ ਹੋਰ ਕੋਈ ਨਾਮ ਨਹੀਂ ਹੋ ਸਕਦਾ। ਮੀਡੀਆ ਨਾਲ ਗੱਲਬਾਤ ਕਰਦਿਆਂ ਅਮਿਤਾਭ ਸਿਨਹਾ ਨੇ ਕਿਹਾ, "ਕਾਲਜ ਦਾ ਨਾਮ ਬਦਲਣ ਦਾ ਫ਼ੈਸਲਾ ਗਵਰਨਿੰਗ ਬਾਡੀ ਨੇ ਸਰਬਸੰਮਤੀ ਨਾਲ ਲਿਆ ਸੀ। ਇਸ 'ਚ ਗ਼ੈਰਕਾਨੂੰਨੀ ਜਾਂ ਨੈਤਿਕ ਤੌਰ 'ਤੇ ਕੁਝ ਵੀ



ਗਲਤ ਨਹੀਂ ਹੈ। ਵੰਦੇ ਮਾਤਰਮ ਤੋਂ ਵਧੀਆ ਹੋਰ ਕੋਈ ਨਾਮ ਨਹੀਂ ਹੋ ਸਕਦਾ।" ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ 'ਚ ਦਖ਼ਲ ਦੇਣ ਦੀ ਮੰਗ ਬਾਰੇ ਸਿਨਹਾ ਨੇ ਉਨ੍ਹਾਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਨਿਰਪੱਖ ਮੰਚ 'ਤੇ ਆ ਕੇ ਇਸ ਸਬੰਧੀ ਬਹਿਸ ਕਰ ਸਕਦੇ ਹਨ। ਰਾਸ਼ਟਰਵਾਦੀ ਹੋਣ ਦਾ ਦਾਅਵਾ ਕਰਦਿਆਂ ਚੇਅਰਮੈਨ ਨੇ ਕਿਹਾ ਕਿ ਦਿਆਲ ਸਿੰਘ ਨੂੰ ਸਿੱਖ ਜਾਂ ਪੰਜਾਬੀ ਦੱਸ ਕੇ ਵੱਖ ਵੱਖ ਭਾਈਚਾਰਿਆਂ 'ਚ ਗਲਤਫਹਿਮੀ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਿਨਹਾ ਨੇ ਚੁਣੌਤੀ ਦਿੱਤੀ ਕਿ ਜੇਕਰ ਕਿਸੇ ਨੂੰ ਇਸ ਮੁੱਦੇ ਤੋਂ ਕੋਈ ਸਮੱਸਿਆ ਹੈ ਤਾਂ ਉਹ ਉਨ੍ਹਾਂ ਨਾਲ ਮਿਲ ਸਕਦਾ ਹੈ। 'ਉਹ ਮੈਨੂੰ ਗਲਤ ਸਾਬਿਤ ਕਰਨ, ਨਹੀਂ ਤਾਂ ਮੈਨੂੰ ਫ਼ੈਸਲਾ ਕਿਉਂ ਬਦਲਣਾ ਚਾਹੀਦਾ ਹੈ।' ਜ਼ਿਕਰਯੋਗ ਹੈ ਕਿ ਟ੍ਰਿਬਿਊਨ ਅਖ਼ਬਾਰ ਸਮੂਹ ਦੇ ਬਾਨੀ ਦਿਆਲ ਸਿੰਘ ਮਜੀਠੀਆ ਦੇ ਨਾਮ 'ਤੇ 1958 'ਚ ਇਸ ਕਾਲਜ ਦਾ ਨਾਮ ਰੱਖਿਆ ਗਿਆ ਸੀ।

# ਪੁੰਨ ਸਿਧਾਂਤ ਦੀ ਅਵੱਗਿਆ ਹੈ ਦਿਆਲ ਸਿੰਘ ਕਾਲਜ ਦੀ ਨਾਮ-ਬਦਲੀ

**ਬਲਵੰਤ ਸਿੰਘ ਰਾਮੂਵਾਲੀਆ***
(ਸੰਪਰਕ: 98683-43868)

ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂ ਹਟਾਉਣਾ ਮਹਾਂ-ਪਾਪ ਵੀ ਹੈ ਅਤੇ ਅਨੈਤਿਕ ਕਾਰਾ ਵੀ। ਸਰਦਾਰ ਦਿਆਲ ਸਿੰਘ ਮਜੀਠੀਆ ਦੀ ਇਹ ਬੁੱਧੀਮਾਨੀ ਤੇ ਦਲੇਰਾਨਾ ਸੋਚ ਸੀ ਕਿ ਪੰਜਾਬ ਉਪਰ ਅੰਗਰੇਜ਼ਾਂ ਦੇ ਕਾਬਜ਼ ਹੋਣ ਤੋਂ ਸਿਰਫ਼ 26 ਸਾਲ ਦੇ ਵਿੱਚ ਹੀ ਉਨ੍ਹਾਂ ਨੇ ਅੰਗਰੇਜ਼ਾਂ ਦੀ ਅਜਾਰੇਦਾਰੀ ਵਾਲੇ ਤਿੰਨ ਖੇਤਰਾਂ ਭਾਵ ਉੱਚ ਵਿੱਦਿਆ ਦੇ ਟਾਕਰੇ ਲਈ ਕਾਲਜ, ਵਪਾਰ ਤੇ ਧਨ ਪ੍ਰਬੰਧਨ ਦੇ ਟਾਕਰੇ ਲਈ ਬੈਂਕ ਅਤੇ ਪ੍ਰੈੱਸ ਦੇ ਸ਼ਕਤੀਸ਼ਾਲੀ ਸ਼ਸਤਰ ਦੇ ਮੁਕਾਬਲੇ ਅੰਗਰੇਜ਼ੀ ਭਾਸ਼ਾ ਵਿੱਚ ਪੰਜਾਬੀਆਂ ਦਾ ਅਖ਼ਬਾਰ 'ਟ੍ਰਿਬਿਊਨ' ਸਥਾਪਤ ਕਰਕੇ ਸਾਬਤ ਕਰ ਦਿੱਤਾ ਕਿ ਐਂਗਲੋ-ਸਿੱਖ ਯੁੱਧਾਂ ਵਿੱਚ ਗੋਰਿਆਂ ਦੀ ਜਿੱਤ, ਪੰਜਾਬੀਆਂ ਦੀਆਂ ਬਰਬਾਦੀਆਂ 'ਚੋਂ ਪੁਨਰ-ਆਬਾਦੀਆਂ ਦੇ ਮਰਦਊ ਇਤਿਹਾਸ ਉੱਤੇ ਪੱਕੀ ਜਿੱਤ ਬਿਲਕੁਲ ਨਹੀਂ ਸੀ।

ਮਹਿਜ਼ 50 ਸਾਲ ਜ਼ਿੰਦਾ ਰਹਿਣ ਵਾਲੇ ਦਿਆਲ ਸਿੰਘ ਮਜੀਠੀਆ ਉਸ ਵੇਲੇ ਅਮਰ ਹੋਣ ਦੇ ਝੰਡਾਬਰਦਾਰ ਬਣ ਗਏ, ਜਦੋਂ ਉਨ੍ਹਾਂ ਨੇ ਕਾਲਜ ਤੇ ਦੂਜੇ ਦੋਵਾਂ ਅਦਾਰਿਆਂ ਨੂੰ ਆਪਣੀ ਜਾਨੋਂ ਪਿਆਰੀ ਔਲਾਦ ਘੋਸ਼ਿਤ ਕਰਕੇ 'ਸਦਾ ਜਿਊਂਦੇ ਜੱਗ ਉੱਤੇ ਜਿਨ੍ਹਾਂ ਨੇਕ ਕਮਾਈਆਂ ਕੀਤੀਆਂ' ਦੀ ਗਾਥਾ ਪ੍ਰਤੱਖ ਦਿਖਾ ਦਿੱਤੀ। ਦੇਸ਼ ਵੰਡ ਪਿੱਛੋਂ ਉਨ੍ਹਾਂ ਦੇ ਇਹ ਅਦਾਰੇ ਦੋ ਦੇਸ਼ਾਂ ਵਿੱਚ ਚਮਕਣ ਲੱਗੇ। ਬਟਵਾਰੇ ਨੇ ਪੰਜਾਬ ਤਾਂ ਵੰਡ ਦਿੱਤਾ, ਪਰ ਦਿਆਲ ਸਿੰਘ ਮਜੀਠੀਆ ਦੀ ਵੰਡ ਸੰਭਵ ਨਾ ਹੋਈ। ਉਨ੍ਹਾਂ ਵੱਲੋਂ ਸਥਾਪਿਤ ਅਦਾਰੇ ਦੋਵਾਂ ਮੁਲਕਾਂ ਵਿੱਚ ਆਪਣਾ ਨਾਮ ਕਮਾਉਣ ਲੱਗੇ। ਅਜਿਹੀ ਹਸਤੀ ਦੀ ਯਾਦਗਾਰ ਭਾਵ ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਮ ਬਦਲਣਾ, ਨਾਮ ਬਦਲਣ ਵਾਲੀ ਟੀਮ ਦੀ ਸੰਪਰਦਾਇਕ ਤੇ ਈਰਖਾਲੂ ਸੋਚ ਦਾ ਇਜ਼ਹਾਰ ਹੈ। ਜੇ ਇਹ ਸੋਚ ਸੱਚੀ, ਸਵੈ-ਪੜਚੋਲ ਵਾਲੀ ਤੇ ਸੰਤੁਲਿਤ ਹੁੰਦੀ ਤਾਂ ਸੱਚ ਤੇ ਤੱਥ ਜ਼ਰੂਰ ਵਿਚਾਰਦੀ।



ਹਿੰਦੂ ਮੱਤ ਅਨੁਸਾਰ ਵੀ ਇਹ ਕਦਮ ਗ਼ਲਤ ਹੈ ਕਿਉਂਕਿ ਸਤਿਯੁਗ, ਤਰੇਤਾ, ਦੁਆਪਰ ਤੇ ਕਲਯੁੱਗ- ਚਹੁੰ ਯੁੱਗਾਂ ਵਿੱਚ ਅਤੇ ਧਰਤੀ ਦੀਆਂ ਚਹੁੰ ਕੂਟਾਂ ਵਿੱਚ ਰਿਸ਼ੀ, ਦੇਵਤੇ, ਅਵਤਾਰ, ਵੇਦ, ਸ਼ਾਸਤਰ, ਪੁਰਾਣ, ਸਿਮਰਤੀਆਂ ਸਦੀਆਂ ਤੋਂ ਇਹੋ ਹੁਕਮ ਦਿੰਦੇ ਆ ਰਹੇ ਹਨ ਕਿ 'ਪੁੰਨ ਦਾਨ ਹੀ ਦਿਵਾਏਗਾ ਹਰ ਪ੍ਰਾਣੀ ਨੂੰ ਸਵਰਗ ਵਿੱਚ ਸ੍ਰੇਸ਼ਠ ਸਥਾਨ।' ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਵਿੱਦਿਆਦਾਨ ਸਭ ਤੋਂ ਉੱਤਮ ਦਾਨ ਹੈ। ਦਿਆਲ ਸਿੰਘ ਮਜੀਠੀਆ ਦਾ ਦਾਨ ਤਾਂ ਪੁੰਨ ਸਿਧਾਂਤ ਉੱਤੇ ਸੌ ਫ਼ੀਸਦੀ ਖਰਾ ਉਤਰਦਾ ਸੀ ਅਤੇ ਇਹ ਹੈ ਵੀ ਵਿੱਦਿਆਦਾਨ ਦੇ ਰੂਪ ਵਿੱਚ।

ਕਾਲਜ ਦਾ ਨਾਮ ਬਦਲਣਾ 'ਪੁੰਨ ਸਿਧਾਂਤ' ਦਾ ਅਪਮਾਨ ਹੈ ਤੇ ਸਰਦਾਰ ਦਿਆਲ ਸਿੰਘ ਨਾਲ ਵੀ ਸਿੱਧਾ ਵਿਤਕਰਾ ਹੈ। ਹਿੰਦੂ ਧਰਮ ਤਾਂ ਵਿੱਦਿਆ ਦੀ ਮਹੱਤਤਾ ਲਈ ਮਾਂ ਸਰਸਵਤੀ ਨੂੰ ਦੇਵਤਿਆਂ ਤੋਂ ਵੱਡਾ ਸਥਾਨ ਦਿੰਦਿਆਂ 33 ਕਰੋੜ ਦੇਵਤਿਆਂ ਦੇ ਰਾਜੇ ਇੰਦਰ ਦੇਵ ਦੇ ਬਰਾਬਰ ਸਥਾਨ ਦਿੰਦਾ ਹੈ, ਪਰ ਇੱਥੇ ਵਿੱਦਿਆ ਦੇ ਦੇਵਤਾ ਤੁਲ ਦਿਆਲ ਸਿੰਘ ਮਜੀਠੀਆ ਦੇ ਨਾਮ ਦੀ ਦੁਰਗਤ ਕੀਤੀ ਜਾ ਰਹੀ ਹੈ।

ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਜਿਨ੍ਹਾਂ ਨੇ ਕਾਲਜ ਦਾ ਨਾਮ ਬਦਲਣ ਵਰਗੀ ਕੁਰਹਿਤ ਕੀਤੀ ਹੈ, ਉਹ ਸਰਦਾਰ ਦਿਆਲ ਸਿੰਘ ਮਜੀਠੀਆ ਦੀ ਸੋਚ ਤੇ ਸਿਧਾਂਤ ਦਾ ਸੱਚ ਪਛਾਣਨਗੇ ਅਤੇ ਆਪਣਾ ਫ਼ੈਸਲਾ ਵਾਪਸ ਲੈਣ ਵਿੱਚ ਹੋਰ ਢਿੱਲ ਨਹੀਂ ਕਰਨਗੇ।

*** ਸਾਬਕਾ ਕੇਂਦਰੀ ਮੰਤਰੀ; ਹੁਣ ਮੈਂਬਰ, ਉੱਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ**

# ਗੱਲ ਸਿਰਫ਼ ਇਕ ਕਾਲਜ ਦੇ ਨਾਮ ਦੀ ਨਹੀਂ

**ਅਭੈ ਸਿੰਘ**

ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲ ਕੇ 'ਵੰਦੇ ਮਾਤਰਮ' ਕਾਲਜ ਰੱਖ ਦਿੱਤਾ ਗਿਆ ਹੈ। ਸਵਾਲ ਸਿਰਫ਼ ਕਾਲਜ ਮੈਨੇਜਮੈਂਟ ਦੇ ਅਖ਼ਤਿਆਰ ਦਾ ਨਹੀਂ, ਸਿਰਫ਼ ਇਕ ਕਾਲਜ ਦਾ ਨਾਮ ਬਦਲਣ ਦਾ ਨਹੀਂ, ਸਵਾਲ ਇਕ ਰੁਝਾਨ ਦਾ ਹੈ ਜਿਸ ਦੀਆਂ ਅਲਾਮਤਾਂ ਬੁਰੇ ਹਾਲਾਤ ਦਾ ਇਸ਼ਾਰਾ ਕਰਦੀਆਂ ਹਨ। ਕਾਲਜ ਦਾ ਇਹ ਨਾਮ 70 ਸਾਲ ਤੋਂ ਚੱਲ ਰਿਹਾ ਹੈ। ਇਹ ਨਾਮ ਲੋਕਾਂ ਦੇ ਮੂੰਹ 'ਤੇ ਚੜ੍ਹਿਆ ਹੋਇਆ ਹੈ। ਇਸ ਕਾਲਜ ਨੂੰ ਸ਼ਾਮ ਦੀ ਬਜਾਏ ਦਿਨ ਦਾ ਕਾਲਜ ਬਣਾਉਣ ਵੇਲੇ ਨਾਮ ਬਦਲਣ ਦੀ ਕੋਈ ਲੋੜ ਨਹੀਂ। ਸਰਦਾਰ ਦਿਆਲ ਸਿੰਘ ਮਜੀਠੀਆ ਦੀ ਸ਼ਖ਼ਸੀਅਤ ਦੀ ਗੱਲ ਵੱਖਰੀ, ਸਭ ਤੋਂ ਪਹਿਲਾ ਮੁੱਦਾ ਤਾਂ ਇਹ ਹੈ ਕਿ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਇਸ ਨਾਮ ਦੇ ਨਾਲ ਹੀ ਯਾਦ ਜੁੜੀ ਹੁੰਦੀ ਹੈ, ਉਨ੍ਹਾਂ ਦੇ ਸਰਟੀਫੀਕੇਟਾਂ ਉਪਰ ਇਸ ਕਾਲਜ ਦਾ ਨਾਮ ਹੈ। ਉਨ੍ਹਾਂ ਵਾਸਤੇ ਅਜਿਹਾ ਮਹਿਸੂਸ ਹੋਵੇਗਾ ਕਿ ਜਿਸ ਕਾਲਜ ਦੇ ਉਹ ਵਿਦਿਆਰਥੀ ਰਹੇ, ਉਹ ਹੁਣ ਮੌਜੂਦ ਨਹੀਂ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਲਾਹੌਰ ਵਿੱਚ ਵੀ ਦਿਆਲ ਸਿੰਘ ਕਾਲਜ, ਦਿਆਲ ਸਿੰਘ ਲਾਇਬ੍ਰੇਰੀ ਤੇ ਦਿਆਲ ਸਿੰਘ ਕਾਲਜ ਰੋਡ ਹੈ ਪਰ ਉਨ੍ਹਾਂ ਦਾ ਨਾਮ ਨਹੀਂ ਬਦਲਿਆ ਗਿਆ। ਹਾਂ, ਇਕ ਵਾਰ ਉਥੇ ਵੀ ਕੁਝ ਕੱਟੜਪੰਥੀ ਲੋਕ, ਜਾਂ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦੀ ਆਰਐੱਸਐੱਸ ਜਮਾਤ ਦੇ ਬੰਦਿਆਂ ਨੇ ਕਾਲਜ ਦਾ ਨਾਮ ਬਦਲ ਕੇ 'ਦਾਤਾ ਸਾਹਿਬ ਕਾਲਜ' ਰੱਖਣ ਦੀ ਕੋਸ਼ਿਸ਼ ਕੀਤੀ ਸੀ ਪਰ ਰੌਸ਼ਨ-ਖ਼ਿਆਲ ਲੋਕਾਂ ਨੇ ਇਸ ਦਾ ਬਹੁਤ ਵਿਰੋਧ ਕੀਤਾ ਤੇ ਆਖ਼ੀਰ ਕਾਲਜ ਦਾ ਨਾਮ ਬਰਕਰਾਰ ਰੱਖਿਆ ਗਿਆ। ਉਨ੍ਹਾਂ ਰੌਸ਼ਨ-ਖ਼ਿਆਲਾਂ ਵਿਚੋਂ ਮੋਹਰੀ, ਉਸ ਕਾਲਜ ਦੇ ਅਰਥ ਸ਼ਾਸਤਰ ਦੇ ਅਧਿਆਪਕ ਪ੍ਰੋਫੈਸਰ ਮੁਸਤਫ਼ਾ ਨੇ ਦਿੱਲੀ ਦੇ ਕਾਲਜ ਦਾ ਨਾਮ ਬਦਲਣ ਦੀ ਗੱਲ ਸੁਣੀ ਤਾਂ ਦੁੱਖ ਦਾ ਇਜ਼ਹਾਰ ਕੀਤਾ ਹੈ।

ਕਿਸੇ ਸਾਧਾਰਨ ਜ਼ਰੂਰਤ ਕਰਕੇ ਕਾਲਜ ਦਾ ਨਾਮ ਬਦਲਣਾ ਵੀ ਮੰਨਿਆ ਜਾ ਸਕਦਾ ਸੀ ਪਰ ਸਭ ਜਾਣਦੇ ਹਾਂ ਕਿ ਇਸ ਦੇ ਅਸਲੀ ਕਾਰਨ ਕੁਝ ਹੋਰ ਹਨ। ਇਕ ਤਾਂ 'ਵੰਦੇ ਮਾਤਰਮ' ਦੇ ਵਿਵਾਦ ਨੂੰ ਉਛਾਲਣਾ ਚਾਹਿਆ ਹੈ। ਸਭ ਜਾਣਦੇ ਹਨ ਕਿ ਜਿਨ੍ਹਾਂ ਨੂੰ 'ਵੰਦੇ ਮਾਤਰਮ' ਪਸੰਦ ਨਹੀਂ, ਉਨ੍ਹਾਂ ਕੋਲ ਨਾਪਸੰਦਗੀ ਦੀਆਂ ਠੋਸ ਦਲੀਲਾਂ ਹਨ। ਠੀਕ ਹੈ ਕਿ ਇਹ ਨਾਮ ਜਾਂ ਨਾਅਰਾ ਦੇਸ਼ ਦੀ ਪਾਰਲੀਮੈਂਟ ਦਾ ਪਾਸ ਕੀਤਾ ਹੋਇਆ ਹੈ। ਇਸ ਦੀ ਕਦੇ ਕਦੇ ਵਰਤੋਂ ਹੁੰਦੀ ਰਹੀ ਹੈ, ਕਦੇ ਨਹੀਂ ਹੁੰਦੀ ਰਹੀ। ਕੌਮੀ ਤਰਾਨੇ ਵਜੋਂ ਹਮੇਸ਼ਾਂ 'ਜਨ ਗਣ ਮਨ' ਹੀ ਪ੍ਰਚਲਤ ਰਿਹਾ ਤੇ ਕੋਈ ਖਾਸ ਇਤਰਾਜ਼ ਪੈਦਾ ਨਹੀਂ ਹੁੰਦਾ ਰਿਹਾ। ਇਸ ਨੂੰ ਪਿਛਲੇ ਕੁਝ ਸਮੇਂ ਤੋਂ




ਹੀ ਮੁੱਦਾ ਬਣਾਇਆ ਜਾ ਰਿਹਾ ਹੈ। ਹਾਲਾਂਕਿ ਕੁਝ ਸਮਝ ਨਹੀਂ ਆਉਂਦੀ ਕਿ ਇਕ 'ਰਾਸ਼ਟਰ ਗਾਨ' ਤੇ ਇਕ 'ਰਾਸ਼ਟਰ ਗੀਤ' ਕਿਉਂ। ਪਤਾ ਨਹੀਂ ਕਿਸੇ ਹੋਰ ਮੁਲਕ ਵਿੱਚ ਵੀ ਇਸ ਤਰ੍ਹਾਂ ਹੈ ਜਾਂ ਨਹੀਂ।

ਇਸ ਦੇ ਨਾਲ ਹੀ ਸਾਨੂੰ ਇਹ ਤਸਲੀਮ ਕਰਨ ਵਿਚ ਕੋਈ ਝਿਜਕ ਨਹੀਂ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਦਾ ਤਾਲੀਮ ਦੇ ਖੇਤਰ ਵਿੱਚ ਯੋਗਦਾਨ ਬਹੁਤ ਅਹਿਮ ਰਿਹਾ ਹੈ। ਉਨ੍ਹਾਂ ਨੇ ਅਜਿਹੇ ਵੇਲਿਆਂ ਵਿੱਚ ਸਕੂਲਾਂ ਕਾਲਜਾਂ ਵਾਸਤੇ ਜ਼ਮੀਨਾਂ ਦਿੱਤੀਆਂ ਜਦੋਂ ਅਜੇ ਸਿੱਖਿਆ ਦੇ ਮਹੱਤਵ ਦਾ ਦੌਰ ਹੀ ਸ਼ੁਰੂ ਨਹੀਂ ਹੋਇਆ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਦਿਆਲ ਸਿੰਘ ਨੇ ਉਹ ਜ਼ਮੀਨਾਂ ਆਪਣੇ ਨਾਮ ਵਾਸਤੇ ਦਿੱਤੀਆਂ ਪਰ ਉਨ੍ਹਾਂ ਦਾ ਨਾਮ ਰਹਿਣ ਨਾਲ ਸਿੱਖਿਆ ਵਾਸਤੇ ਕੁਝ ਕਰਨ ਦੀ ਪ੍ਰੇਰਨਾ ਦਾ ਅਹਿਸਾਸ ਰਹਿੰਦਾ ਹੈ। ਇਸ ਨਾਲ ਸਿੱਖਿਆ ਦੇ ਖੇਤਰ ਵਿੱਚ ਉਪਰਾਲਿਆਂ ਦੀ ਇਤਿਹਾਸਕ ਅਹਿਮੀਅਤ ਮਿਲਦੀ ਹੈ।

ਦਿਆਲ ਸਿੰਘ ਮਜੀਠੀਆ ਨੇ ਲਾਹੌਰ ਤੋਂ ਅੰਗਰੇਜ਼ੀ ਦਾ ਅਖ਼ਬਾਰ 'ਟ੍ਰਿਬਿਊਨ' ਜਾਰੀ ਕੀਤਾ ਸੀ। ਅੱਜ ਅਖ਼ਬਾਰਾਂ ਦੇ ਢੇਰ ਲੱਗੇ ਹਨ ਪਰ ਜਿਸ ਜ਼ਮਾਨੇ ਵਿੱਚ ਇਹ ਅਖ਼ਬਾਰ ਤੇ ਇਸ ਦਾ ਆਪਣਾ ਪ੍ਰੈਸ ਲਗਾਇਆ ਗਿਆ, ਉਦੋਂ ਇਹ ਬਹੁਤ ਵੱਡੀ ਗੱਲ ਸੀ। ਦੇਸ਼ ਦੀ ਤਕਸੀਮ ਤੋਂ ਬਾਅਦ 'ਟ੍ਰਿਬਿਊਨ' ਦਾ ਦਫ਼ਤਰ ਅੰਬਾਲਾ ਤਬਦੀਲ ਹੋਇਆ, ਫਿਰ ਚੰਡੀਗੜ੍ਹ ਆਏ। ਹੋਰ ਲੋਕਾਂ ਨੇ ਵੀ ਇਸ ਅਦਾਰੇ ਵਾਸਤੇ ਯੋਗਦਾਨ ਕੀਤਾ, ਪਰ ਅੱਜ ਵੀ 'ਟ੍ਰਿਬਿਊਨ' ਦੇ ਸਥਾਪਨਾ ਦਿਵਸ ਮੌਕੇ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਟ੍ਰਿਬਿਊਨ ਅਖ਼ਬਾਰਾਂ ਦੇ ਪਹਿਲੇ ਸਫ਼ੇ ਉਪਰ ਦਿਆਲ ਸਿੰਘ ਮਜੀਠੀਆ ਦੀ ਤਸਵੀਰ ਹੁੰਦੀ ਹੈ ਤੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਨਾਮ ਬਦਲਣ ਦਾ ਅਧਿਕਾਰ ਹੈ ਜਾਂ ਨਹੀਂ, ਵੱਖਰੀ ਗੱਲ ਹੈ ਪਰ ਇਸ ਵਾਸਤੇ ਕੋਈ ਠੋਸ ਵਜ੍ਹਾ ਨਹੀਂ ਦੱਸੀ ਜਾ ਸਕੀ। ਜਦੋਂ ਇਤਰਾਜ਼ ਹੋਇਆ ਤਾਂ ਕਮੇਟੀ ਦੇ ਚੇਅਰਮੈਨ ਨੇ ਦਿੱਲੀ ਦੇ ਅਕਾਲੀ ਆਗੂ ਤੇ ਭਾਜਪਾ ਵਿਧਾਇਕ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੂੰ ਕਿਹਾ ਕਿ ਜੇ 'ਵੰਦੇ ਮਾਤਰਮ' ਦਾ ਨਾਮ ਪਸੰਦ ਨਹੀਂ ਤਾਂ ਇਹ ਮੁਲਕ ਛੱਡ ਕੇ ਚਲੇ ਜਾਓ। ਇਹ ਭਾਸ਼ਾ ਫਿਰਕੂ ਭਾਸ਼ਾ ਹੈ, ਹਰ ਗੱਲ ਵਿਚ ਦੇਸ਼ ਛੱਡ ਕੇ ਜਾਣ ਦਾ ਤਾਅਨਾ। ਇਹ ਦੇਸ਼ ਕਿਸੇ ਇਕ ਵਿਚਾਰਧਾਰਾ ਦੀ ਮਲਕੀਅਤ ਨਹੀਂ, ਇਹ ਜਮਹੂਰੀ ਮੁਲਕ ਹੈ। ਇਸ ਵਿੱਚ ਹਰ ਕਿਸਮ ਦਾ ਖਿਆਲ ਰੱਖਿਆ ਜਾ ਸਕਦਾ ਹੈ। ਹਾਂ, ਜਿਸ ਨੂੰ ਕਾਲਜ ਦਾ 'ਵੰਦੇ ਮਾਤਰਮ' ਨਾਮ ਰੱਖਣਾ ਪਸੰਦ ਨਹੀਂ, ਉਸ ਨੂੰ ਅਜਿਹਾ ਹੱਕ ਤਾਂ ਬਿਲਕੁੱਲ ਨਹੀਂ ਕਿ ਉਹ ਐਲਾਨ ਕਰਦਾ ਫਿਰੇ ਕਿ ਜਿਹੜਾ ਨਾਮ ਬਦਲਣ ਵਾਲੇ ਦਾ ਸਿਰ ਲਿਆਵੇਗਾ, ਉਸ ਨੂੰ ਇਕ ਕਰੋੜ ਇਨਾਮ ਦਿੱਤਾ ਜਾਵੇਗਾ। ਉਸ ਨੂੰ ਅਜਿਹਾ

ਬਾਕੀ ਸਫ਼ਾ 32 'ਤੇ

## ਦਿਆਲ ਸਿੰਘ ਕਾਲਜ ਦਾ ਨਾਂਅ ਨਾ ਬਦਲਿਆ ਜਾਵੇ : ਜਥੇਦਾਰ ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼:** ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾਂਵਿਦਿਆਲਾ ਰੱਖਣ ਦਾ ਮਾਮਲਾ ਭਖ਼ਦਾ ਜਾ ਰਿਹਾ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਾਲਜ ਪ੍ਰਬੰਧਕਾਂ ਨੂੰ ਆਖਿਆ ਕਿ ਉਹ ਕਾਲਜ ਦਾ ਨਾਂ ਮੁੜ ਦਿਆਲ ਸਿੰਘ ਕਾਲਜ ਰੱਖਣ। ਇਸ ਮਾਮਲੇ ਵਿੱਚ ਕਈ ਸਿੱਖ ਜਥੇਬੰਦੀਆਂ ਸਖ਼ਤ ਵਿਰੋਧ ਕਰ ਰਹੀਆਂ ਹਨ ਤੇ ਦਿੱਲੀ ਕਮੇਟੀ, ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਵੱਲੋਂ ਵੀ ਨਾਂ ਬਦਲਣ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਬੰਧਕਾਂ ਨੂੰ ਕਾਲਜ ਦਾ ਨਾਂ ਦਿਆਲ ਸਿੰਘ ਕਾਲਜ ਰੱਖਣ ਦੀ ਹਦਾਇਤ ਕੀਤੀ ਤੇ ਆਖਿਆ ਕਿ ਕਾਲਜ ਦਾ ਨਾਮ ਬਦਲ ਕੇ ਕਾਲਜ ਕਮੇਟੀ ਨੇ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਮਿਟਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਸਿੱਖਾਂ ਦੇ ਨਾਵਾਂ 'ਤੇ ਚਲਦੇ ਕਿਸੇ ਅਦਾਰੇ ਦਾ ਨਾਮ ਨਹੀਂ ਬਦਲਿਆ ਗਿਆ, ਪਰ ਭਾਰਤ ਵਿੱਚ ਸੰਸਥਾਵਾਂ, ਸੜਕਾਂ ਤੇ ਚੌਰਾਹਿਆਂ ਦੇ ਨਾਂ ਬਦਲੇ ਜਾ ਰਹੇ ਹਨ, ਜੋ ਵਿਰਾਸਤ ਨੂੰ ਢਾਹ ਲਾਉਣ ਦੀ ਕਾਰਵਾਈ ਹੈ।

**ਬੁੱਧੀਜੀਵੀਆਂ ਤੇ ਵਕੀਲਾਂ ਨੇ ਕੀਤਾ ਵਿਰੋਧ**

ਚੰਡੀਗੜ੍ਹ /ਬਿਊਰੋ ਨਿਊਜ਼: ਸਿੱਖ ਬੁੱਧੀਜੀਵੀਆਂ ਸਮੇਤ ਵੱਖ ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੇ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੀ ਨਿਖੇਧੀ ਕੀਤੀ ਹੈ ਤੇ ਇਹ ਫ਼ੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਵਕੀਲ ਆਰ.ਐੱਸ. ਚੀਮਾ, ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ, ਆਰ.ਐੱਸ. ਘੁੰਮਣ, ਪੱਤਰਕਾਰ ਸਰਬਜੀਤ ਧਾਲੀਵਾਲ, ਵਕੀਲ ਮਨਜੀਤ ਸਿੰਘ ਖਹਿਰਾ, ਡਾ. ਹਰਿੰਦਰ ਕੌਰ ਅਤੇ ਪ੍ਰੋ. ਕੰਵਲਜੀਤ ਕੌਰ ਢਿੱਲੋਂ ਨੇ ਸਾਂਝੇ ਬਿਆਨ ਰਾਹੀਂ ਕਿਹਾ ਹੈ ਕਿ ਦਿਆਲ ਸਿੰਘ ਮਜੀਠੀਆ ਦੀ ਕੌਮ ਨੂੰ ਵੱਡੀ ਦੇਣ ਹੈ ਤੇ ਉਨ੍ਹਾਂ ਦੇ ਨਾਂ 'ਤੇ ਚੱਲ ਰਹੇ ਕਾਲਜ ਦਾ ਨਾਂ ਬਦਲਣਾ ਮੰਦਭਾਗਾ ਫ਼ੈਸਲਾ ਹੈ।

**ਨਾਂ-ਬਦਲੀ ਤੋਂ ਪਰਵਾਸੀ ਵੀ ਨਿਰਾਸ਼**

ਕਰਨਾਲ: ਦਿੱਲੀ ਸਥਿਤ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਤੋਂ ਪਰਵਾਸੀ ਭਾਰਤੀ ਵੀ ਨਿਰਾਸ਼ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਮਾਮਲੇ 'ਤੇ ਗੌਰ ਕਰਨ ਦੀ ਅਪੀਲ ਕੀਤੀ ਹੈ। ਮੈਲਬਰਨ (ਆਸਟਰੇਲੀਆ) ਰਹਿੰਦੇ ਪੰਕਜ ਕਹਿਲ ਨੇ ਕਾਲਜ ਦਾ ਨਾਮ ਬਦਲਣ ਦੇ ਫ਼ੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਮਰਹੂਮ ਵਾਈ ਕੇ ਕਹਿਲ, ਦਿਆਲ ਸਿੰਘ ਕਾਲਜ ਵਿੱਚ 30 ਸਾਲ ਤੋਂ ਵੱਧ ਸਮਾਂ ਪ੍ਰੋਫ਼ੈਸਰ ਰਹੇ ਤੇ ਉਨ੍ਹਾਂ ਦੀਆਂ ਅਮੁੱਲ ਯਾਦਾਂ ਕਾਲਜ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕੇਂਦਰ ਸਰਕਾਰ ਤੇ ਦਿੱਲੀ ਯੂਨੀਵਰਸਿਟੀ ਦਾ ਦਖ਼ਲ ਮੰਗਿਆ। ਦੋ ਵਾਰ ਕਾਂਗਰਸ ਵਿਧਾਇਕਾ ਰਹੀ ਸੁਮਿਤਾ ਸਿੰਘ ਨੇ ਵੀ ਕਾਲਜ ਦਾ ਨਾਂ ਬਦਲਣ ਦੀ ਨਿਖੇਧੀ ਕੀਤੀ ਹੈ।

## ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਨਹੀਂ ਦਿੱਤਾ ਜਾਵੇਗਾ: ਨਈਅਰ

**ਨਵੀਂ ਦਿੱਲੀ/ਬਿਊਰੋ ਨਿਊਜ਼**

ਪ੍ਰਸਿੱਧ ਲਿਖਾਰੀ, ਕਾਲਮਨਵੀਸ ਤੇ ਰਾਸ਼ਟਰੀ ਸ਼ਖ਼ਸੀਅਤ ਕੁਲਦੀਪ ਨਈਅਰ ਨੇ ਫੈਸਲਾ ਕੀਤਾ ਹੈ ਕਿ ਉਹ ਦਿਆਲ ਸਿੰਘ ਕਾਲਜ ਦੇ ਨਾਮ ਬਦਲਣ ਦਾ ਮਾਮਲਾ ਆਪਣੇ ਹੱਥ ਵਿੱਚ ਲੈਣਗੇ ਤੇ ਸਰਕਾਰ ਦੇ ਨਾਲ ਨਾਲ ਸਾਰੇ ਹਿਤਧਾਰਕਾਂ ਨਾਲ ਇਸ ਮਸਲੇ ਨੂੰ ਚੁੱਕਣਗੇ। ਇਹ ਫੈਸਲਾ ਅੱਜ ਕੁਲਦੀਪ ਨਈਅਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਵਿੱਚ ਇਹ ਤਹੱਈਆ ਕੀਤਾ ਗਿਆ ਕਿ ਕਿਸੇ ਵੀ ਹਾਲਾਤ ਵਿਚ ਦਿਆਲ ਸਿੰਘ ਕਾਲਜ ਦੇ ਨਾਮ ਬਦਲਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਇਸ ਮੌਕੇ ਅਕਾਦਮਿਕ ਸ਼ਖ਼ਸੀਅਤਾਂ ਨੇ ਸਵਰਗੀ ਦਿਆਲ ਸਿੰਘ ਮਜੀਠੀਆ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਮਜੀਠੀਆ ਵੱਲੋਂ ਹੀ ਦੇਸ਼ ਦਾ ਪਹਿਲਾ ਬੈਂਕ ਪੰਜਾਬ ਨੈਸ਼ਨਲ ਬੈਂਕ ਸ਼ੁਰੂ ਕੀਤਾ ਗਿਆ ਸੀ ਤੇ ਫਿਰ 'ਟ੍ਰਿਬਿਊਨ ਅਖ਼ਬਾਰ', ਪਬਲਿਕ ਲਾਇਬ੍ਰੇਰੀ, ਸਕੂਲ ਤੇ ਕਾਲਜ ਆਦਿ ਸਥਾਪਤ ਕਰਵਾਏ ਗਏ। ਅਕਾਦਮਿਕ ਸ਼ਖ਼ਸੀਅਤਾਂ ਨੇ ਕਿਹਾ ਕਿ ਸਮਾਜ ਸੁਧਾਰਕ ਵਜੋਂ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਮਿਲਣੀ ਚਾਹੀਦੀ ਹੈ। ਮੀਟਿੰਗ ਨੇ ਇਸ ਮਾਮਲੇ 'ਤੇ ਚਰਚਾ ਕੀਤੀ ਤੇ ਮਹਿਸੂਸ ਕੀਤਾ ਕਿ ਕੁਝ ਤਾਕਤਾਂ ਇਸ ਨੂੰ ਫਿਰਕੂ ਤੇ ਧਾਰਮਿਕ ਰੰਗਤ ਦੇਣਾ ਚਾਹੁੰਦੀਆਂ ਹਨ। ਅਖ਼ੀਰ ਇਹ ਫੈਸਲਾ ਕੀਤਾ ਗਿਆ ਕਿ ਕਾਲਜ ਦਾ ਨਾਮ ਬਦਲਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਨਾ ਹੀ ਇਸ ਵਿੱਚ ਕੋਈ ਫਿਰਕੂ ਜਾਂ ਧਾਰਮਿਕ ਰੰਗਤ ਦੇਣ ਦਿੱਤੀ ਜਾਵੇਗੀ।

**ਪੰਜਾਬੀ ਬੋਲੀ ਅਤੇ ਭਾਸ਼ਾ ਦੇ ਮੌਜੂਦਾ ਹਾਲ ਸਬੰਧੀ ਪੰਜਾਬੀ ਟ੍ਰਿਬਿਊਨ ਵਲੋਂ ਵੱਖ ਵੱਖ ਸੰਸਥਾਵਾਂ ਦੀ ਕਰਾਗੁਜ਼ਾਰੀ ਅਤੇ ਖੇਤਰਾਂ ਦੇ ਵਿਦਵਾਨਾਂ ਨਾਲ ਕੀਤੀ ਗੱਲਬਾਤ ਉੱਤੇ ਅਧਾਰਿਤ ਵਿਸ਼ੇਸ਼ ਰਿਪੋਟਰ ਦੇ ਕੁਝ ਅੰਸ਼ ਅਸੀਂ ਅਪਨੇ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ-ਸੰਪਾਦਕ**

# ਪੰਜਾਬੀਏ, ਤੇਰਾ ਕੌਣ ਵਿਚਾਰਾ...

## *ਚੋਣਵੇਂ ਵਿਸ਼ੇ ਵਜੋਂ ਪੰਜਾਬੀ ਪੜ੍ਹਨ ਵਾਲਿਆਂ ਦੀ ਗਿਣਤੀ ਘਟੀ*

**ਸੰਜੀਵ ਸਿੰਘ ਬਰਿਆਣਾ**



ਕਿਸੇ ਭਾਸ਼ਾ ਨੂੰ ਜਿਉਂਦਾ ਰੱਖਣ ਤੇ ਉਸ ਦੇ ਵਿਕਾਸ ਲਈ ਸਭ ਤੋਂ ਜ਼ਰੂਰੀ ਤੇ ਅਹਿਮ ਹੈ ਕਿ ਉਸ ਨੂੰ ਬੋਲਣ ਚਾਲਣ ਵਾਲਿਆਂ ਦੀ ਵੱਡੀ ਗਿਣਤੀ ਹੋਵੇ। ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਭਾਸ਼ਾ ਦੀ ਕੀਤੀ ਚੋਣ ਦੇ ਅੰਕੜਿਆਂ ਤੇ ਸਿੱਖਣ ਸਮਰੱਥਾ ਦੇ ਨਤੀਜਿਆਂ ਤੋਂ ਸਾਫ਼ ਹੈ ਕਿ ਪੰਜਾਬੀ ਭਾਸ਼ਾ ਹੌਲੀ ਹੌਲੀ ਆਪਣਾ ਅਧਾਰ ਗੁਆਉਣ ਲੱਗੀ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ 12ਵੀਂ ਜਮਾਤ ਤਕ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬੀ 'ਲਾਜ਼ਮੀ' ਵਿਸ਼ੇ ਵਜੋਂ ਪੜ੍ਹਨੀ ਪੈਂਦੀ ਹੈ, ਪਰ ਪੰਜਾਬੀ ਦਾ ਸਾਹਿਤਕ ਰੂਪ ਦਸਵੀਂ ਤੋਂ ਬਾਅਦ 'ਚੋਣਵੇਂ' ਵਿਸ਼ੇ ਵਜੋਂ ਸਾਹਮਣੇ ਆਉਂਦਾ ਹੈ। ਚੋਣਵਾਂ ਵਿਸ਼ਾ ਹੋਣ ਕਰਕੇ ਇਹ ਵਿਦਿਆਰਥੀ 'ਤੇ ਨਿਰਭਰ ਕਰਦਾ ਹੈ ਕਿ ਉਹ ਅੱਗੋਂ ਪੰਜਾਬੀ ਪੜ੍ਹਦਾ ਹੈ ਕਿ ਨਹੀਂ। ਪੰਜਾਬੀ ਨੂੰ 'ਚੋਣਵੇਂ' ਵਿਸ਼ੇ ਵਜੋਂ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਤੇਜ਼ੀ ਨਾਲ ਘਟੀ ਹੈ। ਸਾਲ 1995 ਵਿੱਚ 40 ਫੀਸਦ ਦੇ ਕਰੀਬ ਵਿਦਿਆਰਥੀਆਂ ਨੇ 12ਵੀਂ ਜਮਾਤ ਤਕ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ। ਸਾਲ 2017 ਵਿੱਚ ਇਹ ਅੰਕੜਾ ਘਟ ਕੇ 24 ਫੀਸਦ ਰਹਿ ਗਿਆ। ਉਂਜ ਇਸ ਨਿਘਾਰ ਦਾ ਇਕ ਵੱਡਾ ਕਾਰਨ ਵਿਦਿਆਰਥੀਆਂ ਵੱਲੋਂ ਸਾਇੰਸ ਜਾਂ ਕਾਮਰਸ ਵਿਸ਼ਿਆਂ ਨੂੰ ਤਰਜੀਹ ਦੇਣਾ ਹੈ। ਹਾਲਾਂਕਿ ਆਰਟਸ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਨੇ ਵੀ ਨਿਰਾਸ਼ ਕੀਤਾ ਹੈ। 1995 ਵਿੱਚ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਲੈਣ ਵਾਲੇ ਆਰਟਸ ਦੇ ਵਿਦਿਆਰਥੀਆਂ ਦੀ ਗਿਣਤੀ 46 ਫੀਸਦ ਸੀ ਜਿਹੜੀ ਅੱਜ ਘੱਟ ਕੇ 35 ਫੀਸਦ ਰਹਿ ਗਈ ਹੈ। ਐਨਜੀਓ ਪ੍ਰਥਮ ਵੱਲੋਂ ਸਿੱਖਿਆ ਦੇ ਸਾਲਾਨਾ ਸਟੇਟਸ ਬਾਰੇ ਤਿਆਰ ਰਿਪੋਰਟ ਮੁਤਾਬਕ ਚੌਥੀ ਜਮਾਤ ਦੇ 46 ਫੀਸਦ ਬੱਚੇ ਦੂਜੀ ਜਮਾਤ ਦੀ ਪੰਜਾਬੀ ਦੀਆਂ ਪੁਸਤਕਾਂ ਠੀਕ ਢੰਗ ਨਾਲ ਨਹੀਂ ਪੜ੍ਹ ਸਕਦੇ। ਇਨ੍ਹਾਂ 'ਚ 4.4 ਫੀਸਦ ਬੱਚੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਤੀਜੀ ਜਮਾਤ ਤਕ ਪੰਜਾਬੀ ਅੱਖਰਾਂ ਦੀ ਸਮਝ ਨਹੀਂ ਤੇ 20 ਫੀਸਦ ਉਹ ਹਨ, ਜੋ ਪਹਿਲੀ ਜਮਾਤ ਦੀ ਪਾਠ ਪੁਸਤਕ ਪੜ੍ਹਨ ਤੋਂ ਕੋਰੇ ਹਨ। ਅਧਿਆਪਕਾਂ ਦੀ ਘਾਟ: ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਜਨਰਲ ਸਕੱਤਰ ਦਵਿੰਦਰ ਪੂਨੀਆ ਨੇ ਕਿਹਾ ਕਿ ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ 1500 ਸੀਨੀਅਰ ਸੈਕੰਡਰੀ ਸਕੂਲਾਂ 'ਚ ਪੰਜਾਬੀ ਅਧਿਆਪਕਾਂ ਦੀਆਂ 1700 ਮਨਜ਼ੂਰਸ਼ੁਦਾ ਪੋਸਟਾਂ ਦੇ ਮੁਕਾਬਲੇ 1113 ਅਧਿਆਪਕ ਉਪਲਬਧ ਹਨ।

ਮੰਗ ਦਾ ਘਟਣਾ: ਸਮਾਜਿਕ ਤੇ ਆਰਥਿਕ ਕਾਰਨਾਂ ਕਰਕੇ ਵੀ ਵਿਦਿਆਰਥੀ ਪੰਜਾਬੀ ਤੋਂ ਮੁੱਖ ਮੋੜਨ ਲੱਗੇ ਹਨ। ਖਰੜ ਨੇੜਲੇ ਇਕ ਸਰਕਾਰੀ ਸਕੂਲ ਦੀ ਅਧਿਆਪਕਾ ਮੁਤਾਬਕ ਅੱਜਕੱਲ੍ਹ ਵਿਦਿਆਰਥੀ ਉਨ੍ਹਾਂ ਵਿਸ਼ਿਆਂ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ 'ਚ ਉਨ੍ਹਾਂ ਨੂੰ ਰੁਜ਼ਗਾਰ ਦੇ ਵਧੇਰੇ ਮੌਕੇ ਲਗਦੇ ਹਨ। ਲਿਹਾਜ਼ਾ ਉਹ ਪ੍ਰੋਫੈਸ਼ਨਲ ਕੋਰਸਾਂ ਵੱਲ ਖਿੱਚੇ ਚਲੇ ਜਾਂਦੇ ਹਨ। ਫ਼ਾਜ਼ਿਲਕਾ ਦੇ ਇਕ ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਵੱਡੀ ਗਿਣਤੀ ਪੰਜਾਬੀ ਮਾਪੇ ਹੀ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਭਾਸ਼ਾ ਸਿੱਖਣ। ਵਿਦਿਆਰਥੀਆਂ ਦੇ ਬਾਹਰ ਜਾਣ ਦੀ ਇੱਛਾ ਕਰਕੇ ਕਈ ਨਿੱਜੀ ਸਕੂਲ ਵਿਦੇਸ਼ੀ ਭਾਸ਼ਾਵਾਂ ਫਰੈਂਚ, ਜਰਮਨ ਜਾਂ ਚੀਨੀ ਭਾਸ਼ਾ ਸਿਖਾਉਣ ਨੂੰ ਤਰਜੀਹ ਦਿੰਦੇ ਹਨ। ਇਹੀ ਨਹੀਂ ਸਰਕਾਰੀ ਸਕੂਲਾਂ 'ਚ ਪੰਜਾਬੀ ਪੜ੍ਹਾਉਂਦੇ ਅਧਿਆਪਕਾਂ ਦੇ ਆਪਣੇ ਬੱਚੇ ਵੀ ਨਿੱਜੀ ਸਕੂਲਾਂ 'ਚ ਪੰਜਾਬੀ ਤੋਂ ਭੱਜਦੇ ਹਨ।

# ਪੰਜਾਬੀ ਦਾ ਯੋਗ ਸਥਾਨ: ਰੌਲੇ ਦੀ ਥਾਂ ਠੋਸ ਕੰਮ ਕਰਨ ਦੀ ਲੋੜ

**ਡਾ. ਹਰਜਿੰਦਰ ਸਿੰਘ ਤੇ ਡਾ. ਭੋਜ ਰਾਜ**



ਅੱਜਕੱਲ੍ਹ ਪੰਜਾਬੀ ਨੂੰ ਲੈ ਕੇ ਅਚਾਨਕ ਮਾਹੌਲ ਗਰਮਾ ਗਿਆ ਹੈ। ਸ਼ਾਹਰਾਹਾਂ 'ਤੇ ਲੱਗੀਆਂ ਤਖ਼ਤੀਆਂ ਉੱਤੇ ਪੰਜਾਬੀ ਦੇ ਯੋਗ ਸਥਾਨ ਨੂੰ ਲੈ ਕੇ ਚੱਲੀ ਗੱਲ ਤੋਂ ਕਈ ਸੈਮੀਨਾਰ ਅਤੇ ਮੁਜ਼ਾਹਰੇ ਵੀ ਹੋਏ ਹਨ ਜਿਨ੍ਹਾਂ ਵਿੱਚ ਸਿੱਖਿਆ ਮਾਧਿਅਮ ਦੇ ਤੌਰ 'ਤੇ ਪੰਜਾਬੀ ਦੀ ਵਰਤੋਂ ਤੇ ਪੰਜਾਬੀ ਸੱਭਿਆਚਾਰ ਦੇ ਵਾਹਨ ਵਜੋਂ ਪੰਜਾਬੀ ਦੇ ਮਹੱਤਵ 'ਤੇ ਗਰਮਜੋਸ਼ੀ ਨਾਲ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਵੱਲੋਂ ਉਠਾਏ ਗਏ ਕੁਝ ਕਦਮਾਂ ਵਿੱਚ ਵੀ ਪੰਜਾਬੀ ਖਿਲਾਫ਼ ਸਾਜ਼ਿਸ਼ ਦੀ ਗੱਲ ਕੀਤੀ ਜਾ ਰਹੀ ਹੈ। ਪਰ ਇਸ ਸਾਰੇ ਸ਼ੋਰ-ਸ਼ਰਾਬੇ ਵਿੱਚ ਪੰਜਾਬੀ ਨਾਲ ਜੁੜੇ ਇੱਕ ਅਹਿਮ ਮੁੱਦੇ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ ਜਿਸ ਦਾ ਜ਼ਿੰਮਾ ਵੀ ਕੇਂਦਰ ਸਰਕਾਰ ਜਾਂ ਕਿਸੇ ਬਾਹਰਲੀ ਤਾਕਤ ਦਾ ਨਹੀਂ ਸਗੋਂ ਸਾਡਾ ਆਪਣਾ ਹੀ ਹੈ। ਇਹ ਅਹਿਮ ਮੁੱਦਾ ਹੈ ਪੰਜਾਬੀ ਨੂੰ ਵਿਕਸਿਤ ਕਰਕੇ ਉੱਚ ਪੱਧਰੀ ਗਿਆਨ- ਵਿਗਿਆਨ ਦੀ ਵਾਹਕ ਤੇ ਉਚੇਰੀ ਸਿੱਖਿਆ ਦਾ ਮਾਧਿਅਮ ਬਣਨ ਦੇ ਯੋਗ ਬਣਾਉਣ ਦਾ। ਇਸ ਮੰਤਵ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਕਈ ਅਦਾਰਿਆਂ ਨੂੰ ਚੋਖੇ ਸਾਧਨ ਮੁਹੱਈਆ ਕਰਵਾ ਕੇ ਟੀਚੇ ਦਿੱਤੇ ਗਏ ਸਨ ਜਿਨ੍ਹਾਂ ਦੀ ਪ੍ਰਾਪਤੀ ਪੱਖੋਂ ਉਹ ਉਮੀਦਾਂ 'ਤੇ ਪੂਰੇ ਨਹੀਂ ਉਤਰੇ। ਅਫ਼ਸੋਸ ਦੀ ਗੱਲ ਹੈ ਕਿ ਇਸ ਪੱਧਰ 'ਤੇ ਮਾੜੀ ਕਾਰਗੁਜ਼ਾਰੀ ਉੱਤੇ ਸਵਾਲ ਕਰਨ ਦੀ ਬਜਾਏ ਕਈ ਲੋਕਾਂ ਨੇ ਪੰਜਾਬੀ ਦੇ ਰੁਤਬੇ ਦੀ ਕਸੌਟੀ ਰਾਜ ਮਾਰਗਾਂ 'ਤੇ ਲੱਗੀਆਂ ਤਖ਼ਤੀਆਂ ਉੱਤੇ ਪੰਜਾਬੀ ਦੇ ਸਥਾਨ ਨੂੰ ਹੀ ਬਣਾ ਲਿਆ ਹੈ।

ਬੇਸ਼ੱਕ ਸਾਡੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੈ ਅਤੇ ਪੰਜਾਬ ਸਰਕਾਰ ਦੇ ਵੱਖ ਵੱਖ ਅਦਾਰਿਆਂ ਤੇ ਪ੍ਰਸ਼ਾਸਨ ਵਿੱਚ ਵੀ ਕਾਫ਼ੀ ਹੱਦ ਤਕ ਪੰਜਾਬੀ ਦੀ ਵਰਤੋਂ ਹੁੰਦੀ ਹੈ। ਤਹਿਸੀਲ ਪੱਧਰ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਵੀ ਜ਼ਿਆਦਾਤਰ ਪੰਜਾਬੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਇਹ ਉਹ ਦੁਨੀਆਂ ਹੈ ਜਿਸ ਵਿੱਚ ਆਮ ਵਿਅਕਤੀ ਵਿਚਰਦਾ ਹੈ ਜੋ ਜ਼ਿਆਦਾਤਰ ਪੇਂਡੂ ਜਾਂ ਛੋਟੇ ਕਸਬਿਆਂ ਵਿੱਚੋਂ ਹੈ ਤੇ ਆਰਥਿਕ ਤੌਰ 'ਤੇ ਵੀ ਪਸਮਾਂਦਾ ਹੈ। ਦੂਜੀ ਦੁਨੀਆਂ ਖਾਂਦੇ-ਪੀਂਦੇ ਮੱਧ ਵਰਗ ਤੇ ਉੱਚ ਮੱਧ ਵਰਗ ਦੀ ਹੈ ਜੋ ਜ਼ਿਆਦਾਤਰ ਸ਼ਹਿਰੀ ਹੈ। ਇਸ ਤਬਕੇ ਨੂੰ ਪੰਜਾਬੀ ਦੇ ਹੱਕ ਵਿੱਚ ਰਾਜਨੀਤਕ ਬਿਆਨਬਾਜ਼ੀ ਕਰਨ ਤੇ ਸ਼ੌਕੀਆ ਜਿਹੇ ਉਦਰੇਵੇਂ ਦੀ ਭਾਵਨਾ ਪ੍ਰਗਟ ਕਰਨ ਤੋਂ ਸਿਵਾਏ ਇਸ ਨਾਲ ਕੋਈ ਜ਼ਿਆਦਾ ਹੇਜ ਨਹੀਂ ਹੈ ਕਿਉਂਕਿ ਇਸ ਨੂੰ ਪਤਾ ਹੈ ਕਿ ਅੱਜ ਦੇ ਵਿਸ਼ਵੀਕ੍ਰਿਤ ਸੰਸਾਰ ਵਿੱਚ ਉਸ ਦੇ ਬੱਚਿਆਂ ਲਈ ਰੁਜ਼ਗਾਰ ਦੇ ਵਧੀਆ ਸਾਧਨ ਅਕਸਰ ਪੰਜਾਬ ਤੋਂ ਬਾਹਰ ਅਤੇ ਉਹ ਵੀ ਅੰਗਰੇਜ਼ੀ ਦੇ ਸਹਾਰੇ ਹੀ ਉਪਲੱਬਧ ਹਨ। ਅੱਜਕੱਲ੍ਹ ਬਾਹਰ ਜਾਣ ਦੀ ਹੋੜ ਵਿੱਚ ਪਿੰਡਾਂ ਦੇ ਮੁੰਡੇ-ਕੁੜੀਆਂ ਨੂੰ ਵੀ ਅੰਗਰੇਜ਼ੀ ਸਿੱਖਣ ਲਈ ਪ੍ਰਾਈਵੇਟ ਅਦਾਰਿਆਂ ਵਿੱਚ ਮੋਟੀਆਂ ਰਕਮਾਂ ਖਰਚ ਕਰਦੇ ਦੇਖਿਆ ਜਾ ਸਕਦਾ ਹੈ।

ਸਪਸ਼ਟ ਹੈ ਕਿ ਪੰਜਾਬੀ ਸਹਾਰੇ ਪੜ੍ਹਨ-ਲਿਖਣ ਤੇ ਰੁਜ਼ਗਾਰ ਪ੍ਰਾਪਤ ਕਰਨ ਵਾਲਾ ਕਿਹੜਾ ਤਬਕਾ ਰਹਿ ਗਿਆ ਹੈ। ਭਾਵੇਂ ਇਸ ਨੂੰ ਵੀ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਜਿਹੇ ਲਾਰੇ ਲਗਾਏ ਜਾਂਦੇ ਹਨ, ਪਰ ਅਸਲੀਅਤ ਇਹ ਹੈ ਕਿ ਇਸ ਨੂੰ ਅਪਣੀ ਸਮਝ-ਬੂਝ ਵਧਾਉਣ ਲਈ ਪੰਜਾਬੀ ਦਾ ਹੀ ਸਹਾਰਾ ਹੈ। ਸਮਾਜ ਵਿੱਚ ਤਿੱਖੀ ਹੋ ਰਹੀ ਵਰਗ ਵੰਡ ਤੇ ਉਸ ਦੇ ਨਤੀਜੇ ਵਜੋਂ ਮਹਿੰਗੀ ਹੋ ਰਹੀ ਸਿੱਖਿਆ- ਜਿਸ ਦੇ ਮਿਆਰ ਦੀ ਕਸੌਟੀ ਹੁਣ ਅੰਗਰੇਜ਼ੀ ਮਾਧਿਅਮ ਬਣ ਚੁੱਕਿਆ ਹੈ, ਇਸ ਤਬਕੇ ਦੀ ਪਹੁੰਚ ਤੋਂ ਬਾਹਰ ਹੈ। ਇਸ ਤਬਕੇ ਲਈ ਪੰਜਾਬੀ ਭਾਸ਼ਾ ਹੀ ਗਿਆਨ ਦਾ ਇੱਕੋ-ਇੱਕ ਰਾਹ ਹੈ। ਜੇ ਜਮਹੂਰੀ ਆਦਰਸ਼ਾਂ ਅਨੁਸਾਰ ਇਸ ਨੂੰ ਮਿਆਰੀ ਸਿੱਖਿਆ ਦੇਣੀ ਹੈ ਤਾਂ ਸਿਰਫ਼ ਸਕੂਲ ਪੱਧਰ ਤਕ ਹੀ ਨਹੀਂ ਸਗੋਂ ਉਚੇਰੀ ਸਿੱਖਿਆ ਵੀ ਪੰਜਾਬੀ ਵਿੱਚ ਉਪਲੱਬਧ ਹੋਣੀ ਚਾਹੀਦੀ ਹੈ। ਇਹ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਨਾਲ ਹੀ ਸੰਭਵ ਹੋ ਸਕਦਾ ਹੈ।

ਇਹ ਗੱਲ ਸਹੀ ਹੈ ਕਿ ਸਾਹਿਤ, ਕਲਾ, ਸਭਿਆਚਾਰ ਅਤੇ ਕਾਫ਼ੀ ਹੱਦ ਤਕ ਸਮਾਜ-ਵਿਗਿਆਨਕ ਵਿਸ਼ਿਆਂ ਦੀ ਪੜ੍ਹਾਈ ਲਈ ਪੰਜਾਬੀ ਦੀ ਵਰਤੋਂ ਵਿੱਚ ਕੋਈ ਖ਼ਾਸ ਕਠਿਨਾਈ ਨਹੀਂ ਆਉਂਦੀ, ਪਰ ਅੱਜ ਦੇ ਵਿਗਿਆਨ ਅਤੇ ਤਕਨੀਕੀ ਵਿਕਾਸ ਦੇ ਯੁੱਗ ਵਿੱਚ ਰੁਜ਼ਗਾਰ ਪ੍ਰਾਪਤੀ ਲਈ ਵਿਗਿਆਨ ਤੇ ਤਕਨਾਲੋਜੀ ਦੀ ਵੀ ਸਖ਼ਤ ਜ਼ਰੂਰਤ ਹੈ। ਸੋ ਇਨ੍ਹਾਂ ਵਿਸ਼ਿਆਂ ਦੀ ਉੱਚ ਪੱਧਰੀ ਸਿੱਖਿਆ ਲਈ ਪੰਜਾਬੀ ਭਾਸ਼ਾ ਨੂੰ ਸਮਰੱਥ ਬਣਾਇਆ ਜਾਵੇ। ਭਾਵੇਂ ਲੋਕ ਪਰਚਾਵੇ ਲਈ ਹੀ ਸਹੀ, ਪੰਜਾਬੀ ਦੇ ਵਿਕਾਸ ਲਈ ਲੋੜੀਂਦੀ ਰਾਜਨੀਤਕ ਇੱਛਾ ਸ਼ਕਤੀ ਤਹਿਤ ਇਸ ਦੀ ਜ਼ਿੰਮੇਵਾਰੀ ਯੂਨੀਵਰਸਿਟੀਆਂ ਤੇ ਹੋਰ ਅਜਿਹੇ ਅਦਾਰਿਆਂ ਨੂੰ ਦਿੱਤੀ ਗਈ ਜਿੱਥੇ ਭਾਸ਼ਾ ਦੇ ਵਿਕਾਸ ਲਈ ਕਈ-ਕਈ ਵਿਭਾਗ ਖੋਲ੍ਹੇ ਗਏ ਤੇ ਮਾਇਕ ਸਹਾਇਤਾ ਦੀ ਵੀ ਤੋਟ ਨਹੀਂ ਰਹਿਣ ਦਿੱਤੀ। ਇਹ ਕੰਮ ਇਸ ਪੱਧਰ ਦੇ ਅਦਾਰਿਆਂ ਵਿੱਚ ਹੀ ਹੋ ਸਕਦਾ ਸੀ, ਪਰ ਹੋਇਆ ਨਹੀਂ। ਯੂਨੀਵਰਸਿਟੀਆਂ ਵਿੱਚ ਪਸਰੀ ਪੇਤਲੀ ਰਾਜਨੀਤੀ (ਜਿਸ ਲਈ ਛੇਕੜ ਪੰਜਾਬੀ ਦੇ ਵਿਕਾਸ ਦਾ ਨਾਅਰਾ ਲਗਾਉਣ ਵਾਲੇ ਸਿਆਸਤਦਾਨ ਹੀ ਜ਼ਿੰਮੇਵਾਰ ਸਨ) ਅਤੇ ਇਸ ਰਾਜਨੀਤੀ ਦਾ ਫ਼ਾਇਦਾ ਚੁੱਕਣ ਵਾਲੇ ਕਈ ਪ੍ਰਤਿਭਾਹੀਣ ਖੋਜੀ ਤੇ ਅਧਿਆਪਕ ਅਜਿਹੀ ਖਿਚੜੀ ਪਕਾਉਂਦੇ ਰਹੇ ਜਿਸ ਨਾਲ ਉਨ੍ਹਾਂ ਦਾ ਆਪਣਾ ਭਰਪੂਰ ਵਿਕਾਸ ਹੋਇਆ, ਪਰ ਪੰਜਾਬੀ ਭਾਸ਼ਾ ਦਾ ਨਹੀਂ।

ਭਾਸ਼ਾ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਕੋਈ ਵੀ ਭਾਸ਼ਾ ਚੰਗੀ-ਮਾੜੀ ਨਹੀਂ ਹੁੰਦੀ। ਫਿਰ ਵੀ ਇਸ ਨੂੰ ਕਿਸੇ ਖ਼ਾਸ ਉਦੇਸ਼ ਦੀ ਪ੍ਰਾਪਤੀ ਵਾਸਤੇ ਸਮਰੱਥ ਬਣਾਉਣ ਲਈ ਸੁਯੋਗ ਤੇ ਪ੍ਰਤਿਭਾਸ਼ਾਲੀ ਵਿਦਵਾਨਾਂ ਦੀ ਲੋੜ ਹੁੰਦੀ ਹੈ। ਕਿੰਨੀਆਂ ਹੀ ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਵਿਗਿਆਨ ਦੀ ਮਿਆਰੀ ਪੜ੍ਹਾਈ ਤੇ ਖੋਜ ਹੋ ਰਹੀ ਹੈ। ਇਹ ਸਭ ਪੰਜਾਬੀ ਵਿੱਚ ਕਿਉਂ ਸੰਭਵ ਨਹੀਂ ਹੋਇਆ? ਇਸ ਮੰਤਵ ਲਈ ਪਹਿਲੀ ਜ਼ਰੂਰਤ ਵਿਗਿਆਨਕ ਸ਼ਬਦਾਵਲੀ ਦਾ ਨਿਰਮਾਣ ਕਰਨਾ ਹੈ। ਇਹ ਆਪਣੇ-ਆਪ ਵਿੱਚ ਹੀ ਇੱਕ ਚੁਣੌਤੀ ਹੈ। ਇਸ ਕਾਰਜ ਵਿਦਵਾਨਾਂ ਦੀ ਇੱਕ ਟੀਮ ਬਣਾਈ ਜਾਂਦੀ ਹੈ ਤੇ ਉਸ ਦੀ ਪ੍ਰਗਤੀ ਨੂੰ ਹਰ ਕਦਮ 'ਤੇ ਪਰਖਿਆ ਜਾਂਦਾ ਹੈ। ਇਸ ਦਾ ਵਿਸ਼ਲੇਸ਼ਣ ਕਰਕੇ ਹੋਰਾਂ ਦੇ ਸੁਝਾਅ ਲਏ ਜਾਂਦੇ ਹਨ ਤੇ ਅੰਤ ਵਿੱਚ ਪ੍ਰਮਾਣਿਕ ਤੇ ਮਿਆਰੀ ਸ਼ਬਦਾਵਲੀ ਘੜੀ ਜਾਂਦੀ ਹੈ ਜਿਸ ਦੇ ਆਧਾਰ 'ਤੇ ਗਿਆਨ ਵਿਗਿਆਨ ਦੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਹਨ ਜਾਂ ਅੰਗਰੇਜ਼ੀ ਸਮੇਤ ਹੋਰਾਂ ਭਾਸ਼ਾਵਾਂ ਤੋਂ ਉਨ੍ਹਾਂ ਦਾ ਪੰਜਾਬੀ ਅਨੁਵਾਦ ਕਰ ਲਿਆ ਜਾਂਦਾ ਹੈ। ਦੇਖਣ ਨੂੰ ਇਹ ਨਿਯਮ ਬੜਾ ਸਰਲ ਲੱਗਦਾ ਹੈ, ਪਰ ਇਸ ਦੀ ਸਰਲਤਾ ਦੇ ਬਾਵਜੂਦ ਪੰਜਾਬ ਦੇ ਕਿਸੇ ਵੀ ਉੱਚ ਸਿੱਖਿਆ ਅਦਾਰੇ ਵਿੱਚ ਇਸ ਨੂੰ ਉਚਿਤ ਢੰਗ ਨਾਲ ਲਾਗੂ ਹੁੰਦੇ ਨਹੀਂ ਦੇਖਿਆ ਗਿਆ। ਲੱਗਦਾ ਹੈ ਜਿਵੇਂ ਕੋਈ ਯੋਗ ਅਗਵਾਈ ਦੇਣ ਵਾਲਾ ਹੀ ਨਹੀਂ ਸੀ।

ਕੁਝ ਸਮਾਂ ਪਹਿਲਾਂ ਅਸੀਂ ਪੰਜਾਬੀ ਵਿੱਚ ਉਪਲੱਬਧ ਵਿਗਿਆਨਕ ਲਿਖਤਾਂ ਦੀ ਪੜਚੋਲ ਸ਼ੁਰੂ ਕੀਤੀ। ਇਸ ਦੌਰਾਨ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਇੱਕ ਅਨੁਭਵੀ ਪ੍ਰੋਫ਼ੈਸਰ ਤੇ ਵਿਗਿਆਨ ਦੇ ਸਿਰਮੌਰ ਸਮਝੇ ਜਾਣ ਵਾਲੇ ਲੇਖਕ ਦੀਆਂ ਲਿਖਤਾਂ ਪੜ੍ਹਨ ਦਾ ਵੀ ਮੌਕਾ ਮਿਲਿਆ। ਉਨ੍ਹਾਂ ਦੀ ਹਰ ਪੁਸਤਕ ਦੇ ਮੁੱਖ ਬੰਧ ਵਿੱਚ ਇਸ ਦੇ 'ਅਰਥਪੂਰਨ', 'ਖੋਜ ਪੂਰਨ', 'ਵਿਲੱਖਣ', 'ਨਵੀਨਤਮ ਜਾਣਕਾਰੀ ਭਰਪੂਰ' ਅਤੇ 'ਪੰਜਾਬੀ ਨੂੰ ਉਚੇਰੇ ਪੱਧਰ 'ਤੇ ਵਿਗਿਆਨ ਦੀ ਪੜ੍ਹਾਈ ਦੇ ਮਾਧਿਅਮ ਦੇ ਤੌਰ 'ਤੇ ਵਿਕਸਿਤ ਕਰਨ' ਵਿੱਚ ਸਹਾਈ ਹੋਣ ਆਦਿ ਦੇ ਦਾਅਵੇ ਕੀਤੇ ਗਏ ਹਨ। ਪਰ ਨਿਰਾਸ਼ਾ ਹੀ ਨਹੀਂ ਸਗੋਂ ਹੈਰਾਨੀ ਵੀ ਹੋਈ ਕਿਉਂਕਿ ਇਨ੍ਹਾਂ ਵਿੱਚ ਬਹੁਤ ਕੁਝ ਅਜਿਹਾ ਲਿਖਿਆ ਗਿਆ ਹੈ ਜਿਸ ਦਾ ਵਿਗਿਆਨ ਨਾਲ ਕੋਈ ਸਬੰਧ ਹੀ ਨਹੀਂ ਹੈ। ਇਸ ਲੇਖਕ ਨੂੰ ਵਿਗਿਆਨ ਲੇਖਣ ਦੇ ਖੇਤਰ ਵਿੱਚ ਆਪਣੇ ਕਈ ਦਹਾਕਿਆਂ ਦੇ ਤਜਰਬੇ 'ਤੇ ਮਾਣ ਹੈ, ਪਰ ਉਸ ਦੀ ਭਾਸ਼ਾ ਅਤੇ ਵਿਗਿਆਨ, ਦੋਵਾਂ 'ਤੇ ਪ੍ਰਸ਼ਨ ਚਿੰਨ੍ਹ ਲਗਾਏ ਜਾ ਸਕਦੇ ਹਨ। ਇਹ ਗੱਲ ਰੜਕਦੀ ਹੈ ਕਿ ਇਸ ਲੇਖਕ ਵੱਲੋਂ ਅੰਗਰੇਜ਼ੀ ਤੋਂ

**ਬਾਕੀ ਸਫ਼ਾ 32 'ਤੇ**

# ਨੌਜਵਾਨ ਸੋਚ: ਕਿਵੇਂ ਮਿਲੇ ਪੰਜਾਬੀ ਨੂੰ ਪਹਿਲ ?

## ('ਪੰਜਾਬੀ ਟ੍ਰਿਬਿਊਨ' ਦੇ ਨੌਜਵਾਨ ਪਾਠਕਾਂ ਵਲੋਂ ਦਿੱਤੇ ਕੁਝ ਅਹਿਮ ਸੁਝਾਅ)

### ਪੰਜਾਬੀ ਦੀ ਸਮਰੱਥਾ ਬਾਰੇ ਜਾਗਰੂਕ ਕੀਤਾ ਜਾਵੇ

ਮਾਤ ਭਾਸ਼ਾ ਵਾਲੀ ਰਵਾਨਗੀ ਤੇ ਗਤੀਸ਼ੀਲਤਾ ਹੋਰ ਭਾਸ਼ਾ ਵਿੱਚ ਨਹੀਂ ਹੋ ਸਕਦੀ। ਮਾਤ ਭਾਸ਼ਾ ਸੰਚਾਰ ਤੋਂ ਅਗਾਂਹ ਅਹਿਸਾਸਾਂ ਤੇ ਜਜ਼ਬਾਤਾਂ ਦੀ ਸਾਂਝ ਸਿਰਜਦੀ ਹੈ। ਪੰਜਾਬੀ ਨੂੰ ਪਹਿਲ ਦਿਵਾਉਣ ਲਈ ਨਿੱਜੀ ਤੇ ਸਮੂਹਿਕ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਯਤਨਾਂ ਦੀ ਲੋੜ ਹੈ। ਭਾਸ਼ਾ ਨਾਲ ਜੁੜੇ ਅਦਾਰਿਆਂ ਨੂੰ ਪ੍ਰਫੁੱਲਤ ਕਰਨਾ ਚਾਹੀਦਾ ਹੈ। ਵੱਡੀ ਪੱਧਰ 'ਤੇ ਮੌਲਿਕ ਤੇ ਅਨੁਵਾਦਤ ਸਮੱਗਰੀ ਪੰਜਾਬੀ ਵਿੱਚ ਉਪਲੱਬਧ ਕਰਵਾਈ ਜਾਵੇ। ਸਕੂਲਾਂ, ਕਾਲਜਾਂ ਦੇ ਪੰਜਾਬੀ ਪਾਠਕ੍ਰਮਾਂ ਨੂੰ ਨਵੀਨ ਢੰਗ ਨਾਲ ਉਤਸ਼ਾਹ-ਭਰਪੂਰ ਤੇ ਸਮੇਂ ਦਾ ਹਾਣੀ ਬਣਾਇਆ ਜਾਵੇ। ਸਾਹਿਤ ਸਭਾਵਾਂ ਮਾਤ ਭਾਸ਼ਾ ਦੇ ਮਹੱਤਵ, ਪੰਜਾਬੀ ਭਾਸ਼ਾ ਦੀ ਸਮਰੱਥਾ ਤੇ ਪੰਜਾਬੀ ਸਾਹਿਤ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ। ਨਵੀਂ ਤਕਨਾਲੋਜੀ ਅਨੁਸਾਰ ਪੰਜਾਬੀ ਨੂੰ ਗਿਆਨ, ਵਿਗਿਆਨ ਤੇ ਕਲਾ ਦੇ ਨਾਲ-ਨਾਲ ਸੰਚਾਰ ਲਈ ਕੁਸ਼ਲਤਾ ਨਾਲ ਵਰਤਿਆ ਜਾਵੇ।

**ਗੁਰਵਿੰਦਰ ਸਿੰਘ, ਪਿੰਡ ਟੋਡਰਪੁਰ, ਪਟਿਆਲਾ**

### ਉਚੇਰੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇ

ਪੰਜਾਬੀ ਨੂੰ ਪਹਿਲ ਦੇਣ ਲਈ ਉਚੇਰੀ ਸਿੱਖਿਆ ਦੇ ਮਾਧਿਅਮ ਵਿੱਚ ਮਾਂ ਬੋਲੀ ਨੂੰ ਪਹਿਲ ਦੇਣੀ ਚਾਹੀਦੀ ਹੈ। ਪੰਜਾਬੀ ਨੂੰ ਸ਼ਬਦਾਂ ਦੇ ਭੰਡਾਰ ਜਾਂ ਵਿਆਕਰਨ ਪੱਖੋਂ ਕਮਜ਼ੋਰ ਮੰਨਣਾ ਸਾਡਾ ਵੱਡਾ ਵਹਿਮ ਹੈ। ਚੀਨ, ਜਾਪਾਨ, ਕਿਊਬਾ, ਫਿਨਲੈਂਡ, ਨਾਰਵੇ ਤੇ ਸਵੀਡਨ ਆਦਿ ਦੇਸ਼ਾਂ ਨੇ ਤਕਨੀਕੀ ਅਤੇ ਕਾਨੂੰਨੀ ਪੜ੍ਹਾਈ ਨੂੰ ਖੇਤਰੀ ਭਾਸ਼ਾ ਵਿੱਚ ਅਪਣਾਇਆ ਅਤੇ ਤਰੱਕੀ ਕੀਤੀ ਹੈ। ਇਸ ਆਧਾਰ 'ਤੇ ਪੰਜਾਬੀ ਭਾਸ਼ਾ ਨੂੰ ਵੀ ਸੂਬੇ ਵਿੱਚ ਹੁਲਾਰਾ ਮਿਲੇ।

**ਅਮਨਦੀਪ, ਪਿੰਡ ਚੱਕ ਬਖਤੂ (ਬਠਿੰਡਾ)**

### ਸੱਦਾ ਪੱਤਰਾਂ ਵਿੱਚ ਪੰਜਾਬੀ ਵਰਤੀ ਜਾਵੇ

ਸਰਕਾਰ, ਸਰਕਾਰੀ ਅਤੇ ਗ਼ੈਰ-ਸਰਕਾਰੀ ਕੰਮਕਾਜ ਵਿੱਚ ਪੰਜਾਬੀ ਸਖ਼ਤੀ ਨਾਲ ਲਾਗੂ ਕਰੇ। ਪੰਜਾਬ ਵਿੱਚ ਹਰ ਤਰ੍ਹਾਂ ਦੀ ਤਖ਼ਤੀ 'ਤੇ ਪੰਜਾਬੀ ਨੂੰ ਪਹਿਲ ਮਿਲੇ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਜੇ ਉਹ ਵਿਆਹਾਂ ਦੇ ਸੱਦਾ-ਪੱਤਰਾਂ ਵਿੱਚ ਪੰਜਾਬੀ ਵਿੱਚ ਵਰਤਣ ਤੇ ਬੱਚਿਆਂ ਉੱਪਰ ਵੀ ਜਬਰੀ ਹੋਰ ਭਾਸ਼ਾ ਨਾ ਥੋਪਣ। ਸਾਨੂੰ ਪੰਜਾਬੀ ਬੋਲਣ, ਲਿਖਣ ਤੇ ਪੜ੍ਹਨ 'ਤੇ ਮਾਣ ਹੋਣਾ ਚਾਹੀਦਾ ਹੈ, ਕਿਉਂਕਿ ਇਹ ਸਾਡੀ ਮਾਤ ਭਾਸ਼ਾ ਹੈ। ਬੁੱਧੀਜੀਵੀ ਵਰਗ ਨੂੰ ਵੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪਸਾਰ ਲਈ ਅੱਗੇ ਆਉਣਾ ਚਾਹੀਦਾ ਹੈ।

**ਗੁਰਮੀਤ ਸਿੰਘ, ਪਿੰਡ ਰਾਜਗੜ੍ਹ (ਪਟਿਆਲਾ)**

### ਘਰ ਤੋਂ ਹੋਵੇ ਸ਼ੁਰੂਆਤ

ਪੰਜਾਬੀ ਨੂੰ ਹੁਲਾਰਾ ਦੇਣ ਲਈ ਠੋਸ ਕਦਮ ਚੁੱਕਣੇ ਪੈਣਗੇ ਤੇ ਇਸ ਦੀ ਸ਼ੁਰੂਆਤ ਘਰ ਤੋਂ ਹੀ ਕਰਨੀ ਪਵੇਗੀ। ਮਾਪਿਆਂ ਨੂੰ ਘਰ ਵਿੱਚ ਹੀ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਅਤੇ ਲਿਖਣੀ ਸਿਖਾਉਣੀ ਚਾਹੀਦੀ ਹੈ। ਬੱਚਿਆਂ ਨੂੰ ਪੰਜਾਬੀ ਪੜ੍ਹਨ ਅਤੇ ਬੋਲਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਘਰ ਵਿੱਚ ਪੰਜਾਬੀ ਅਖ਼ਬਾਰ, ਕਿਤਾਬਾਂ ਅਤੇ ਮੈਗਜ਼ੀਨ ਲਗਵਾ ਕੇ ਮਾਪੇ ਖ਼ੁਦ ਵੀ ਪੜ੍ਹਨ ਤਾਂ ਜੋ ਬੱਚੇ ਵੀ ਪੰਜਾਬੀ ਪੜ੍ਹਨ ਲਈ ਉਤਸ਼ਾਹਿਤ ਹੋਣ। ਕਾਨਵੈਂਟ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਨ ਭੇਜਣਾ ਅੱਜ ਦੀ ਜ਼ਰੂਰਤ ਹੈ, ਪਰ ਮਾਂ ਬੋਲੀ ਨੂੰ ਵਿਸਾਰਨਾ ਵੀ ਜਾਇਜ਼ ਨਹੀਂ ਹੈ।

**ਅਰਸ਼ਦੀਪ ਕੌਰ ਬਾਵਾ, ਤਪਾ ਮੰਡੀ (ਬਰਨਾਲਾ)**

### ਸਰਕਾਰ, ਅਧਿਆਪਕ ਤੇ ਬੁੱਧੀਜੀਵੀ ਢੁਕਵੇਂ ਕਦਮ ਚੁੱਕਣ

ਅੱਜ ਦੇ ਸਮੇਂ ਵਿੱਚ ਖੁੰਬਾਂ ਵਾਂਗ ਉੱਗੀਆਂ ਪ੍ਰਾਈਵੇਟ ਸੰਸਥਾਵਾਂ ਪੰਜਾਬੀ ਭਾਸ਼ਾ ਦਾ ਦਿਵਾਲਾ ਕੱਢ ਰਹੀਆਂ ਹਨ, ਕਿਉਂਕਿ ਉੱਥੇ ਪੰਜਾਬੀ ਬੋਲਣ 'ਤੇ ਪਾਬੰਦੀ ਲਾਈ ਜਾਂਦੀ ਹੈ। ਅੱਜ-ਕੱਲ੍ਹ ਪੰਜਾਬੀ ਨਿਊਜ਼ ਚੈਨਲ ਵੀ ਹਿੰਦੀ ਚੈਨਲਾਂ ਦੀ ਤਰਜ਼ 'ਤੇ ਖ਼ਬਰਾਂ ਦਿੰਦੇ ਹਨ ਤੇ ਪੰਜਾਬੀ ਸ਼ਬਦਾਵਲੀ ਵਿੱਚ ਵੱਡੀਆਂ ਗ਼ਲਤੀਆਂ ਕਰਦੇ ਹਨ। ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਅਧਿਆਪਕਾਂ, ਬੁੱਧੀਜੀਵੀਆਂ ਤੇ ਸਰਕਾਰ ਨੂੰ ਨਿੱਗਰ ਕਦਮ ਚੁੱਕਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਮਾਂ-ਬੋਲੀ ਨਾਲ ਵੱਧ ਤੋਂ ਵੱਧ ਜੋੜਨਾ ਚਾਹੀਦਾ ਹੈ, ਕਿਉਂਕਿ ਬੱਚਾ ਜਿੰਨਾ ਆਪਣੀ ਮਾਂ-ਬੋਲੀ ਵਿੱਚ ਸਿੱਖਦਾ ਹੈ, ਉਨ੍ਹਾਂ ਕਿਸੇ ਹੋਰ ਭਾਸ਼ਾ ਵਿੱਚ ਨਹੀਂ।

**ਗੁਰਪ੍ਰੀਤ ਕੌਰ, ਪੰਜਾਬੀ ਅਧਿਆਪਕਾ, ਚਹਿਲਾਂਵਾਲੀ ਸਕੂਲ (ਮਾਨਸਾ)**




### ਪੰਜਾਬੀ ਦੇ ਬਹੁ-ਪੱਖੀ ਪਸਾਰ ਦੀ ਲੋੜ

ਪੰਜਾਬੀ ਨੂੰ ਪਹਿਲ ਦਿਵਾਉਣ ਲਈ ਸੂਬੇ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਲਾਜ਼ਮੀ ਹੋਣੀ ਚਾਹੀਦੀ ਹੈ। ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ ਜਾਵੇ। ਸਰਕਾਰੀ ਮੁਲਾਜ਼ਮਾਂ ਦੇ ਬੱਚਿਆਂ ਦੀ ਮੁਢਲੀ ਪੜ੍ਹਾਈ ਸਰਕਾਰੀ ਸਕੂਲਾਂ ਵਿੱਚ ਲਾਜ਼ਮੀ ਕੀਤੀ ਜਾਵੇ, ਸੰਪੂਰਨ ਦਫ਼ਤਰੀ ਕੰਮਕਾਜ ਮਾਤ-ਭਾਸ਼ਾ ਵਿੱਚ ਹੋਵੇ, ਪੰਜਾਬੀ ਨੂੰ ਸੰਚਾਰ-ਮੁਖੀ ਅਤੇ ਰੁਜ਼ਗਾਰ-ਮੁਖੀ ਬਣਾਇਆ ਜਾਵੇ। ਇਸ ਤਰ੍ਹਾਂ ਪੰਜਾਬੀ ਨੂੰ ਪਹਿਲ ਦਿਵਾਉਣ ਲਈ ਬਹੁ-ਪੱਖੀ ਵਿਕਾਸ ਦੀ ਲੋੜ ਜ਼ਰੂਰੀ ਹੈ।

**ਅਵਤਾਰ ਸਿੰਘ, ਪਿੰਡ ਢਕਾਨਸੂ ਮਾਜਰਾ (ਪਟਿਆਲਾ)**

### ਬਜ਼ੁਰਗ ਹੰਭਲਾ ਮਾਰਨ

ਮਾਂ ਬੋਲੀ ਨੂੰ ਵਿਸਾਰਨ ਲਈ ਅਸੀਂ ਆਪ ਜ਼ਿੰਮੇਵਾਰ ਹਾਂ। ਅਸੀਂ ਪੰਜਾਬ ਵਿੱਚ ਰਹਿੰਦੇ ਹੋਏ ਵੀ ਪੰਜਾਬੀ ਬੋਲਣ ਵਿੱਚ ਸ਼ਰਮ ਮਹਿਸੂਸ ਕਰਦੇ ਹਾਂ, ਜਿਵੇਂ ਪੰਜਾਬੀ ਬੋਲਣ ਨਾਲ ਸਾਡਾ ਰੁਤਬਾ ਘਟ ਜਾਵੇਗਾ। ਪੁਰਾਣੇ ਸਮੇਂ ਵਿੱਚ ਪੰਜਾਬੀ ਮਾਣ ਨਾਲ ਬੋਲੀ ਜਾਂਦੀ ਸੀ, ਪਰ ਹੁਣ ਲੋਕ ਪੜ੍ਹੇ-ਲਿਖੇ ਹੋਣ ਕਾਰਨ ਘਰਾਂ, ਦਫ਼ਤਰਾਂ ਤੇ ਸਮਾਜਿਕ ਪੱਧਰ 'ਤੇ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ। ਸਾਡਾ ਨੈਤਿਕ ਫ਼ਰਜ਼ ਹੈ ਕਿ ਅਸੀਂ ਮਾਂ ਬੋਲੀ ਦਾ ਸਤਿਕਾਰ ਕਰੀਏ, ਇਸ ਨੂੰ ਬੋਲੀਏ ਤੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰੀਏ। ਘਰ ਵਿੱਚ ਮਾਂ-ਬੋਲੀ ਨੂੰ ਰੋਜ਼ਾਨਾ ਜੀਵਨ ਦਾ ਅਨਿੱਖੜਵਾਂ ਅੰਗ ਬਣਾਇਆ ਜਾਵੇ। ਇਸ ਬਾਬਤ ਬਜ਼ੁਰਗ ਤੇ ਮਾਪੇ ਆਪਣਾ ਫ਼ਰਜ਼ ਪਛਾਣਨ।

**ਹੋਮਪ੍ਰੀਤ ਕੌਰ, ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ**

### ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿੱਚ ਅਹਿਮੀਅਤ ਮਿਲੇ

ਪੰਜਾਬੀ ਭਾਸ਼ਾ ਪੰਜਾਬੀਆਂ ਦੇ ਸਿਰ ਦਾ ਤਾਜ ਹੈ, ਜਿਸ ਨੂੰ ਵਿਸਾਰ ਕੇ ਅਸੀਂ ਆਪਣੀ ਵੱਖਰੀ ਪਛਾਣ ਗਵਾ ਲਵਾਂਗੇ। ਭਾਸ਼ਾ ਵਿਗਿਆਨੀਆਂ ਅਨੁਸਾਰ ਕਿਸੇ ਵੀ ਵਿਸ਼ੇ ਨੂੰ ਸਮਝਣ ਜਾਂ ਸਮਝਾਉਣ ਲਈ ਸਭ ਤੋਂ ਉੱਤਮ ਮਾਧਿਅਮ ਮਾਤ ਭਾਸ਼ਾ ਹੈ। ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਨੂੰ ਅਹਿਮੀਅਤ ਦਿੱਤੀ ਜਾਵੇ। ਹਰ ਪੰਜਾਬੀ ਦੀ ਜ਼ਿੰਮੇਵਾਰੀ ਹੈ ਕਿ ਪੰਜਾਬੀ ਭਾਸ਼ਾ ਦੀ ਮੁਹਾਰਤ ਪ੍ਰਾਪਤ ਕਰਨ ਲਈ ਇੱਕ ਨਿਰਪੱਖ ਪੰਜਾਬੀ ਅਖ਼ਬਾਰ ਜ਼ਰੂਰ ਪੜ੍ਹਨ।

**ਪ੍ਰੀਤਰਤਨ ਸਿੰਘ, ਯੂਨੀਵਰਸਿਟੀ ਬਿਜ਼ਨਸ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

### ਹਰ ਪੱਖ ਤੋਂ ਮਿਲੇ ਪਹਿਲ

ਪੰਜਾਬੀ ਦੀ ਮਹੱਤਤਾ ਦਾ ਮੁੱਦਾ ਪਿਛਲੇ ਕੁਝ ਸਮੇਂ ਤੋਂ ਚਰਚਾ ਵਿੱਚ ਹੈ। ਪੰਜਾਬੀ ਨੂੰ ਪ੍ਰਫੁੱਲਿਤ ਕਰਨ ਵਾਸਤੇ ਹਰ ਪੱਧਰ 'ਤੇ ਉਪਰਾਲਿਆਂ ਦੀ ਜ਼ਰੂਰਤ ਹੈ। ਸਭ ਤੋਂ ਜ਼ਰੂਰੀ ਹੈ ਕਿ ਸਮਾਜਿਕ ਪੱਧਰ 'ਤੇ ਸਮੁੱਚੇ ਕਾਰਜਾਂ ਵਿੱਚ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ। ਸਰਕਾਰ ਨੂੰ ਵੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ। ਸਿਰਫ਼ ਸੜਕਾਂ 'ਤੇ ਲੱਗੇ ਸਾਈਨ ਬੋਰਡਾਂ ਵਿੱਚ ਪੰਜਾਬੀ ਦੀ ਜਗ੍ਹਾ ਬਦਲਣ ਜਾਂ ਪੰਜਾਬੀ ਦੇ ਵਿਕਾਸ ਵਾਸਤੇ ਐਲਾਨਾਂ ਨਾਲ ਕੁਝ ਨਹੀਂ ਸੰਵਰਨਾ, ਇਸ ਲਈ ਹਕੀਕੀ ਕਦਮਾਂ ਦੀ ਜ਼ਰੂਰਤ ਹੈ। ਵਿਦਿਅਕ ਅਦਾਰਿਆਂ ਵਿੱਚ ਵੀ ਪੰਜਾਬੀ ਨੂੰ ਬਣਦੀ ਅਹਿਮੀਅਤ ਮਿਲੇ। ਬੋਲਚਾਲ ਕਿਸੇ ਵੀ ਭਾਸ਼ਾ ਨੂੰ ਵੱਧ ਤੋਂ ਵੱਧ ਪ੍ਰਫੁੱਲਿਤ ਕਰਨ ਦਾ ਸਭ ਤੋਂ ਵਧੀਆ ਜ਼ਰੀਆ ਹੈ, ਇਸ ਲਈ ਜ਼ਿਆਦਾ ਤੋਂ ਜ਼ਿਆਦਾ ਗੱਲਬਾਤ ਪੰਜਾਬੀ ਵਿੱਚ ਹੋਵੇ।

**ਸੰਦੀਪ ਸਿੰਘ ਸੁਲਤਾਨਪੁਰ, ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ)**

### ਤਕਨੀਕੀ ਪੱਖ ਤੋਂ ਮਿਲੇ ਪਹਿਲ

ਪੰਜਾਬੀ ਨੂੰ ਪਹਿਲ ਦਿਵਾਉਣ ਲਈ ਤਕਨੀਕੀ ਪੱਖ ਜਾਣਨਾ ਵੀ ਜ਼ਰੂਰੀ ਹੈ। ਕੰਪਿਊਟਰ ਵਿੱਚ ਪੰਜਾਬੀ ਟਾਈਪਿੰਗ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕੀਤੀ ਜਾਵੇ। ਯੂਨੀਕੋਡ ਤੇ ਪੰਜਾਬੀ ਫੌਂਟਾਂ ਦੀ ਮਦਦ ਨਾਲ ਫਾਈਲਾਂ ਦੇ ਨਾਮ ਵੀ ਪੰਜਾਬੀ ਵਿੱਚ ਲਿਖੇ ਜਾਣ। ਅਜਿਹੇ ਕਦਮਾਂ ਨਾਲ ਵੀ ਪੰਜਾਬੀ ਨੂੰ ਪ੍ਰਫੁੱਲਿਤ ਕੀਤਾ ਜਾ ਸਕਦਾ ਹੈ।

**ਸੁਖਰਾਜ ਸਿੰਘ ਚਹਿਲ, ਧਨੌਲਾ (ਬਰਨਾਲਾ)**

# ਜਾਗਣ ਦਾ ਵੇਲਾ ਆਇਆ

**ਡਾ. ਸ.ਸ. ਅਰਸ਼ੀ**

ਜਦੋਂ ਕਦੇ ਵੀ ਮਾਤ-ਭਾਸ਼ਾ ਪੰਜਾਬੀ ਦੀ ਗੱਲ ਤੁਰਦੀ ਹੈ ਤਾਂ ਇਹੋ ਹੀ ਸੁਣਨ ਵਿੱਚ ਆਉਂਦਾ ਹੈ ਕਿ ਪੰਜਾਬੀ ਭਾਸ਼ਾ ਦੇ ਲੋਪ ਹੋਣ ਦਾ ਖ਼ਤਰਾ ਹੈ। ਕੈਨੇਡਾ, ਆਸਟਰੇਲੀਆ, ਜਰਮਨੀ ਆਦਿ ਵਿੱਚ ਪੰਜਾਬੀ ਭਾਸ਼ਾ ਨੂੰ ਮਾਨਤਾ ਦੇ ਦਿੱਤੀ ਗਈ ਹੈ, ਪਰ ਸਾਡੇ ਆਪਣੇ ਹੀ ਦੇਸ਼ ਵਿੱਚ ਮਾਤ-ਭਾਸ਼ਾ ਦੇ ਹੱਕਾਂ ਲਈ ਸਰਕਾਰਾਂ ਅੱਗੇ ਅਪੀਲਾਂ ਤੇ ਮੁਜ਼ਾਹਰੇ ਕਰਨੇ ਪੈ ਰਹੇ ਹਨ। ਜੇ ਹਰਿਆਣਾ-ਪੰਜਾਬ ਸੂਬਿਆਂ ਦੀ ਗੱਲ ਕਰੀਏ ਤਾਂ ਹਰਿਆਣਾ 1966 ਤੋਂ ਪਹਿਲਾਂ ਪੰਜਾਬ ਦਾ ਹੀ ਹਿੱਸਾ ਸੀ। ਇਸ ਰਾਜ ਵਿੱਚ ਰਹਿ ਰਹੇ ਪੰਜਾਬੀਆਂ ਨੂੰ ਸਰਕਾਰ ਵੱਲੋਂ ਸਬਜ਼ਬਾਗ ਤਾਂ ਦਿਖਾਏ




ਜਾਂਦੇ ਹਨ, ਪਰ ਅਸਲੀਅਤ ਕੁਝ ਹੋਰ ਹੀ ਹੈ। ਹਰਿਆਣਾ ਦੇ ਕਈ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਸੁਚਾਰੂ ਰੂਪ ਵਿੱਚ ਨਹੀਂ। ਸਮੇਂ ਸਿਰ ਪੰਜਾਬੀ ਅਧਿਆਪਕਾਂ ਦੀ ਨਿਯੁਕਤੀ ਨਾ ਕੀਤੇ ਜਾਣਾ, ਪੰਜਾਬੀ ਪੁਸਤਕਾਂ ਦੀ ਵੰਡ ਤੇ ਖਰੀਦ ਦੇ ਲੋੜੀਂਦੇ ਪ੍ਰਬੰਧਾਂ ਦੀ ਅਣਹੋਂਦ, ਪਾਠਕ੍ਰਮ ਦੀਆਂ ਪੁਸਤਕਾਂ ਦੀ ਛਪਾਈ ਦਾ ਪ੍ਰਬੰਧ ਐੱਨਸੀਈਆਰਟੀ ਨੂੰ ਦੇਣਾ, ਵਿਦਿਆਰਥੀਆਂ ਨੂੰ ਸੈਸ਼ਨ ਦੇ ਆਰੰਭ ਵਿੱਚ ਪੁਸਤਕਾਂ ਤਿਆਰ ਕਰਵਾ ਕੇ ਨਾ ਦੇਣੀਆਂ ਆਦਿ ਸਭ ਕੁਝ ਹੀ ਪੰਜਾਬੀ ਪ੍ਰਤੀ ਅਵੇਸਲੇਪਣ ਦੀ ਮਿਸਾਲ ਹੈ। ਕਈ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਵਿਸ਼ਾ ਪੜ੍ਹਾਉਣ ਲਈ ਅਧਿਆਪਕ ਹੀ ਨਹੀਂ ਹੁੰਦੇ ਤੇ ਵਿਦਿਆਰਥੀਆਂ ਨੂੰ ਮਜਬੂਰੀਵੱਸ ਹੋਰ ਵਿਸ਼ੇ ਦੀ ਚੋਣ ਕਰਨੀ ਪੈਂਦੀ ਹੈ। ਸਰਕਾਰਾਂ ਨੂੰ ਦਿੱਤੇ ਮੈਮੋਰੰਡਮ ਵੀ ਕਿਸੇ ਕੰਮ ਨਹੀਂ ਆਉਂਦੇ। ਹਰ ਵਾਰ ਸ਼ਬਦਾਂ ਦੀ ਮਿੱਠੀ ਗੋਲੀ ਦੇ ਕੇ ਹੀ ਕੰਮ ਸਾਰ ਲਿਆ ਜਾਂਦਾ ਹੈ।

ਪੰਜਾਬ ਵਿੱਚ ਵੀ ਪੰਜਾਬੀ ਭਾਸ਼ਾ ਨਾਲ ਹੋ ਰਿਹਾ ਅਨਿਆਂ ਵਰਣਨਯੋਗ ਹੈ। ਪੰਜਾਬ ਵਿੱਚ ਭਾਸ਼ਾ ਵਿਭਾਗ ਕਾਇਮ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਬਦਬਾ ਹੈ। ਜੇ ਵਿਦਿਆਰਥੀਆਂ ਦੀਆਂ ਪਾਠ-ਪੁਸਤਕਾਂ ਦੀ ਅਣਹੋਂਦ ਦੀ ਗੱਲ ਆਉਂਦੀ ਹੈ ਤਾਂ ਇਨ੍ਹਾਂ ਅਦਾਰਿਆਂ ਦੀ ਮੁੱਲ੍ਹ ਕੇ ਮਦਦ ਲਈ ਜਾਣੀ ਚਾਹੀਦੀ ਹੈ। ਪਾਠਕ੍ਰਮ ਵਿੱਚ ਪੰਜਾਬੀ ਸਭਿਆਚਾਰ ਨੂੰ ਸ਼ਾਮਲ ਕਰਨਾ ਵੀ ਅਤਿ-ਜ਼ਰੂਰੀ ਹੈ। ਇਸ ਲਈ ਵਿਸ਼ਾ ਮਾਹਿਰਾਂ ਦੀ ਕਮੇਟੀ ਬਣਾ ਕੇ ਇਸ ਖੱਪੇ ਨੂੰ ਪੂਰਿਆ ਜਾ ਸਕਦਾ ਹੈ।

ਇੱਥੇ ਕੇਂਦਰੀ ਪ੍ਰਦੇਸ਼ਾਂ ਦੀ ਵੀ ਗੱਲ ਕਰਨੀ ਬਣਦੀ ਹੈ। ਜੇ ਦਿੱਲੀ ਦੀ ਗੱਲ ਕਰੀਏ ਤਾਂ ਉੱਥੇ ਪੰਜਾਬੀ ਅਕਾਦਮੀ ਸ਼ਾਨ ਨਾਲ ਕੰਮ ਕਰ ਰਹੀ ਹੈ। ਉਹ ਸਰਕਾਰ ਨਾਲ ਤਾਲਮੇਲ ਕਰਕੇ ਬੱਚਿਆਂ ਨੂੰ ਮਾਤ-ਭਾਸ਼ਾ ਨਾਲ ਜੋੜਨ ਦੇ ਉਪਰਾਲੇ ਵੀ ਕਰ ਰਹੀ ਹੈ, ਪਰ ਉੱਥੇ ਵੀ ਸਰਕਾਰਾਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਦੇ ਰਾਹ ਵਿੱਚ ਰੋੜਾ ਹੀ ਬਣਦੀਆਂ ਰਹੀਆਂ ਹਨ ਅਤੇ ਹੁਣ ਤਕ ਪੰਜਾਬੀ ਭਾਈਚਾਰਾ ਇਸ ਲਈ ਨਿਰੰਤਰ ਸੰਘਰਸ਼ ਕਰ ਰਿਹਾ ਹੈ। ਚੰਡੀਗੜ੍ਹ ਦੀ ਉਸਾਰੀ ਪੰਜਾਬ ਦੀ ਧਰਤੀ 'ਤੇ ਹੋਈ। ਇੱਥੇ ਵੀ ਮਾਤ-ਭਾਸ਼ਾ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਨਹੀਂ ਦਿੱਤਾ ਜਾ ਰਿਹਾ। ਵਿਦਿਆਰਥੀਆਂ ਨੂੰ ਸੈਸ਼ਨ ਦੇ ਆਰੰਭ ਵਿੱਚ ਪੁਸਤਕਾਂ ਹੀ ਨਹੀਂ ਮਿਲਦੀਆਂ। ਜਦੋਂ ਸੈਸ਼ਨ ਖ਼ਤਮ ਹੋਣ 'ਤੇ ਆਉਂਦਾ ਹੈ ਤਾਂ ਪ੍ਰਸ਼ਾਸਨ ਜਾਗਦਾ ਹੈ ਤੇ ਪੁਸਤਕਾਂ ਛਪ ਕੇ ਆਉਂਦੀਆਂ ਹਨ। ਇਸ ਕੋਤਾਹੀ ਲਈ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ? ਮਾਤ-ਭਾਸ਼ਾ ਨਾਲ ਹੋ ਰਹੇ ਧੱਕੇ ਖ਼ਿਲਾਫ਼ ਵੱਖ ਵੱਖ ਸੰਗਠਨਾਂ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਮੈਮੋਰੰਡਮ ਵੀ ਦਿੱਤੇ ਜਾਂਦੇ ਰਹੇ ਹਨ ਅਤੇ ਧਰਨੇ ਵੀ ਲੱਗਦੇ ਰਹਿੰਦੇ ਹਨ। ਜਾਪਦਾ ਹੈ ਕਿ ਪ੍ਰਸ਼ਾਸਨ ਅਮਲੀ ਤੌਰ 'ਤੇ ਢਿੱਲ-ਮੱਠ ਦਰਸਾ ਕੇ ਆਪਣਾ ਕੰਮ ਚਲਾ ਰਿਹਾ ਹੈ।

ਜਦੋਂ ਪੰਜਾਬੀ ਭਾਸ਼ਾ ਦੇ ਮਾਣ-ਸਤਿਕਾਰ ਦੀ ਗੱਲ ਹੁੰਦੀ ਹੈ ਤਾਂ ਪੰਜਾਬ ਸਰਕਾਰ, ਹਰਿਆਣਾ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਸੂਬਾਈ ਸਰਕਾਰਾਂ ਇਸ ਪੱਖੋਂ ਅਵੇਸਲੀਆਂ ਹੀ ਕਹੀਆਂ ਜਾ ਸਕਦੀਆਂ ਹਨ। ਪੰਜਾਬ ਤੇ ਹਰਿਆਣਾ ਦੇ ਵਿੱਦਿਆ ਮੰਤਰੀ ਹੀ ਪੰਜਾਬੀ ਤੋਂ ਊਣੇ ਹਨ। ਚੰਡੀਗੜ੍ਹ ਦੀ ਸੰਸਦ ਮੈਂਬਰ ਦਾ ਕਹਿਣਾ ਹੈ, "ਮੈਂ ਪੰਜਾਬੀ ਤਾਂ ਬੋਲ ਲੈਂਦੀ ਹਾਂ, ਪਰ ਮੈਨੂੰ ਪੰਜਾਬੀ ਲਿਖਣੀ-ਪੜ੍ਹਨੀ ਨਹੀਂ ਆਉਂਦੀ।" ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਹੜੇ ਉੱਚ ਅਧਿਕਾਰੀ ਤੇ ਜਨ ਪ੍ਰਤੀਨਿਧ ਆਪ ਇਸ ਭਾਸ਼ਾਈ ਗਿਆਨ ਤੋਂ ਵਾਂਝੇ ਹਨ, ਉਨ੍ਹਾਂ ਤੋਂ ਇਸ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੀ ਕਿੰਨੀ ਕੁ ਆਸ ਰੱਖੀ ਜਾ ਸਕਦੀ ਹੈ?

ਸੰਪਰਕ: 94633-27557

# ਮਾਂ ਬੋਲੀ ਦੇ ਸਨਮਾਨ ਦੀ ਬਹਾਲੀ ਲਈ ਵਿੱਢੇ ਸੰਘਰਸ਼ ਨੂੰ ਪੈਣ ਲੱਗਾ ਬੂਰ

**ਬਠਿੰਡਾ/ਚਰਨਜੀਤ ਭੁੱਲਰ:**

ਪੰਜਾਬੀ ਮਾਂ ਬੋਲੀ ਲਈ ਵਿੱਢੇ ਸੰਘਰਸ਼ ਨੂੰ ਉਦੋਂ ਬੂਰ ਪੈਂਦਾ ਨਜ਼ਰ ਆਇਆ ਜਦੋਂ ਪੰਜਾਬ ਸਰਕਾਰ ਨੇ ਮਾਂ ਬੋਲੀ ਦੇ ਸਨਮਾਨ 'ਚ ਕੁੱਦੇ ਕਾਰਕੁਨਾਂ 'ਤੇ ਦਰਜ ਪੁਲੀਸ ਕੇਸਾਂ ਨੂੰ ਵਾਪਸ ਲੈਣ ਦਾ ਫੈਸਲਾ ਕਰ ਲਿਆ।

ਮਾਲਵਾ ਯੂਥ ਫੈਡਰੇਸ਼ਨ, ਦਲ ਖ਼ਾਲਸਾ, ਮਾਂ ਬੋਲੀ ਸਤਿਕਾਰ ਕਮੇਟੀ ਵੱਲੋਂ ਸਾਂਝੇ ਸੰਘਰਸ਼ ਵਿੱਢ ਕੇ ਲੱਖਾ ਸਧਾਣਾ ਅਤੇ ਬਾਬਾ ਹਰਦੀਪ ਸਿੰਘ ਮਹਿਰਾਜ ਖ਼ਿਲਾਫ਼ ਦਰਜ ਕੇਸਾਂ ਨੂੰ ਰੱਦ ਕਰਨ ਦੀ ਮੰਗ ਉਠਾਈ ਜਾ ਰਹੀ ਸੀ। ਦੱਸਣਯੋਗ ਹੈ ਕਿ ਇਨ੍ਹਾਂ ਆਗੂਆਂ ਵਲੋਂ ਬਠਿੰਡਾ-ਅੰਮ੍ਰਿਤਸਰ ਸੜਕ ਮਾਰਗ 'ਤੇ ਲੱਗੇ ਸਾਈਨ ਬੋਰਡਾਂ 'ਤੇ ਦੂਜੀਆਂ ਭਾਸ਼ਾਵਾਂ 'ਤੇ ਕਾਲੀ ਕੂਚੀ ਫੇਰ ਦਿੱਤੀ ਸੀ ਜਿਸ ਮਗਰੋਂ ਬਠਿੰਡਾ ਪੁਲੀਸ ਨੇ ਦੋ ਪੁਲੀਸ ਕੇਸ ਦਰਜ ਕਰ ਕੇ ਇਨ੍ਹਾਂ ਆਗੂਆਂ ਨੂੰ ਜੇਲ੍ਹ ਭੇਜ ਦਿੱਤਾ ਸੀ।

ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵਲੋਂ ਸਾਈਨ ਬੋਰਡਾਂ 'ਤੇ ਕੂਚੀ ਫੇਰਨ ਵਾਲਿਆਂ 'ਤੇ ਦਰਜ ਕੇਸ ਰੱਦ ਕੀਤੇ ਜਾਣੇ ਦਾ ਮੰਗਲਵਾਰ ਨੂੰ ਐਲਾਨ ਕੀਤੇ ਜਾਣ ਮਗਰੋਂ ਥਾਣਾ ਨੇਹੀਆਂ ਵਾਲਾ ਅਤੇ ਥਾਣਾ ਥਰਮਲ ਵਿੱਚ ਦਰਜ ਕੇਸਾਂ ਦੇ ਰੱਦ ਹੋਣ ਦੀ ਸੰਭਾਵਨਾ ਬਣ ਗਈ ਹੈ। ਦੂਜੀ ਤਰਫ ਬਠਿੰਡਾ-ਅੰਮ੍ਰਿਤਸਰ ਸੜਕ ਮਾਰਗ 'ਤੇ ਪਹਿਲਾਂ ਹੀ ਨਵੇਂ ਸਾਈਨ ਬੋਰਡ ਲਾਏ ਜਾਣ ਦਾ ਫੈਸਲਾ ਹੋ ਚੁੱਕਾ ਹੈ ਜੋ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਹੋਣਗੇ। ਸੰਘਰਸ਼ ਕਮੇਟੀ ਤਰਫ਼ੋਂ ਲਗਾਤਾਰ ਇਸ ਮਾਮਲੇ 'ਤੇ ਲੜਾਈ ਲੜੀ ਜਾ ਰਹੀ ਸੀ। ਐਮ.ਪੀ. ਡਾ. ਧਰਮਵੀਰ ਗਾਂਧੀ ਵਲੋਂ ਵੀ ਇਨ੍ਹਾਂ ਕਾਰਕੁਨਾਂ ਦੀ ਹਮਾਇਤ ਕੀਤੀ ਜਾ ਰਹੀ ਸੀ।

ਮਾਂ ਬੋਲੀ ਸਤਿਕਾਰ ਕਮੇਟੀ ਦੇ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ, ਲੇਖਕ ਬਲਜਿੰਦਰ ਸਿੰਘ ਬਾਗ਼ੀ, ਗੁਰਵਿੰਦਰ ਸਿੰਘ ਬਠਿੰਡਾ, ਮਨਪ੍ਰੀਤ ਸਿੰਘ ਨਿੱਕਾ ਸਧਾਣਾ, ਹਰਦੀਪ ਸਿੰਘ ਮੁੰਡੀ ਸਧਾਣਾ ਤੇ ਕਮੇਟੀ ਵਿੱਚ ਸ਼ਾਮਲ ਹੋਰ ਮੈਂਬਰਾਂ ਦਾ ਕਹਿਣਾ ਸੀ ਕਿ ਅਸਲ ਵਿਚ ਇਹ ਲੋਕ ਸੰਘਰਸ਼ ਦੀ ਜਿੱਤ ਹੋਈ ਹੈ ਅਤੇ ਮਾਂ ਬੋਲੀ ਦਾ ਸਨਮਾਨ ਵਧਿਆ ਹੈ। ਇਨ੍ਹਾਂ ਆਗੂਆਂ ਨੇ ਆਖਿਆ ਕਿ ਸਭ ਅਦਾਰਿਆਂ ਵਿਚ ਮਾਂ ਬੋਲੀ ਦਾ ਸਤਿਕਾਰ ਬਹਾਲ ਕਰਨ ਲਈ ਇਹ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਉਨ੍ਹਾਂ ਆਖਿਆ ਕਿ ਥੋੜ੍ਹੇ ਦਿਨ ਪਹਿਲਾਂ ਮੰਤਰੀ ਬ੍ਰਹਮ ਮਹਿੰਦਰਾ ਨੇ ਆਖਿਆ ਕਿ ਕੇਂਦਰ ਸਰਕਾਰ ਸਾਈਨ ਬੋਰਡਾਂ 'ਤੇ ਕਾਲਾ ਪੋਚਾ ਫੇਰਨ ਵਾਲੀ ਮੁਹਿੰਮ ਤੋਂ ਔਖੀ ਹੈ ਅਤੇ ਸਖ਼ਤ ਕਾਰਵਾਈ ਕਰਨ ਦੇ ਮੂਡ ਵਿੱਚ ਹੈ। ਆਗੂਆਂ ਨੇ ਆਖਿਆ ਕਿ ਉਹ ਭਵਿੱਖ ਵਿਚ ਨਿਡਰਤਾ ਨਾਲ ਮੁਹਿੰਮ ਚਾਲੂ ਰੱਖਣਗੇ।




ਬਠਿੰਡਾ-ਅੰਮ੍ਰਿਤਸਰ ਕੌਮੀ ਮਾਰਗ 'ਤੇ ਲੱਗੇ ਸਾਈਨ ਬੋਰਡਾਂ ਉਪਰ ਕੂਚੀ ਫੇਰਦੇ ਹੋਏ ਕਾਰਕੁਨਾਂ ਦੀ ਪੁਰਾਣੀ ਤਸਵੀਰ।

ਅੰਮ੍ਰਿਤਸਰ ਟਾਈਮਜ਼ AMRITSAR TIMES

29 ਨਵੰਬਰ 2017 ਤੋਂ 05 ਦਸੰਬਰ 2017

## ਜਮਹੂਰੀਅਤ ਅਤੇ ਆਤਮ-ਜਾਗਰਤਾ

ਇਹ ਧਾਰਨਾ ਕਿ ਜਮਹੂਰੀਅਤ ਦੀ ਕਾਢ ਪੱਛਮ ਅੰਦਰ (ਸਤਾਰਵੀਂ ਜਾਂ ਅਠਾਰਵੀਂ ਸਦੀ ਵਿਚ) ਹੋਈ, ਠੀਕ ਨਹੀਂ ਹੈ। ਅਸਲ ਵਿਚ ਜਮਹੂਰੀਅਤ ਦੀ ਰੀਤ ਯੁਗਾਂ ਪੁਰਾਣੀ ਹੈ। ਦੁਨੀਆਂ ਅੰਦਰ ਬਹੁਤ ਸਾਰੇ ਕਬੀਲੇ ਅਥਵਾ ਲੋਕ-ਸਮੂਹ ਪ੍ਰਾਚੀਨ ਸਮਿਆਂ ਤੋਂ, ਆਪੋ ਆਪਣੇ ਤਰੀਕੇ ਨਾਲ ਇਸ ਰੀਤ ਦੀ ਪਾਲਣਾ ਕਰਦੇ ਰਹੇ ਹਨ। ਕਿਸੇ ਵਰਗ ਜਾਂ ਕਬੀਲੇ ਦੇ ਲੋਕਾਂ ਵੱਲੋਂ ਆਮ ਸਭਾ ਬੁਲਾ ਕੇ, ਉਨ੍ਹਾਂ ਦੀਆਂ ਤਕਦੀਰਾਂ ਨੂੰ ਪ੍ਰਭਾਵਤ ਕਰਨ ਵਾਲੇ ਅਹਿਮ ਫੈਸਲੇ ਲੈਣ ਦਾ ਤਰੀਕਾਕਾਰ ਬਹੁਤ ਪੁਰਾਣਾ ਹੈ। ਸਿੱਖ ਗੁਰੂ ਸਾਹਿਬਾਨ ਨੇ ਇਸ ਜਮਹੂਰੀ ਅਮਲ ਅੰਦਰ ਉਸ ਵੇਲੇ ਇਨਕਲਾਬੀ ਤਬਦੀਲੀ ਲੈ ਆਂਦੀ ਸੀ ਜਦੋਂ ਉਨ੍ਹਾਂ ਨੇ ਜਮਹੂਰੀਅਤ ਨੂੰ ਆਤਮ-ਜਾਗ੍ਰਤਾ ਨਾਲ ਜੋੜ ਦਿੱਤਾ ਸੀ। ਉਨ੍ਹਾਂ ਨੇ ਆਤਮ-ਜਾਗ੍ਰਤ ਮਨੁੱਖਾਂ ਨੂੰ ਸੰਗਤ ਦੇ ਮਾਣਯੋਗ ਨਾਂ ਨਾਲ ਨਿਵਾਜਿਆ ਸੀ। ਲੋਕ ਜਦੋਂ ਆਤਮ-ਜਾਗ੍ਰਤ ਨਹੀਂ ਹੁੰਦੇ ਤਾਂ ਉਹ ਆਮ ਭੀੜ ਹੁੰਦੀ ਹੈ, ਜਿਸ ਨੂੰ ਸੁਆਰਥੀ ਆਗੂਆਂ ਵੱਲੋਂ ਸੌਖ ਨਾਲ ਭਰਮਾਇਆ ਜਾਂ ਵਰਗਲਾਇਆ ਜਾ ਸਕਦਾ ਹੈ। ਇਸ ਤਰੀਕੇ ਨਾਲ ਜਮਹੂਰੀਅਤ ਦਾ ਸੁਆਰਥੀ ਹਿਤਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਅਜੋਕੇ ਦੌਰ ਅੰਦਰ ਜਦੋਂ ਲੋਕਾਂ ਦੇ ਵੱਡੇ ਹਿੱਸੇ ਧਰਮ ਦੀ ਆਤਮਾ ਅਰਥਾਤ ਰੂਹਾਨੀਅਤ ਨਾਲੋਂ ਟੁੱਟ ਚੁੱਕੇ ਹਨ ਅਤੇ ਸਿੱਟੇ ਵਜੋਂ ਪਦਾਰਥਵਾਦ ਦੀ ਪੀਡੀ ਜਕੜ ਵਿਚ ਆ ਚੁੱਕੇ ਹਨ, ਤਾਂ ਉਨ੍ਹਾਂ ਨੂੰ ਡਰਾਉਣਾ, ਵਰਗਲਾਉਣਾ ਤੇ ਭਰਮਾਉਣਾ ਬਹੁਤ ਆਸਾਨ ਹੋ ਗਿਆ ਹੈ। ਲਗਭੱਗ ਸਾਰੇ ਹੀ ਸਮਾਜਾਂ ਅੰਦਰ ਭਾਰੂ ਵਰਗਾਂ ਨੇ ਇਸ ਅਮਲ ਵਿਚ ਬਹੁਤ ਪ੍ਰਬੀਨਤਾ ਹਾਸਲ ਕਰ ਲਈ ਹੈ। ਸੁਆਰਥੀ ਆਗੂਆਂ ਵੱਲੋਂ, ਰੂਹਾਨੀ ਕਦਰਾਂ ਕੀਮਤਾਂ ਤੋਂ ਸੱਖਣੇ ਲੋਕਾਂ ਨੂੰ ਲਾਲਚ ਦੇ ਕੇ ਜਾਂ ਝੂਠੇ ਲਾਰੇ ਲਾ ਕੇ ਗੁੰਮਰਾਹ ਕਰਨਾ, ਬਹੁਤ ਆਸਾਨ ਹੋ ਗਿਆ ਹੈ। ਬਾਕੀ ਦੁਨੀਆਂ ਦੀ ਗੱਲ ਛੱਡੋ, ਇਸ ਮਾਮਲੇ ਵਿਚ ਸਿੱਖ ਸਮਾਜ ਦੀ ਹਾਲਤ ਕਿਸੇ ਪੱਖੋਂ ਵੀ ਬਾਕੀ ਸਮਾਜਾਂ ਨਾਲੋਂ ਵੱਖਰੀ ਨਹੀਂ ਰਹੀ। ਜਿਸ ਭਾਈਚਾਰੇ ਦੀਆਂ ਬੁਨਿਆਦਾਂ ਹੀ ਰੂਹਾਨੀਅਤ ਉਤੇ ਟਿਕੀਆਂ ਹੋਈਆਂ ਸਨ ਅਤੇ ਜਿੱਥੇ ਲੰਮੇ ਸਮੇਂ ਤਕ, ਸੰਗਤੀ ਰੂਪ ਵਿਚ ਜੁੜ ਕੇ ਜਮਹੂਰੀ ਢੰਗ ਨਾਲ ਫੈਸਲੇ ਲੈਣ ਦੀ ਸਚਿਆਰੀ ਰਵਾਇਤ ਦੀ ਨਿਰਵਿਘਨ ਪਾਲਣਾ ਹੁੰਦੀ ਰਹੀ, ਉਸ ਭਾਈਚਾਰੇ ਦੇ ਲਗੱਭੱਗ ਸਾਰੇ ਹੀ ਅਦਾਰਿਆਂ ਅੰਦਰੋਂ ਜਮਹੂਰੀਅਤ ਦੀ ਸਪਿਰਟ ਦਾ ਮਰ ਜਾਣਾ ਅਤਿਅੰਤ ਦੁਖ਼ਦਾਈ ਹੈ। ਇਸ ਸਾਲ ਪਹਿਲਾਂ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਅਤੇ ਅੱਜ ਹੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਕੌਮ ਦੇ ਵੱਡੇ ਹਿੱਸੇ ਨੇ ਅਮਲੀ ਰੂਪ ਵਿਚ ਗੁਰੂਆਂ ਦੀਆਂ ਸਿਖਿਆਵਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਗੁਰੂਆਂ ਦੀਆਂ ਸਿਖਿਆਵਾਂ ਉਤੇ ਚੱਲਣ ਲਈ ਰੂਹਾਨੀਅਤ ਵਿਚ ਪ੍ਰਪੱਕ ਹੋਣਾ ਜ਼ਰੂਰੀ ਹੈ। ਜਿੰਨਾ ਚਿਰ ਸਿੱਖ ਹਿਰਦਿਆਂ ਅੰਦਰ ਰੂਹਾਨੀਅਤ ਦੀ ਚਿਣਗ ਮਘਦੀ ਰਹੀ, ਉਨਾ ਚਿਰ ਉਹ ਗੁਰੂਆਂ ਦੇ ਆਦਰਸ਼ਾਂ ਦੀ ਦ੍ਰਿੜ੍ਹਤਾ ਨਾਲ ਪਾਲਣਾ ਕਰਦੇ ਰਹੇ। ਹਰ ਕਿਸਮ ਦੇ ਪਦਾਰਰਥਕ ਲੋਭਾਂ ਨੂੰ ਠੁਕਰਾ ਕੇ ਸਿੱਖ ਆਦਰਸ਼ਾਂ ਨਾਲ ਅਡੋਲ ਵਫ਼ਾ ਪਾਲਦੇ ਰਹੇ। ਪਰ ਜਿਸ ਹਿਸਾਬ ਨਾਲ ਸਿੱਖ ਪੱਛਮੀ ਸੱਭਿਅਤਾ ਦਾ ਮਾਰੂ ਪ੍ਰਭਾਵ ਕਬੂਲ ਕਰਦੇ ਗਏ ਅਤੇ ਰੂਹਾਨੀ ਕੀਮਤਾਂ ਨਾਲੋਂ ਦੁਨਿਆਵੀ ਸੁਆਰਥਾਂ ਨੂੰ ਪ੍ਰਮੁੱਖਤਾ ਦੇਣ ਦੇ ਰੁਝਾਣ ਵਿਚ ਗਲਤਾਨ ਹੁੰਦੇ ਚਲੇ ਗਏ, ਉਸੇ ਹਿਸਾਬ ਨਾਲ ਉਹ ਪੰਥਕ ਰਵਾਇਤਾਂ ਤੋਂ ਦੂਰ ਹੁੰਦੇ ਚਲੇ ਗਏ। ਸਿੱਖਾਂ ਨੂੰ ਪੰਥਕ ਆਗੂ ਚੁਣਨ ਦਾ ਜਿਹੜਾ ਤਰੀਕਾਕਾਰ ਗੁਰੂਆਂ ਨੇ ਆਪ ਉਦਾਹਰਣਾਂ ਸਿਰਜ ਕੇ ਸਿਖਾਇਆ ਸੀ, ਉਸ ਤਰੀਕਾਕਾਰ ਨੂੰ ਛੱਡ ਕੇ ਉਨ੍ਹਾਂ ਨੇ ਦੁਨੀਆਂ ਦੀ ਰੀਤੇ ਪੱਛਮੀ ਜਮਹੂਰੀਅਤ ਦਾ ਨੁਕਸਦਾਰ ਮਾਡਲ ਅਪਣਾ ਲੈਣ ਦੀ ਬੱਜਰ ਗ਼ਲਤੀ ਕਰ ਲਈ। ਪੱਛਮੀ ਜਮਹੂਰੀਅਤ ਅੰਦਰ ਦੁਨਿਆਵੀ ਸਰੋਕਾਰਾਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਲੋਕਾਂ ਦੀਆਂ ਭੀੜਾਂ ਆਪਣੇ ਵੇਲੇ ਦੇ ਦੁਨਿਆਵੀ ਹਿਤਾਂ ਨੂੰ ਮੁੱਖ ਰੱਖ ਕੇ ਆਪਣੇ ਆਗੂ ਚੁਣਦੀਆਂ ਹਨ। ਆਗੂ ਚੁਣਨ ਵੇਲੇ ਨੈਤਿਕ ਜਾਂ ਰੂਹਾਨੀ ਕੀਮਤਾਂ ਨੂੰ ਪਹਿਲ ਦੇਣ ਦੀ ਬਜਾਇ ਵਿਅਕਤੀ ਦੇ ਦੁਨਿਆਵੀ ਰੁਤਬੇ ਤੇ ਸਿਫ਼ਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਜਿਸ ਨਾਲ ਸੁਭਾਵਿਕ ਹੀ ਨੈਤਿਕ-ਹੀਣ ਬੰਦੇ ਆਗੂ ਚੁਣੇ ਜਾਂਦੇ ਹਨ। ਇਸ ਦੀ ਤੁਲਨਾ ਵਿਚ ਗੁਰੂਆਂ ਨੇ ਸਿੱਖਾਂ ਨੂੰ ਆਪਣੇ ਆਗੂ ਚੁਣਨ ਲਈ ਆਪਣੇ ਮਾਦੀ (ਦੁਨਿਆਵੀ) ਹਿਤਾਂ ਤੋਂ ਉਪਰ ਉਠ ਕੇ, ਰੂਹਾਨੀ ਕੀਮਤਾਂ ਨੂੰ ਪਹਿਲ ਦੇਣ ਦੀ ਜਾਚ ਸਿਖਾਈ ਸੀ। ਆਤਮ-ਜਾਗ੍ਰਤ ਮਨੁੱਖ ਆਪਣਾ ਆਗੂ ਚੁਣਨ ਲਈ ਫੈਸਲਾ ਬਿਬੇਕ ਬੁੱਧੀ ਨਾਲ ਕਰਦਾ ਹੈ। ਉਹ ਕਿਸੇ ਦਬਾਅ, ਭੈਅ, ਲਾਲਚ ਜਾਂ ਬਹਿਕਾਵੇ ਵਿਚ ਨਹੀਂ ਆਉਂਦਾ। ਇਸੇ ਕਰਕੇ ਸੁਆਰਥੀ ਲੋਕਾਂ ਨੂੰ ਆਤਮ-ਜਾਗ੍ਰਤ ਲੋਕਾਂ ਤੋਂ ਭੈਅ ਆਉਂਦਾ ਹੈ। ਉਨ੍ਹਾਂ ਨੂੰ ਰੂਹਾਨੀ ਪੱਖ ਤੋਂ ਕੰਗਾਲ ਲੋਕਾਂ ਦੀਆਂ ਭੀੜਾਂ ਹੀ ਸੁਖਾਉਂਦੀਆਂ ਹਨ। ਅਫ਼ਸੋਸ ਵੱਸ, ਪਿਛਲੇ 3-4 ਦਹਾਕਿਆਂ ਤੋਂ ਸਿੱਖ ਸਮਾਜ ਅੰਦਰ ਸੁਆਰਥੀਂ ਤੇ ਲੋਭੀ ਆਗੂਆਂ ਦਾ ਬੋਲਬਾਲਾ ਹੋ ਗਿਆ ਹੈ। ਉਹ ਸੱਤਾ ਵਿਚ ਬਣੇ ਰਹਿਣ ਲਈ ਰੂਹਾਨੀਅਤ ਤੋਂ ਸੱਖਣੇ ਲੋਕਾਂ ਨੂੰ ਤਰਜੀਹ ਦਿੰਦੇ ਹਨ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਹੀ ਉਹ ਸਿੱਖ ਕੌਮ ਉਤੇ ਅਜਿਹੇ ਧਾਰਮਿਕ ਆਗੂਆਂ ਦੀ ਚੌਧਰਦਾਰੀ ਸਥਾਪਤ ਕਰਦੇ ਹਨ ਜਿਹੜੇ ਉਨ੍ਹਾਂ ਨੇ ਦੁਨਿਆਵੀ ਹਿਤਾਂ ਦੀ ਪੂਰਤੀ ਦੇ ਵਫ਼ਾਦਰ ਸੰਦ ਬਣਨ ਦੀ ਯੋਗਤਾ ਰਖਦੇ ਹੋਣ। ਇਸੇ ਕੂੜ ਨੀਤੀ ਦੀ ਬਦੌਲਤ ਹੀ ਧਾਰਮਿਕ (ਪੰਥਕ) ਸੰਸਥਾਵਾਂ ਉਤੇ ਪਦਾਰਥਕ ਰੁਚੀਆਂ ਵਾਲੇ ਲੋਕਾਂ ਦਾ ਪੂਰਨ ਗ਼ਲਬਾ ਸਥਾਪਤ ਹੋ ਗਿਆ ਹੈ। ਆਗੂ ਚੁਣਨ ਲਈ ਵੋਟਾਂ ਪਾਉਣ ਦੀ ਜਿਹੜੀ ਕਵਾਇਦ ਕੀਤੀ ਜਾਂਦੀ ਹੈ, ਉਹ ਮਹਿਜ਼ ਤਮਾਸ਼ਾ ਹੁੰਦਾ ਹੈ। ਜਦੋਂ ਤੋਂ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਰਾਜਨੀਤੀ ਉਤੇ ਆਪਣੀ ਅਜਾਰੇਦਾਰੀ ਸਥਾਪਤ ਕਰ ਲਈ ਹੋਈ ਹੈ, ਉਦੋਂ ਤੋਂ ਸਾਰੀਆਂ ਪੰਥਕ ਰਵਾਇਤਾਂ ਨੂੰ ਉਲਟਾ ਪੁਲਟਾ ਕਰ ਦਿੱਤਾ ਗਿਆ ਹੈ। ਕੋਈ ਵੇਲਾ ਹੁੰਦਾ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਬਕਾਇਦਾ ਜਮਹੂਰੀ ਅਮਲ ਅਪਣਾਇਆ ਜਾਂਦਾ ਸੀ। ਪਰ ਪਿਛਲੇ ਤਿੰਨ ਕੁ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਸੇ ਜਮਹੂਰੀ ਕਿਰਿਆ ਰਾਹੀਂ ਨਹੀਂ ਚੁਣਿਆ ਜਾਂਦਾ, ਬਲਕਿ ਉਹ ਬਾਦਲ ਦੇ ਲਿਫ਼ਾਫ਼ੇ ਵਿਚੋਂ ਨਿਕਲਦਾ ਹੈ। ਇਸ ਵਾਰ ਇਹ ਸੁਭਾਗ ਸ: ਗੋਬਿੰਦ ਸਿੰਘ ਲੌਂਗੋਵਾਲ ਨੂੰ ਮਿਲਿਆ ਹੈ। ਜਿਸ ਦਾ ਭਾਵ ਸਪਸ਼ਟ ਹੈ ਕਿ ਬਦਲਕਿਆਂ ਨੂੰ ਦੂਸਰੇ ਆਗੂਆਂ ਦੀ ਅੰਸ਼ਕ ਵਫ਼ਾਦਾਰੀ ਗਵਾਰਾ ਨਹੀਂ ਹੈ। ਸ਼ਾਇਦ ਇਸੇ ਕਰਕੇ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਮਾਤ ਖਾ ਗਏ ਹਨ। ਇਸ ਤੋਂ ਬਾਦਲਾਂ ਦੀ ਕ੍ਰਿਪਾ-ਦ੍ਰਿਸ਼ਟੀ ਦੇ ਪਾਤਰ ਬਣੇ ਨਵੇਂ ਪ੍ਰਧਾਨ ਦੀ ਲਿਆਕਤ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

# ਮੋਦੀਤੰਤਰ: ਨਿੱਤ ਨਵਾਂ ਦੁਸ਼ਮਣ ਲੱਭਣ ਦੀ ਸਿਆਸਤ




**ਹਿੰਦੂ ਵੋਟ-ਬੈਂਕ ਨੂੰ ਮਜ਼ਬੂਤੀ ਨਾਲ ਕਾਇਮ ਰੱਖਣ ਲਈ ਨਵੀਆਂ ਤੇ ਨਿਵੇਕਲੀਆਂ ਰਣਨੀਤੀਆਂ ਉਲੀਕਣੀਆਂ ਹੋਣਗੀਆਂ। ਸਵਾਲ ਇਹ ਹੈ ਕਿ ਹੁਣ ਸਾਨੂੰ ਸਭ ਨੂੰ ਕਿਵੇਂ ਭੜਕਾਇਆ ਜਾਵੇ? ਸਾਡੇ ਜ਼ਖ਼ਮਾਂ ਨੂੰ ਖ਼ਰੋਚਣ ਲਈ ਇਤਿਹਾਸ ਜਾਂ ਇਸ ਦੇ ਕਿਸੇ ਖ਼ਾਸ ਹਿੱਸੇ ਨੂੰ ਵਰਤਣਾ ਹੋਵੇਗਾ। ਇਤਿਹਾਸਕ ਪੱਖਪਾਤ ਤੇ ਰੋਸ ਦੀ ਸੜ੍ਹਾਂਦ ਮਹਿਸੂਸ ਕਰਨ ਲਈ ਸਾਨੂੰ ਸਭ ਨੂੰ ਗਰਦਨ ਤੋਂ ਫੜ ਕੇ ਘਸੀਟ ਲਿਆ ਗਿਆ। ਅਜਿਹੀ ਕਿਸੇ ਵੀ ਗੱਲ ਨਾਲ ਕੰਮ ਬਣ ਜਾਵੇਗਾ ਜਿਸ ਨਾਲ ਸਾਡੇ ਅੰਦਰੂਨੀ ਡਰ ਤੇ ਪੱਖਪਾਤ ਉਭਰਨ। ਮਸਲਨ, ਦਿਆਲ ਸਿੰਘ ਕਾਲਜ ਦਾ ਨਾਂਅ ਬਦਲ ਕੇ ਵੰਦੇ ਮਾਤਰਮ ਕਾਲਜ ਕਰ ਦੇਵਾਂਗੇ। ਇਸ ਤਬਦੀਲੀ ਦਾ ਵਿਰੋਧ ਕਰਕੇ 'ਦੇਸ਼ ਧਰੋਹ' ਦਾ ਠੱਪਾ ਲਗਵਾਉਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।**

**ਹਰੀਸ਼ ਖਰੇ**



ਮੱਧ-ਅਕਤੂਬਰ ਤੋਂ ਸਾਡਾ ਸਭ ਦਾ ਧਿਆਨ ਚੋਣ-ਤਰੀਕਾਂ ਦੀ ਭੀੜ-ਭਾੜ ਨੇ ਖਿੱਚਿਆ ਹੋਇਆ ਹੈ ਅਤੇ ਸਰਕਾਰੀ ਤਰਜੀਹਾਂ ਤੇ ਸਰਕਾਰੀ ਮੁਲਾਜ਼ਮਾਂ ਦਾ ਸਭ ਤੋਂ ਵੱਧ ਧਿਆਨ ਗੁਜਰਾਤ ਚੋਣਾਂ ਵੱਲ ਕੁਝ ਵਧੇਰੇ ਹੀ ਵੰਡਿਆ ਗਿਆ ਹੈ। ਹਾਲੇ ਇਸੇ ਮਹੀਨੇ ਦੇ ਆਰੰਭ ਵਿੱਚ ਹਿਮਾਚਲ ਪ੍ਰਦੇਸ਼ 'ਚ ਵੋਟਾਂ ਪੈ ਕੇ ਹਟੀਆਂ ਸਨ, ਪਰ ਉਸ ਤੋਂ ਤੁਰੰਤ ਮਗਰੋਂ ਗੁਜਰਾਤ ਦੀ ਚੋਣ-ਜੰਗ ਦਾ ਐਲਾਨ ਹੋ ਗਿਆ ਹੈ। ਇਸ ਤੋਂ ਬਾਅਦ ਕਰਨਾਟਕ ਚੋਣਾਂ ਦੀ ਵਾਰੀ ਆ ਜਾਣੀ ਹੈ; ਉਸ ਤੋਂ ਅੱਗੇ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ 'ਚ ਚੋਣਾਂ ਹੋਣਗੀਆਂ ਅਤੇ ਫਿਰ ਆਵੇਗੀ ਸਭ ਤੋਂ ਵੱਡੀ ਜੰਗ ਭਾਵ 2019 ਦੀਆਂ ਲੋਕ ਸਭਾ ਚੋਣਾਂ। ਇਹ ਇੱਕ ਪੂਰਨ ਸੱਚ ਹੈ ਕਿ ਚੋਣ ਮੁਕਾਬਲੇ ਹੀ ਜਮਹੂਰੀ ਵਿਵਸਥਾ ਤੇ ਉਸ ਦੀ ਉਚਿਤਤਾ ਦਾ ਕੇਂਦਰੀ ਧੁਰਾ ਹੁੰਦੇ ਹਨ। ਚੋਣ ਜਿੱਤਾਂ ਤੋਂ ਹੀ ਜੇਤੂਆਂ ਨੂੰ ਸ਼ਾਸਨ ਕਰਨ ਦਾ ਫ਼ਤਵਾ ਮਿਲਦਾ ਹੈ। ਇਸੇ ਲਈ, ਹਰੇਕ ਚੋਣ ਮੁਕਾਬਲਾ ਜਿੱਤਣ ਲਈ ਇੱਕ ਖ਼ਾਸ ਕਿਸਮ ਦੀ ਕਾਹਲ ਤੇ ਵਾਜਬੀਅਤ ਦੀ ਲੋੜ ਪੈਂਦੀ ਹੈ। ਇਸੇ ਕਾਰਨ ਹਰ ਹਾਲ ਚੋਣ ਜਿੱਤਣੀ ਸਾਡਾ ਮੁੱਖ ਉਦੇਸ਼ ਤੇ ਮੁੱਖ ਪੇਸ਼ਾ ਬਣ ਜਾਂਦਾ ਹੈ।

ਇਹ ਗੱਲ ਸਹਿਜੇ ਹੀ ਮੰਨੀ ਜਾ ਸਕਦੀ ਹੈ ਕਿ ਸਿਆਸੀ ਆਗੂਆਂ ਨੂੰ ਪ੍ਰਸ਼ਾਸਕ ਤੇ ਰਾਜਨੀਤੀਵਾਨ ਜਾਂ ਸੁਧਾਰਕ ਜਾਂ ਪਰਿਵਰਤਨਸ਼ੀਲ ਆਗੂ ਬਣਨ ਤੋਂ ਪਹਿਲਾਂ ਚੋਣਾਂ ਜਿੱਤਣੀਆਂ ਪੈਂਦੀਆਂ ਹਨ। ਚੋਣਾਂ ਕਿਵੇਂ ਨਾ ਕਿਵੇਂ ਜਿੱਤ ਲਓ ਤੇ ਫਿਰ ਬੇਹੱਦ ਜਾਗਰੂਕ ਤੇ ਸਿਆਣੇ ਬਣ ਕੇ ਹਕੂਮਤ ਕਰੋ।

ਇਸ ਸਭ ਦੇ ਬਾਵਜੂਦ ਹਰੇਕ ਚੋਣ ਮੁਕਾਬਲੇ ਨਾਲ ਨੈਤਿਕ ਖ਼ਤਰੇ ਜੁੜੇ ਹੁੰਦੇ ਹਨ: ਕੀ ਪ੍ਰਤੱਖ ਉਦਾਰਵਾਦੀ ਕਾਰਜ ਦੇ ਗ਼ੈਰ-ਉਦਾਰਵਾਦੀ ਨਤੀਜੇ ਨਿਕਲਣਗੇ? ਇਹ ਵੀ ਸੰਭਵ ਹੈ ਕਿ ਮੁਫ਼ੀਦ ਕਾਰਗੁਜ਼ਾਰੀ ਲਈ ਨੀਤੀਆਂ ਨੂੰ ਨਵਿਆਉਣ ਅਤੇ ਇਨ੍ਹਾਂ ਦੀ ਸਮਰੱਥਾ ਵਿੱਚ ਵਾਧੇ ਦੀ ਬਜਾਏ ਵੋਟ ਪ੍ਰਕਿਰਿਆ ਨਾਲ ਜਮਹੂਰੀ ਕਦਰਾਂ-ਕੀਮਤਾਂ, ਰਵਾਇਤਾਂ ਤੇ ਸੰਸਥਾਨਾਂ ਦਾ ਘਾਣ ਹੋ ਜਾਵੇ। ਅਸੀਂ ਪ੍ਰੇਸ਼ਾਨ ਕਰ ਦੇਣ ਵਾਲਾ ਭਵਿੱਖ ਵੇਖ ਰਹੇ ਹਾਂ।

2014 ਤੋਂ ਹੀ ਸੱਤਾਧਾਰੀ ਧਿਰ ਨੇ ਅਨੇਕਾਂ ਦੁਸ਼ਮਣਾਂ ਨਾਲ ਸਿੱਝਣ ਦਾ ਬਿਰਤਾਂਤ ਚਤੁਰਾਈ ਨਾਲ ਸਿਰਜ ਕੇ ਖ਼ੁਦ ਲਈ ਬੇਹੱਦ ਪ੍ਰਬੀਨਤਾ ਸਹਿਤ ਸਿਆਸੀ ਰਫ਼ਤਾਰ ਹਾਸਲ ਕਰ ਲਈ ਹੈ। ਕਦੇ ਚੀਨ ਨੂੰ ਦੁਸ਼ਮਣ ਵਜੋਂ ਪੇਸ਼ ਕੀਤਾ ਗਿਆ, ਕਦੇ ਪਾਕਿਸਤਾਨ ਨੂੰ ਦੁਸ਼ਮਣ ਆਖਿਆ ਗਿਆ ਤੇ ਕਦੇ ਦੋਹਾਂ ਨੂੰ ਅੱਗੜ-ਪਿੱਛੜ ਵੈਰ ਭਾਵ ਨਾਲ ਕਾਰਜ ਕਰਨ ਵਾਲਿਆਂ ਵਜੋਂ ਪੇਸ਼ ਕੀਤਾ ਗਿਆ। ਦੁਸ਼ਮਣ ਨਾਲ ਸਿੱਝਣਾ ਰਾਸ਼ਟਰੀ ਤਰਜੀਹ ਅਤੇ ਦੇਸ਼-ਭਗਤੀ ਦੇ ਜਜ਼ਬੇ ਤਹਿਤ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਰਹੀ। ਭਾਰਤ ਮਾਤਾ ਲਈ ਖੜ੍ਹੇ ਹੋਣ ਲਈ ਆਮ ਨਾਗਰਿਕਾਂ 'ਤੇ ਦਬਾਅ ਪਾਉਣ, ਉਨ੍ਹਾਂ ਨੂੰ ਪ੍ਰੇਰਿਤ ਕਰਨ ਤੇ ਲੋੜ ਪੈਣ 'ਤੇ ਮਜਬੂਰ ਕਰਨ ਦੀ ਵੀ ਲੋੜ ਪਈ। ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਉੱਚੀ-ਉੱਚੀ 'ਵੰਦੇ ਮਾਤਰਮ' ਦੇ ਨਾਅਰੇ ਲਾ ਕੇ ਅਤੇ ਸਿਨਮਾ ਹਾਲਾਂ ਵਿੱਚ ਰਾਸ਼ਟਰੀ ਤਰਾਨਾ ਚੱਲਦੇ ਸਮੇਂ ਸਤਿਕਾਰ ਨਾਲ ਖੜ੍ਹੇ ਹੋ ਕੇ ਆਪਣੀ ਦੇਸ਼ਭਗਤੀ ਸਿੱਧ ਕਰਨ ਲਈ ਵੀ ਕਿਹਾ ਗਿਆ। ਦੇਸ਼ਭਗਤੀ ਦਾ ਅਜਿਹਾ ਦਿਖਾਵਾ ਕਰਨ ਤੋਂ ਵਾਂਝੇ ਰਹਿ ਗਏ ਸ਼ੱਕੀਆਂ ਦੀ ਖਿੱਚ-ਧੂਹ ਕੀਤੀ ਗਈ; ਅਤੇ ਉਨ੍ਹਾਂ ਖ਼ਿਲਾਫ਼ ਦੇਸ਼ ਧਰੋਹ ਦੇ ਮਾਮਲੇ ਵੀ ਦਰਜ ਕੀਤੇ ਗਏ ਜਿਵੇਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ 'ਚ ਕੁਝ ਸ਼ਰਾਰਤੀ ਮੁੰਡਿਆਂ ਨਾਲ ਹੋਇਆ ਸੀ। ਅਜਿਹਾ ਹਰ ਕਾਰਜ ਭਾਰਤ ਮਾਤਾ ਦੀ ਮਹਿਮਾ ਤੇ ਮਹਾਨਤਾ ਨੂੰ ਮੰਨਣ ਤੋਂ ਇਨਕਾਰ ਕਰਨ ਵਾਲੇ ਕਿਸੇ ਨਾ ਕਿਸੇ 'ਦੁਸ਼ਮਣ' ਬਾਰੇ ਸਿਰਜੇ ਬਿਰਤਾਂਤ ਨੂੰ ਮਜ਼ਬੂਤੀ ਬਖ਼ਸ਼ਣ ਲਈ ਬੜੀ ਰਚਨਾਤਮਿਕਤਾ ਨਾਲ ਕੀਤਾ ਗਿਆ। ਜਿਨ੍ਹਾਂ ਵੀ ਵਿਅਤਕੀਆਂ ਕੋਲ ਸੱਤਾਧਾਰੀ ਧਿਰ ਦਾ ਵਿਰੋਧ ਕਰਨ ਦਾ ਕੋਈ ਵਾਜਬ ਕਾਰਨ ਸੀ, ਉਨ੍ਹਾਂ ਸਭਨਾਂ ਨੂੰ 'ਦੇਸ਼-ਧਰੋਹੀ' ਤਾਂ ਭਾਵੇਂ ਨਹੀਂ ਆਖਿਆ ਗਿਆ, ਪਰ ਰਾਸ਼ਟਰ-ਵਿਰੋਧੀ ਕਰਾਰ ਜ਼ਰੂਰ ਦੇ ਦਿੱਤਾ ਗਿਆ।

ਕੁਝ ਚਿਰ ਲਈ ਤਾਂ ਇਹ ਸਭ ਠੀਕ ਢੰਗ ਨਾਲ ਚੱਲਿਆ। ਪਾਕਿਸਤਾਨੀ ਸਰਕਾਰ ਨੇ ਵੀ ਇਸ ਮਾਮਲੇ 'ਚ ਪੂਰਾ ਸਾਥ ਦਿੱਤਾ; ਪਹਿਲਾਂ ਦੀਨਾਨਗਰ ਤੇ ਫਿਰ ਪਠਾਨਕੋਟ 'ਚ ਅਤਿਵਾਦੀ ਹਮਲੇ ਹੋਏ; ਹਾਫ਼ਿਜ਼ ਸਈਦ ਨੂੰ ਕਦੇ ਜੇਲ੍ਹ ਡੱਕ ਦਿੱਤਾ ਤੇ ਕਦੇ ਬਾਹਰ ਲਿਆਂਦਾ ਗਿਆ; ਸ੍ਰੀਨਗਰ ਦੀਆਂ ਸੜਕਾਂ 'ਤੇ ਵੱਡੇ ਹਜੂਮ ਪਥਰਾਅ ਕਰਦੇ ਰਹੇ, ਗੁਆਂਢੀ ਮੁਲਕ ਵੱਲੋਂ ਗੋਲ਼ੀਬੰਦੀ ਦੀ ਕਈ ਵਾਰ ਉਲੰਘਣਾ ਹੋਈ, ਸਰਹੱਦ-ਪਾਰੋਂ ਦਹਿਸ਼ਤੀ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਕੱਟੜ ਦੇਸ਼ਭਗਤੀ ਦੀ ਵਰਤੋਂ ਇੰਜ ਹੋਣ ਲੱਗ ਪਈ, ਜਿਵੇਂ ਕਿਸੇ ਡਾਕਟਰ ਨੇ ਅਜਿਹਾ ਕਰਨ ਲਈ ਆਖਿਆ ਹੋਵੇ। ਉਸ ਤੋਂ ਬਾਅਦ ਅਸੀਂ ਬੇਹੱਦ ਤਸੱਲੀਬਖ਼ਸ਼ ਢੰਗ ਨਾਲ ਸਰਜੀਕਲ ਹਮਲੇ' ਕੀਤੇ ਅਤੇ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਨੂੰ ਚੰਗੀ ਤਰ੍ਹਾਂ ਭੁਨਾਇਆ ਗਿਆ। ਅਚਾਨਕ, ਇਹ ਸਾਰੀ ਖੇਡ ਖ਼ਤਮ ਹੋ ਗਈ। ਨੋਟਬੰਦੀ ਨਾਂਅ ਦੀ ਤਬਾਹੀ ਅਤੇ ਜੀਐੱਸਟੀ ਨਾਂ ਦੀ ਗੜਬੜੀ ਕਰ ਦਿੱਤੀ ਗਈ। ਫ਼ੈਸਲਾਕੁੰਨ ਲੀਡਰਸ਼ਿਪ ਬਾਰੇ ਆਰੰਭਕ ਖ਼ੁਸ਼ੀ ਕਾਫ਼ੂਰ ਹੋ ਗਈ ਅਤੇ ਕਰੋੜਾਂ ਲੋਕਾਂ ਨੇ ਆਪਣੀਆਂ ਨਾ ਘਟਣ ਵਾਲੀਆਂ ਦੁੱਖ-ਤਕਲੀਫ਼ਾਂ, ਨੀਮ-ਬੇਰੁਜ਼ਗਾਰੀ, ਬੇਰੁਜ਼ਗਾਰੀ ਵੱਲ ਧਿਆਨ ਦਿੱਤਾ ਅਤੇ ਉਨ੍ਹਾਂ ਨੇ ਸਰਕਾਰ ਦੇ ਵਾਅਦਿਆਂ ਮੁਤਾਬਿਕ 'ਅੱਛੇ ਦਿਨ' ਆਉਣ ਵਿੱਚ ਹੋ ਰਹੀ ਦੇਰੀ ਉੱਤੇ ਕਿੰਤੂ-ਪ੍ਰੰਤੂ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਵੀ ਬਦਤਰ ਗੱਲ ਇਹ ਹੋਈ ਕਿ ਨਿੱਤ ਦੇ ਕਸ਼ਟਾਂ ਤੋਂ ਸਾਡੀ ਖਲਾਸੀ ਕਰਵਾਉਣ ਵਿੱਚ ਨਾਕਾਮ ਰਹਿਣ 'ਤੇ ਸੱਤਾਧਾਰੀਆਂ ਦੀ ਸਮਰੱਥਾ ਤੇ ਯੋਗਤਾ ਬਾਰੇ ਵੀ ਸੁਆਲ ਉੱਠਣ ਲੱਗ ਪਏ। ਸੋਸ਼ਲ ਮੀਡੀਆ 'ਤੇ ਸਰਕਾਰ ਪ੍ਰਤੀ ਰੋਹ ਤੇ ਰੋਸ ਪ੍ਰਤੱਖ ਦਿਸਣ ਲੱਗਾ ਤੇ ਵੱਡੇ ਪੱਧਰ 'ਤੇ ਖਿੱਲੀ ਉੱਡਣ ਲੱਗੀ।

ਧਰਮ-ਨਿਰਪੱਖ ਵਿਕਾਸ ਬਾਰੇ ਵਿਵਾਦ ਉੱਠਣ ਲੱਗੇ। ਵਿਕਾਸ ਦੇ ਅਖੌਤੀ ਗੁਜਰਾਤ ਮਾਡਲ ਤੇ ਉਸ ਦੀਆਂ ਕਲਪਿਤ ਉਪਲੱਬਧੀਆਂ ਤੇ ਕਾਰਗੁਜ਼ਾਰੀਆਂ ਉੱਤੇ ਪਹਿਲੀ ਵਾਰ ਸੁਆਲ ਕੀਤੇ ਜਾ ਰਹੇ ਹਨ। ਨਾਕਾਮੀਆਂ ਤੇ ਨੀਮ-ਕਾਮਯਾਬੀਆਂ ਬਾਰੇ ਵਿਰੋਧੀ ਧਿਰਾਂ ਸਪੱਸ਼ਟੀਕਰਨ ਮੰਗ ਰਹੀਆਂ ਹਨ।

ਹੁਣ ਕੀ ਕਰਨਾ ਚਾਹੀਦਾ ਹੈ? ਫ਼ਿਰਕਾਪ੍ਰਸਤ' ਸਮਝੇ ਜਾਣ ਬਿਨਾਂ ਅਸੀਂ ਬਹੁਗਿਣਤੀ ਨੂੰ ਗੁੱਸੇ ਕਿਵੇਂ ਕਰ ਸਕਦੇ ਹਾਂ? ਪਹਿਲੀ ਗੱਲ ਇਹ ਹੈ ਕਿ ਹਿੰਦੂ ਵੋਟ-ਬੈਂਕ ਨੂੰ ਦੇਸ਼-ਵਿਦੇਸ਼ ਵਿੱਚ ਮੁਸਲਮਾਨਾਂ ਤੋਂ ਦਰਪੇਸ਼ ਖ਼ਤਰਿਆਂ ਬਾਰੇ ਲਗਾਤਾਰ ਚੇਤੇ ਕਰਵਾਉਣਾ ਪੈਂਦਾ ਹੈ। ਇਹੋ ਜਿਹੇ ਯਤਨ ਕਰਦੇ ਰਹਿਣਾ ਵੀ ਸੁਖਾਲ਼ਾ ਨਹੀਂ ਹੈ। ਤੀਹਰੇ ਤਲਾਕ ਦਾ ਮਾਮਲਾ ਸੁਪਰੀਮ ਕੋਰਟ ਨੇ ਸੁਲਝਾ ਦਿੱਤਾ; ਮੁਸਲਮਾਨ ਅਤੇ ਉਨ੍ਹਾਂ ਦੇ ਆਗੂ ਕੁਝ ਤਹੱਮਲ ਨਾਲ ਚੱਲ ਰਹੇ ਹਨ ਅਤੇ ਉਹ ਯੁਕਤੀਪੂਰਨ ਢੰਗ ਨਾਲ ਆਪੋ-ਆਪਣੇ ਖੋਲਾਂ ਵਿੱਚ ਪਰਤ ਗਏ ਹਨ।

ਨੀਤੀਗਤ ਸੁਆਲ ਇਹ ਬਣਦਾ ਹੈ ਕਿ ਸੱਤਾਧਾਰੀ ਧਿਰ ਪ੍ਰਤੀ ਅਪ੍ਰਵਾਨਗੀ ਅਤੇ ਭਰਮ-ਨਿਵਾਰਣ ਦੀ ਲਹਿਰ ਨੂੰ ਠੱਲ੍ਹ ਕਿਵੇਂ ਪਾਈ ਜਾਵੇ? ਇਸ ਲਈ ਸਾਨੂੰ ਨਵੇਂ ਦੁਸ਼ਮਣ ਖੋਜਣੇ ਹੋਣਗੇ। ਵਿਦੇਸ਼ੀ ਦੁਸ਼ਮਣਾਂ ਦੀ ਤਰਕੀਬ ਨੂੰ ਪਹਿਲਾਂ ਬਹੁਤ ਵਾਰ ਵਰਤਿਆ ਜਾ ਚੁੱਕਾ ਹੈ। ਡੋਕਲਾਮ ਵਿਵਾਦ ਤੋਂ ਬਾਅਦ ਇਸ ਮੁੱਦੇ 'ਤੇ ਮੁੜ ਵਿਚਾਰ ਜ਼ਰੂਰੀ ਹੋ ਗਿਆ ਜਿਸ ਦੇ ਪ੍ਰਤੱਖ ਨਤੀਜੇ ਨਹੀਂ ਨਿਕਲ ਸਕੇ ਜਿਨ੍ਹਾਂ ਨੂੰ

ਬਾਕੀ ਸਫ਼ਾ 32 'ਤੇ

# ਰਾਜ-ਧ੍ਰੋਹ ਦੇ ਜੁਰਮ ਦਾ ਪਿਛੋਕੜ ਅਤੇ ਵਰਤਮਾਨ

**ਮਿੱਤਰ ਸੈਨ ਮੀਤ***

ਬ੍ਰਿਟਿਸ਼ ਸਰਕਾਰ ਨੇ ਜਦੋਂ ਭਾਰਤ ਵਿੱਚ ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਸਥਾਪਨਾ ਕੀਤੀ ਤਾਂ ਸਭ ਤੋਂ ਪਹਿਲਾਂ ਭਾਰਤੀ ਦੰਡਾਵਲੀ, ਜਿਸ ਨੂੰ ਅੰਗਰੇਜ਼ੀ ਵਿੱਚ ਇੰਡੀਅਨ ਪੀਨਲ ਕੋਡ (ਆਈਪੀਸੀ) ਕਿਹਾ ਜਾਂਦਾ ਹੈ, ਬਣਾਈ। 1860 ਵਿੱਚ ਬਣੇ ਇਸ ਕਾਨੂੰਨ 'ਚ ਵੱਖ-ਵੱਖ ਜੁਰਮਾਂ ਦੀਆਂ ਪਰਿਭਾਸ਼ਾਵਾਂ ਅਤੇ ਉਨ੍ਹਾਂ ਲਈ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਦਰਜ ਕੀਤੀਆਂ ਗਈਆਂ। ਮੁੱਢਲੇ ਕਾਨੂੰਨ ਵਿਚ ਰਾਜ-ਧ੍ਰੋਹ ਦਾ ਜੁਰਮ ਸ਼ਾਮਲ ਨਹੀਂ ਸੀ। ਸਾਲ 1830 ਤੋਂ 1870 ਤਕ ਭਾਰਤ ਵਿੱਚ ਵਹਾਬੀ ਨਾਂ ਦੀ ਇਸਲਾਮਿਕ ਲਹਿਰ ਚੱਲੀ। ਇਸ ਦਾ ਉਦੇਸ਼ ਇਸਲਾਮ ਦਾ ਸ਼ੁੱਧੀਕਰਨ ਕਰਨਾ ਸੀ। ਇਹ ਲਹਿਰ ਇਸਾਈ ਧਰਮ ਦੀ ਕੱਟੜ ਵਿਰੋਧੀ ਸੀ। ਇਨ੍ਹਾਂ ਸਾਲਾਂ ਦੌਰਾਨ ਇਸ ਲਹਿਰ ਨੇ ਬ੍ਰਿਟਿਸ਼ ਸਰਕਾਰ ਦੇ ਨੱਕ ਵਿੱਚ ਦਮ ਕਰੀ ਰੱਖਿਆ। ਲਹਿਰ ਨੂੰ ਕੁਚਲਣ ਲਈ 1870 ਵਿੱਚ ਭਾਰਤੀ ਦੰਡਾਵਲੀ 'ਚ ਸੋਧ ਕਰਕੇ ਇਸ ਜੁਰਮ ਨੂੰ ਜੋੜਿਆ ਗਿਆ।

ਬ੍ਰਿਟਿਸ਼ ਸਰਕਾਰ ਦੀ ਮੁੱਢਲੀ ਨੀਤੀ ਭਾਰਤ ਵਿੱਚ ਆਪਣੇ ਸਾਮਰਾਜ ਦੀਆਂ ਨੀਹਾਂ ਪੱਕੀਆਂ ਕਰਨਾ ਸੀ। ਨੀਹਾਂ ਪੱਕੀਆਂ ਕਰਨ ਲਈ ਉਗਦੀਆਂ ਸੂਲਾਂ ਦੇ ਹੀ ਮੂੰਹ ਮੋੜਨੇ ਜ਼ਰੂਰੀ ਸਨ, ਇਸ ਲਈ ਉਸ ਨੇ ਇਹ ਸਖ਼ਤ ਕਾਨੂੰਨ ਬਣਾਇਆ। ਆਜ਼ਾਦੀ ਤੋਂ ਪਹਿਲਾਂ ਇਸ ਕਾਨੂੰਨ ਦੀ ਵਰਤੋਂ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ 'ਚ ਸਰਗਰਮ ਸਿਆਸੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਸੁੱਟਣ ਲਈ ਕੀਤੀ ਗਈ। ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ ਤੋਂ ਲੈ ਕੇ ਭਗਤ ਸਿੰਘ ਤਕ 'ਤੇ ਇਸ ਜੁਰਮ ਅਧੀਨ ਮੁਕੱਦਮੇ ਦਰਜ ਹੋਏ, ਸਜ਼ਾਵਾਂ ਵੀ ਹੋਈਆਂ। ਬ੍ਰਿਟਿਸ਼ ਸਰਕਾਰ ਨੇ ਪੂਰੀ ਪੌਣੀ ਸਦੀ ਇਸ ਕਾਨੂੰਨ ਦੀ ਵਰਤੋਂ ਕੀਤੀ।

ਧਾਰਾ 124-ਏ ਵਿੱਚ ਦਰਜ ਜੁਰਮ ਦੀ ਪਰਿਭਾਸ਼ਾ ਨੂੰ ਸਮਝਣ ਤੋਂ ਪਹਿਲਾਂ ਇਹ ਜਾਣਨਾ ਜਾਇਜ਼ ਜਾਪਦਾ ਹੈ ਕਿ ਅੱਜ ਕੱਲ 'ਦੇਸ਼-ਧ੍ਰੋਹ' ਦੇ ਜਿਸ ਜੁਰਮ ਦੀ ਗੱਲ ਕੀਤੀ ਜਾ ਰਹੀ ਹੈ, ਉਹ ਜੁਰਮ ਭਾਰਤੀ ਕਾਨੂੰਨ ਦੀ ਡਿਕਸ਼ਨਰੀ ਵਿੱਚ ਨਹੀਂ ਹੈ। ਆਮ ਭਾਸ਼ਾ ਵਿੱਚ ਅਸੀਂ ਇਸ ਸ਼ਬਦ ਦੀ ਵਰਤੋਂ ਉਸ ਸਮੇਂ ਕਰਦੇ ਹਾਂ ਜਦੋਂ ਕੋਈ ਵਿਅਕਤੀ ਕਿਸੇ ਵਿਦੇਸ਼ੀ ਤਾਕਤ ਜਾਂ ਸਰਕਾਰ ਦੀ ਸਹਾਇਤਾ ਆਪਣੇ ਦੇਸ਼ ਦੀ ਸਰਕਾਰ ਦਾ ਤਖ਼ਤਾ ਪਲਟਣ ਲਈ ਕਰਦਾ ਹੈ। ਅਸੀਂ ਮੁੱਢ ਕਦੀਮ ਤੋਂ 'ਦੇਸ਼-ਧ੍ਰੋਹ' ਨੂੰ ਕਲੰਕ ਸਮਝਦੇ ਆਏ ਹਾਂ। 'ਦੇਸ਼-ਧ੍ਰੋਹੀ' ਨੂੰ ਯੁੱਗਾਂ ਤੱਕ ਮੁਆਫ਼ ਨਹੀਂ ਕੀਤਾ ਜਾਂਦਾ। ਜਿਵੇਂ ਭਿਬੀਸ਼ਨ ਨੂੰ ਸ੍ਰੀ ਰਾਮ ਚੰਦਰ ਅਤੇ ਰਾਜਾ ਜੰਬੀ ਨੂੰ ਸਿਕੰਦਰ 'ਮਹਾਨ' ਦੀ ਮਦਦ ਕਰਨ ਕਰਕੇ ਅੱਜ ਤਕ 'ਦੇਸ਼-ਧ੍ਰੋਹੀਆਂ' ਕਹਿ ਕੇ ਦੁਰਕਾਰਿਆ ਜਾਂਦਾ ਹੈ। ਦੂਜੇ ਪਾਸੇ ਆਪਣੇ ਹੀ ਦੇਸ਼ ਵਾਸੀਆਂ ਵਲੋਂ ਸੱਤਾ ਪਰਿਵਰਤਨ ਲਈ ਰਾਜ ਪਲਟੇ (ਰਾਜ-ਧ੍ਰੋਹ) ਲਈ ਯਤਨ ਸਦਾ ਹੁੰਦੇ ਰਹੇ ਹਨ ਅਤੇ ਅਗਾਂਹ ਵੀ ਹੋਣਗੇ। ਪੁੱਤਰ ਵਲੋਂ ਪਿਤਾ ਨੂੰ ਕਤਲ ਕਰਕੇ ਗੱਦੀ 'ਤੇ ਬੈਠਣ ਨੂੰ ਵੀ 'ਦੇਸ਼-ਧ੍ਰੋਹ' ਨਹੀਂ ਕਿਹਾ ਜਾਂਦਾ।

ਧਾਰਾ 124-ਏ ਵਿੱਚ ਜਿਸ ਜੁਰਮ ਦੀ ਗੱਲ ਕੀਤੀ ਗਈ ਹੈ, ਉਹ ਰਾਜ-ਧ੍ਰੋਹ ਹੈ ਨਾ ਕਿ ਦੇਸ਼-ਧ੍ਰੋਹ। ਇਸ ਜੁਰਮ ਦੀ ਪਰਿਭਾਸ਼ਾ ਅਨੁਸਾਰ ਜੁਰਮ ਦੀ ਪਹਿਲੀ ਸ਼ਰਤ ਦੋਸ਼ੀ ਵੱਲੋਂ ਕੀਤਾ ਗਿਆ ਸ਼ਬਦਾਂ ਦਾ ਪ੍ਰਯੋਗ ਹੈ। ਸ਼ਬਦਾਂ ਦੀ ਵਰਤੋਂ ਭਾਸ਼ਣ ਰੂਪ ਵਿੱਚ ਹੋ ਸਕਦੀ ਹੈ ਅਤੇ ਲਿਖਤੀ ਰੂਪ ਵਿੱਚ ਵੀ। ਲਿਖਤ ਵਿੱਚ ਨਿਬੰਧ ਦੇ ਨਾਲ-ਨਾਲ ਸਾਹਿਤ ਦੀਆਂ ਬਾਕੀ ਵੰਨਗੀਆਂ ਜਿਵੇਂ ਕਵਿਤਾ, ਨਾਟਕ, ਕਹਾਣੀ ਅਤੇ ਨਾਵਲ ਆਦਿ ਵੀ ਸ਼ਾਮਲ ਹਨ। ਸ਼ਬਦਾਂ ਦੀ ਵਰਤੋਂ ਕਰ ਰਿਹਾ ਵਿਅਕਤੀ ਆਪਣੇ ਉਦੇਸ਼ ਦਾ ਪ੍ਰਗਟਾਵਾ ਸਿੱਧੇ ਤੌਰ 'ਤੇ ਕਰ ਸਕਦਾ ਹੈ ਅਤੇ ਲੁਕਵੇਂ ਜਾਂ ਪ੍ਰਤੀਕਾਤਮਿਕ ਤੌਰ 'ਤੇ ਵੀ; ਜਿਵੇਂ ਕਵਿਤਾ ਜਾਂ ਕਹਾਣੀ ਵਿੱਚ ਹੁੰਦਾ ਹੈ। ਹਿੰਦੀ ਦੀ ਆਜ਼ਾਦੀ ਤੋਂ ਪਹਿਲਾਂ ਦੀ ਲਿਖੀ ਇਕ ਮਸ਼ਹੂਰ ਕਵਿਤਾ ਹੈ, 'ਅਗਰ ਕਹੀਂ ਮੈਂ ਤੋਤਾ ਹੋਤਾ ਬੰਦ ਪਿੰਜਰੇ ਮੇਂ ਕਭੀ ਨਾ ਸੋਤਾ।'। ਸ਼ਬਦਾਂ ਤੋਂ ਬਿਨਾਂ ਚਿੰਨ੍ਹਾਂ, ਜਿਵੇਂ ਕਿ ਕਾਰਟੂਨ ਆਦਿ ਦੇ ਨਾਲ ਨਾਲ ਕਿਸੇ ਹੋਰ ਢੰਗ ਰਾਹੀਂ ਵੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ। ਇਸ ਜੁਰਮ ਦੀ ਦੂਜੀ



ਸ਼ਰਤ ਸ਼ਬਦਾਂ ਦੀ ਵਰਤੋਂ ਤੋਂ ਨਿਕਲਦਾ ਸਿੱਟਾ ਹੈ। ਉਨਾਂ ਸ਼ਬਦਾਂ ਦੀ ਵਰਤੋਂ ਨਾਲ ਕਾਨੂੰਨ ਦੁਆਰਾ ਸਥਾਪਤ ਸਰਕਾਰ ਵਿਰੁੱਧ ਨਫ਼ਰਤ, ਅਪਮਾਨ, ਦੁਸ਼ਮਣੀ,ਰਾਜਨੀਤਕ ਅਸੰਤੋਸ਼ ਜਾਂ ਬਗਾਵਤ ਫੈਲਦੀ ਹੋਵੇ। ਇੰਜ ਲੋਕਾਂ ਵਿੱਚ ਅਵਿਵਸਥਾ ਅਤੇ ਗੜਬੜ ਫੈਲਾ ਕੇ, ਕਾਨੂੰਨ ਦੀ ਅਵੱਗਿਆ ਕਰਵਾ ਕੇ, ਅਮਨ-ਸ਼ਾਂਤੀ ਭੰਗ ਕਰ ਕੇ ਕੀਤਾ ਜਾ ਸਕਦਾ ਹੈ। ਹਿੰਸਾ ਦਾ ਰਸਤਾ ਵੀ ਅਖ਼ਤਿਆਰ ਕੀਤਾ ਜਾ ਸਕਦਾ ਹੈ।

**ਇਕ ਗੱਲ ਹੋਰ:** ਦੋਸ਼ੀ ਵਲੋਂ ਵਰਤੇ ਗਏ ਸ਼ਬਦਾਂ ਵਿਚੋਂ ਚਾਹੇ ਉਸ ਦੀ ਨੀਅਤ ਸਪੱਸ਼ਟ ਰੂਪ ਵਿੱਚ ਪ੍ਰਗਟ ਨਾ ਵੀ ਹੁੰਦੀ ਹੋਵੇ ਪਰ ਜੇ ਉਨ੍ਹਾਂ ਸ਼ਬਦਾਂ ਦਾ ਕੇਵਲ ਰੁਝਾਨ ਹੀ ਰਾਜ-ਧ੍ਰੋਹ ਫੈਲਾਉਣ ਵਾਲਾ ਹੋਵੇ ਤਾਂ ਵੀ ਉਨ੍ਹਾਂ ਸ਼ਬਦਾਂ ਦੀ ਵਰਤੋਂ ਨੂੰ ਰਾਜ-ਧ੍ਰੋਹੀ ਸਮਝਿਆ ਜਾਂਦਾ ਹੈ। ਉਦਾਹਰਣ ਲਈ ਨੌਰੰਗ ਸਿੰਘ (ਨੌਰੰਗ ਸਿੰਘ ਕੇਸ ਬਨਾਮ ਪੰਜਾਬ ਸਰਕਾਰ,ਪੰਜਾਬ ਅਤੇ ਹਰਿਆਣਾ ਹਾਈ ਕੋਰਟ,ਫ਼ੈਸਲਾ ਮਿਤੀ 08-02-1985) ਵਾਲੇ ਮੁੱਕਦਮੇ ਨੂੰ ਲੈ ਸਕਦੇ ਹਾਂ। ਆਪਰੇਸ਼ਨ ਬਲੂ ਸਟਾਰ ਬਾਅਦ 15 ਅਗਸਤ 1984 ਨੂੰ ਚੰਡੀਗੜ੍ਹ ਦੇ ਸੈਕਟਰ 19 ਦੇ ਗੁਰਦੁਆਰੇ ਵਿੱਚ ਇਕੱਠੇ ਹੋਏ 100-125 ਲੋਕਾਂ ਦੇ ਇਕੱਠ ਨੂੰ ਗੁਰਦੁਆਰੇ ਦੇ ਪ੍ਰਚਾਰ ਸਕੱਤਰ ਨੌਰੰਗ ਸਿੰਘ ਨੇ ਸੰਬੋਧਨ ਕੀਤਾ। ਉਸ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਦਿੱਤੇ ਅੰਕੜਿਆਂ ਅਨੁਸਾਰ ਫੌਜੀ ਕਾਰਵਾਈ ਦੌਰਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿੱਚ ਕੇਵਲ 22 ਸਿੱਖ ਮਾਰੇ ਗਏ। ਪਰ ਉੱਥੇ ਰਹਿੰਦੇ ਲੋਕਾਂ ਦੇ ਦੱਸਣ ਅਨੁਸਾਰ ਲਾਸ਼ਾਂ ਦੇ ਚਾਰ ਪੰਜ ਟਰੱਕ ਭਰੇ ਗਏ। ਸਰਕਾਰ ਦੀ ਰਿਪੋਰਟ ਅਨੁਸਾਰ ਅੰਮ੍ਰਿਤਸਰ ਵਿੱਚ ਕੇਵਲ 799 ਆਦਮੀ ਮਰੇ ਜਦੋਂ ਕਿ ਉੱਥੇ 1300 ਦੇ ਕਰੀਬ ਲੋਕ ਮਰੇ ਸਨ। ਹਾਲੇ ਵੀ ਪਿੰਡਾਂ ਵਿੱਚ ਚਾਰ-ਪੰਜ ਲੋਕ ਹਰ ਰੋਜ਼ ਮਾਰੇ ਜਾ ਰਹੇ ਹਨ। ਭਾਰਤ ਵਿੱਚ ਸਿੱਖ ਆਜ਼ਾਦ ਨਹੀਂ ਹਨ। ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦੇ ਨਿਭਾਏ ਨਹੀਂ ਜਾ ਰਹੇ। ਇਸ ਇਕੱਠ ਵਿਚ ਨੌ-ਦਸ ਆਦਮੀਆਂ ਨੇ ਕਾਲੀਆਂ ਪੱਗਾਂ ਅਤੇ ਛੇ-ਸੱਤ ਇਸਤਰੀਆਂ ਨੇ ਕਾਲੇ ਦੁਪੱਟੇ ਪਹਿਨੇ ਹੋਏ ਸਨ। ਇਸ ਭਾਸ਼ਣ ਕਾਰਨ ਨੌਰੰਗ ਸਿੰਘ ਖ਼ਿਲਾਫ਼ ਰਾਜ-ਧ੍ਰੋਹ ਦਾ ਪਰਚਾ ਦਰਜ ਹੋਇਆ। ਨੌਰੰਗ ਸਿੰਘ ਵੱਲੋਂ ਪਰਚਾ ਖਾਰਜ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਗਈ। ਰਿੱਟ ਖਾਰਜ ਕਰਦੇ ਹੋਏ ਹਾਈ ਕੋਰਟ ਵੱਲੋਂ ਕਿਹਾ ਗਿਆ ਭਾਸ਼ਣ ਤੋਂ ਭਾਵੇਂ ਸਿੱਧੇ ਤੌਰ 'ਤੇ ਦੋਸ਼ੀ ਦੀ ਹਿੰਸਾ ਭੜਕਾਉਣ ਦੀ ਨੀਅਤ ਨਜ਼ਰ ਨਹੀਂ ਆਉਂਦੀ ਪਰ ਉਸ ਵੱਲੋਂ ਫੌਜੀ ਕਾਰਵਾਈ ਵਿੱਚ ਮਾਰੇ ਗਏ ਵਿਅਕਤੀਆਂ ਦੇ ਅੰਕੜੇ ਇਸ ਤਰ੍ਹਾਂ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਸਨ ਜਿਸ ਨਾਲ ਭਾਸ਼ਣ ਦੀ ਟੈਕਸਟ ਅਤੇ ਰਉਂ ਤੋਂ ਸਰੋਤਿਆਂ ਵਿੱਚ ਸਰਕਾਰ ਪ੍ਰਤੀ ਨਫ਼ਰਤ ਫੈਲ ਸਕਦੀ ਸੀ। ਅਤੇ ਉਸ ਨਫ਼ਰਤ ਦਾ ਪ੍ਰਗਟਾਵਾ ਹਿੰਸਾ ਅਤੇ ਅਮਨ-ਕਾਨੂੰਨ ਭੰਗ ਕਰਨ ਵਿੱਚ ਹੋ ਸਕਦਾ ਸੀ। ਇਸ ਤਰ੍ਹਾਂ ਭਾਸ਼ਣ ਤੋਂ ਇਹ ਸਿੱਟਾ ਕੱਢਿਆ ਗਿਆ ਕਿ ਦੋਸ਼ੀ ਦੀ ਨੀਅਤ ਰਾਜ-ਧ੍ਰੋਹ ਕਰਨ ਦੀ ਸੀ।



ਜੁਰਮ ਦਾ ਭਾਗੀਦਾਰ ਬਣਨ ਲਈ ਸ਼ਬਦਾਂ ਦਾ ਪ੍ਰਯੋਗ ਕਰਨ ਵਾਲੇ ਵਿਅਕਤੀ ਦਾ ਆਪਣੇ ਮਿਸ਼ਨ ਵਿਚ ਸਫ਼ਲ ਹੋਣਾ ਜ਼ਰੂਰੀ ਨਹੀਂ ਹੈ। ਉਸ ਦਾ ਲੋਕਾਂ ਵਿੱਚ ਸਰਕਾਰ ਵਿਰੁਧ ਨਫ਼ਰਤ ਆਦਿ ਫੈਲਾਉਣ ਦਾ ਯਤਨ ਕਰਨਾ ਜਾਂ ਉਕਸਾਉਣਾ, ਇਥੋਂ ਤੱਕ ਕਿ ਉਕਸਾਉਣ ਦਾ ਯਤਨ ਕਰਨਾ ਵੀ ਜੁਰਮ ਹੈ। ਆਪਣੇ ਉਦੇਸ਼ ਵਿੱਚ ਸਫ਼ਲ ਹੋਣ ਅਤੇ ਅਸਫਲ ਹੋਣ ਵਿਚ ਫਰਕ ਕੇਵਲ ਇੰਨਾ ਹੈ ਕਿ ਯਤਨ ਦੇ ਅਸਫ਼ਲ ਹੋਣ ਨਾਲ ਦੋਸ਼ੀ ਨੂੰ ਸਜ਼ਾ ਘੱਟ ਹੋ ਸਕਦੀ ਹੈ। ਇਸ ਜੁਰਮ ਦਾ ਤੀਸਰਾ ਤੱਤ ਦੋਸ਼ੀ ਵੱਲੋਂ 'ਕਾਨੂੰਨ ਦੁਆਰਾ ਸਥਾਪਤ ਸਰਕਾਰ' ਵਿਰੁੱਧ ਨਫ਼ਰਤ ਆਦਿ ਫੈਲਾਉਣਾ ਹੈ। ਹਰ ਦੇਸ਼ ਦਾ ਸੰਵਿਧਾਨ ਜਾਂ ਕਾਨੂੰਨ ਉਸ ਦੇਸ਼ ਦਾ ਰਾਜ-ਪ੍ਰਬੰਧ ਚਲਾਉਣ ਦੀ ਵਿਵਸਥਾ ਕਰਦਾ ਹੈ। ਇਸ ਵਿਵਸਥਾ ਨੂੰ ਸਟੇਟ ਜਾਂ ਰਾਜ ਆਖਿਆ ਜਾਂਦਾ ਹੈ। ਸਟੇਟ ਪ੍ਰਤੱਖ ਨਜ਼ਰ ਨਹੀਂ ਆਉਂਦੀ। ਇਸ (ਸਟੇਟ) ਦਾ ਸਥੂਲ ਰੂਪ ਰਾਜ-ਪ੍ਰਬੰਧ ਚਲਾਉਣ ਲਈ, ਵਿਸ਼ੇਸ਼ ਵਿਧੀ ਰਾਹੀਂ ਚੁਣੇ ਵਿਅਕਤੀਆਂ ਦਾ ਸਮੂਹ ਹੁੰਦਾ ਹੈ। ਲੋਕਤੰਤਰੀ ਪ੍ਰਣਾਲੀ ਵਿੱਚ ਇਸ ਸਮੂਹ ਨੂੰ ਮੰਤਰੀ ਮੰਡਲ ਆਖਿਆ ਜਾਂਦਾ ਹੈ। ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਕਿਸੇ ਪ੍ਰਾਂਤ ਦਾ ਰਾਜ-ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਉਸ ਪ੍ਰਾਂਤ ਦੇ ਗਵਰਨਰ ਅਤੇ ਉਸ ਦੇ ਸਲਾਹਕਾਰਾਂ ਨੂੰ ਦਿੱਤੀ ਜਾ ਸਕਦੀ ਹੈ। ਫਿਰ ਗਵਰਨਰ ਅਤੇ ਉਸ ਦੇ ਸਲਾਹਕਾਰ ਸਰਕਾਰ ਅਖਵਾਉਂਦੇ ਹਨ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੂੰ ਚਲਾਉਣ ਲਈ ਅਗਾਂਹ ਅਫ਼ਸਰਸ਼ਾਹੀ ਨਿਯੁਕਤ ਹੁੰਦੀ ਹੈ। ਇਹ ਅਧਿਕਾਰੀ ਵੀ ਸਰਕਾਰ ਦਾ ਅੰਗ ਹੁੰਦੇ ਹਨ। ਭਾਰਤੀ ਸੰਵਿਧਾਨ ਨੇ ਕੇਂਦਰ ਦਾ ਕੰਮ ਚਲਾਉਣ ਲਈ ਕੇਂਦਰ ਸਰਕਾਰ ਅਤੇ ਪ੍ਰਾਂਤਾਂ ਦਾ ਕੰਮ ਚਲਾਉਣ ਲਈ ਪ੍ਰਾਂਤ ਸਰਕਾਰਾਂ ਚੁਣਨ ਦੀ ਵਿਵਸਥਾ ਕੀਤੀ ਹੈ। ਸਰਕਾਰ ਚਲਾ ਰਹੇ ਇਨ੍ਹਾਂ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਹੀ 'ਕਾਨੂੰਨ ਦੁਆਰਾ ਸਥਾਪਿਤ ਸਰਕਾਰ' ਆਖਿਆ ਜਾਂਦਾ ਹੈ। ਜਦੋਂ ਸਰਕਾਰ ਚਲਾ ਰਹੇ ਇੱਕ-ਦੋ ਵਿਅਕਤੀਆਂ ਵਿਰੁੱਧ ਨਫ਼ਰਤ ਫੈਲਾਉਣ ਦੀ ਥਾਂ ਹਿੰਸਾ ਰਾਹੀਂ ਸਮੁੱਚੀ ਸਰਕਾਰ ਦਾ ਹੀ ਤਖ਼ਤਾ ਪਲਟਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਸ ਨੂੰ ਰਾਜ-ਧ੍ਰੋਹ ਆਖਿਆ ਜਾਂਦਾ ਹੈ।

ਇਹ ਕਾਨੂੰਨ ਸਰਕਾਰ ਵਿਰੁੱਧ ਬੋਲਣ 'ਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਲਾਉਂਦਾ। ਸਰਕਾਰ ਦੀ ਕਿਸੇ ਨੀਤੀ, ਕੰਮ, ਮੰਤਰੀ ਜਾਂ ਅਧਿਕਾਰੀ ਵਿਰੁੱਧ ਸਾਰਥਿਕ ਢੰਗ ਨਾਲ ਬੋਲਿਆ ਜਾ ਸਕਦਾ ਹੈ। ਸਰਕਾਰ ਜਾਂ ਸਰਕਾਰ ਵੱਲੋਂ ਸਥਾਪਿਤ ਸੰਸਥਾਵਾਂ ਵੱਲੋਂ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਬਣਾਏ ਜਾ ਰਹੇ ਕਾਨੂੰਨਾਂ, ਘੜੀਆਂ ਗਈਆਂ ਨੀਤੀਆਂ ਜਾਂ ਨੀਤੀਆਂ ਨੂੰ ਲਾਗੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦੀ ਸਖ਼ਤ ਤੋਂ ਸਖ਼ਤ ਆਲੋਚਨਾ ਕੀਤੀ ਜਾ ਸਕਦੀ ਹੈ। ਕਾਨੂੰਨੀ ਪ੍ਰਕ੍ਰਿਆ ਰਾਹੀਂ ਸਰਕਾਰ ਨੂੰ ਬਦਲਣ ਦੇ ਉਦੇਸ਼ ਨਾਲ ਸਰਕਾਰ ਵਿਰੁੱਧ ਨਫ਼ਰਤ ਜਾਂ ਰਾਜਨੀਤਕ ਅਸੰਤੋਸ਼ ਤੱਕ ਫੈਲਾਇਆ ਜਾ ਸਕਦਾ ਹੈ। ਕਿਸੇ ਮੰਤਰੀ ਜਾਂ



ਅਧਿਕਾਰੀ ਤੇ ਭ੍ਰਿਸ਼ਟਾਚਾਰ ਜਾਂ ਚਰਿੱਤਰਹੀਣਤਾ ਵਰਗਾ ਗੰਭੀਰ ਦੋਸ਼ ਲਾ ਕੇ ਉਸ ਕੋਲੋਂ ਅਸਤੀਫ਼ੇ ਜਾਂ ਉਸ ਨੂੰ ਬਰਖ਼ਾਸਤ ਕਰਨ ਦੀ ਮੰਗ ਮਨਾਉਣ ਲਈ ਹੜਤਾਲਾਂ ਕੀਤੀਆਂ ਅਤੇ ਧਰਨੇ ਦਿੱਤੇ ਜਾ ਸਕਦੇ ਹਨ। ਪਰ ਇਹ ਸਭ ਵਿਰੋਧ ਕਾਨੂੰਨ ਦੇ ਘੇਰੇ ਵਿੱਚ ਰਹਿ ਕੇ ਕੀਤੇ ਜਾਣੇ ਚਾਹੀਦੇ ਹਨ। ਜੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤੇ ਹੱਥਕੰਡਿਆਂ ਕਾਰਨ ਦੇਸ਼ ਵਿੱਚ ਅਰਾਜਕਤਾ ਫੈਲਦੀ ਜਾਂ ਹਿੰਸਾ ਭੜਕਦੀ ਹੋਵੇ ਤਾਂ ਕਾਨੂੰਨ ਅਜਿਹੇ ਵਿਰੋਧਾਂ ਦੀ ਇਜਾਜ਼ਤ ਨਹੀਂ ਦਿੰਦਾ।

ਬ੍ਰਿਟਿਸ਼ ਅਦਾਲਤਾਂ ਨੇ ਇਸ ਕਾਨੂੰਨ ਦੀ ਵਿਆਖਿਆ ਕਿਵੇਂ ਕੀਤੀ? ਬ੍ਰਿਟਿਸ਼ ਉੱਚ ਅਦਾਲਤਾਂ ਦੀ ਭੂਮਿਕਾ ਅਜੀਬੋ ਗਰੀਬ ਰਹੀ। ਉਸ ਸਮੇਂ ਸਭ ਤੋਂ ਉੱਚੀ ਅਦਾਲਤ ਪ੍ਰੀਵੀ ਕਾਊਂਸਿਲ ਸੀ। ਇਸ ਅਦਾਲਤ ਵਿਚ 1897 ਵਿੱਚ ਪਹਿਲੀ ਵਾਰ ਇਸ ਜੁਰਮ ਬਾਰੇ ਸੁਣਵਾਈ ਹੋਈ। ਮੁਕੱਦਮਾ ਸੁਤੰਤਰਤਾ ਸੈਨਾਨੀ ਬਾਲ ਗੰਗਾਧਰ ਤਿਲਕ ਨੂੰ ਇਸ ਜੁਰਮ ਵਿੱਚ ਹੋਈ ਸਜ਼ਾ ਬਾਰੇ ਸੀ। ਬ੍ਰਿਟਿਸ਼ ਸਰਕਾਰ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਕਾਨੂੰਨ ਦੀ ਵਿਆਖਿਆ ਕਰਦੇ ਹੋਏ, ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇ ਸ਼ਬਦ ਸਰਕਾਰ ਪ੍ਰਤੀ ਕੇਵਲ ਨਫ਼ਰਤ ਫੈਲਾਉਂਦੇ ਜਾਂ ਫੈਲਾਉਣ ਦਾ ਕੇਵਲ ਯਤਨ ਹੀ ਕਰਦੇ ਹੋਣ ਤਾਂ ਵੀ ਸ਼ਬਦਾਂ ਦਾ ਲੇਖਕ ਜਾਂ ਵਕਤਾ ਰਾਜ-ਧ੍ਰੋਹ ਦਾ ਜੁਰਮ ਕਰ ਰਿਹਾ ਹੋਵੇਗਾ। ਅਦਾਲਤ ਨੇ ਕਾਨੂੰਨ ਨੂੰ ਹੋਰ ਸਪੱਸ਼ਟ ਕਰਦੇ ਹੋਏ ਕਿਹਾ ਕਿ ਇਹ ਜ਼ਰੂਰੀ ਨਹੀਂ ਕਿ ਸ਼ਬਦਾਂ ਨਾਲ ਸਰਕਾਰ ਦਾ ਤਖ਼ਤਾ ਪਲਟ ਹੋਇਆ, ਬਗਾਵਤ ਜਾਂ ਹਿੰਸਾ ਭੜਕੀ ਜਾਂ ਭੜਕਾਉਣ ਦਾ ਯਤਨ ਹੋਇਆ। ਸਰਕਾਰ ਪ੍ਰਤੀ ਕੇਵਲ ਨਫ਼ਰਤ ਫੈਲਾਉਣ ਲਈ ਵਰਤੇ ਸ਼ਬਦ ਹੀ ਇਸ ਜੁਰਮ ਦੀ ਸਜ਼ਾ ਕਰਾਉਣ ਲਈ ਕਾਫੀ ਹਨ। ਇਹ ਨਿਯਮ ਲਾਗੂ ਕਰਦੇ ਹੋਏ, ਇੱਕ ਲੇਖ ਦੇ ਲੇਖਕ ਬਾਲ ਗੰਗਾਧਰ ਤਿਲਕ ਦੀ ਸਜ਼ਾ ਨੂੰ ਬਹਾਲ ਰੱਖਿਆ ਗਿਆ। ਸਾਲ 1942 ਵਿੱਚ ਦੇਸ਼ ਦੀ ਇੱਕ ਹੋਰ ਉੱਚ ਅਦਾਲਤ, ਜਿਸ ਨੂੰ ਫੈਡਰਲ ਕੋਰਟ ਆਖਿਆ ਜਾਂਦਾ ਸੀ, ਵੱਲੋਂ ਇਸ ਕਾਨੂੰਨ ਦੀ 'ਐਨ.ਡੀ. ਮਜੂਮਦਾਰ' ਦੇ ਕੇਸ ਵਿੱਚ ਵਿਆਖਿਆ ਕੀਤੀ ਗਈ। ਉਦਾਰਤਾ ਦਿਖਾਉਂਦੇ ਹੋਏ ਅਦਾਲਤ ਵੱਲੋਂ ਕਿਹਾ ਗਿਆ ਕਿ ਇਸ ਜੁਰਮ ਦੀ ਮੁੱਢਲੀ ਸ਼ਰਤ ਹਿੰਸਾ ਹੋਣਾ, ਰਾਜਨੀਤਕ ਅਵਿਵਸਥਾ ਫੈਲਣਾ, ਹਿੰਸਾ ਲਈ ਉਕਸਾਹਟ ਜਾਂ ਫਿਰ ਇਨ੍ਹਾਂ ਦੀ ਸੰਭਾਵਨਾ ਬਣਨਾ ਹੈ। ਜੇ ਦੋਸ਼ੀ ਵੱਲੋਂ ਵਰਤੇ ਗਏ ਸ਼ਬਦਾਂ ਨਾਲ ਇਹ ਸ਼ਰਤ ਪੂਰੀ ਨਹੀਂ ਹੁੰਦੀ ਤਾਂ ਦੋਸ਼ੀ ਉੱਪਰ ਇਹ ਜੁਰਮ ਨਹੀਂ ਲੱਗਦਾ। ਫੈਡਰਲ ਕੋਰਟ ਦਾ ਇਹ ਫੈਸਲਾ ਬ੍ਰਿਟਿਸ਼ ਸਰਕਾਰ ਦੀਆਂ ਅੱਖਾਂ ਵਿੱਚ ਰੜਕ ਰਿਹਾ ਸੀ। 1947 ਵਿੱਚ ਇੱਕ ਹੋਰ ਮੁਕੱਦਮੇ ਦਾ ਫੈਸਲਾ ਕਰਦੇ ਹੋਏ ਪ੍ਰੀਵੀ ਕਾਊਂਸਿਲ ਨੇ ਫੈਡਰਲ ਕੋਰਟ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਜਾਂ ਸਮਝੋ ਇਸ ਨੂੰ ਰੱਦ ਕਰਦੇ ਹੋਏ ਫਿਰ ਕਿਹਾ ਕਿ ਸਰਕਾਰ ਪ੍ਰਤੀ ਨਫ਼ਰਤ ਲਈ ਉਕਸਾਉਣਾ ਹੀ ਇਸ ਜੁਰਮ ਵਿੱਚ ਸਜ਼ਾ ਕਰਨ ਲਈ ਕਾਫੀ ਹੈ। ਸ਼ਬਦਾਂ ਨਾਲ ਹਿੰਸਾ ਲਈ ਭੜਕਾਉਣਾ ਜ਼ਰੂਰੀ ਨਹੀਂ ਹੈ।

ਆਜ਼ਾਦ ਭਾਰਤ ਦੀਆਂ ਸਰਕਾਰਾਂ ਦੀ ਸੋਚ ਵੀ ਬਸਤੀਵਾਦੀ ਹੁਕਮਰਾਨਾਂ ਵਾਲੀ ਹੀ ਰਹੀ ਹੈ। ਵਰਤਮਾਨ ਸਥਿਤੀ ਨੂੰ ਸਮਝਣ ਲਈ ਤਿੰਨ ਮੁੱਕਦਮਿਆਂ ਦੀਆਂ ਉਦਾਹਰਣਾਂ ਕਾਫੀ ਹਨ। (1) ਸਤੰਬਰ 2001 ਵਿੱਚ ਕਾਰਟੂਨਿਸਟ ਅਸੀਮ ਤ੍ਰਿਵੇਦੀ ਨੂੰ ਇਸ ਜੁਰਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਉਸ 'ਤੇ ਦੋਸ਼ ਸੀ ਕਿ ਉਸ ਨੇ ਆਪਣੇ ਕਾਰਟੂਨਾਂ ਵਿੱਚ ਭਾਰਤੀ ਸੰਵਿਧਾਨ ਅਤੇ ਰਾਸ਼ਟਰੀ ਚਿੰਨ੍ਹ ਦਾ ਮਜ਼ਾਕ ਉਡਾਇਆ ਹੈ। (2) ਮਾਰਚ 2014 ਵਿੱਚ ਉੱਤਰ ਪ੍ਰਦੇਸ਼ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੇਡੇ ਜਾ ਰਹੇ ਕ੍ਰਿਕਟ ਮੈਚ ਦੌਰਾਨ ਸਟੇਡੀਅਮ ਵਿੱਚ 60 ਕਸ਼ਮੀਰੀ ਵਿਦਿਆਰਥੀ ਹਾਜ਼ਰ ਸਨ। ਉਨ੍ਹਾਂ ਨੇ ਪਾਕਿਸਤਾਨੀ ਟੀਮ ਦਾ ਸਮਰਥਨ ਕਰਨ ਲਈ ਤਾੜੀਆਂ ਵਜਾਈਆਂ। (3) ਅਗਸਤ 2014 ਵਿੱਚ ਕੇਰਲਾ ਵਿੱਚ 7 ਨੌਜਵਾਨਾਂ, ਜਿਨ੍ਹਾਂ ਵਿੱਚ ਵਿਦਿਆਰਥੀ ਵੀ ਸ਼ਾਮਲ ਸਨ, ਵੱਲੋਂ ਇੱਕ ਸਿਨਮਾਘਰ ਵਿੱਚ ਗਾਏ ਜਾ ਰਹੇ ਰਾਸ਼ਟਰੀ ਗੀਤ ਸਮੇਂ ਖੜ੍ਹੇ ਹੋਣ ਤੋਂ ਨਾਂਹ ਕੀਤੀ ਗਈ। ਇਨ੍ਹਾਂ ਗੁਸਤਾਖੀਆਂ ਕਾਰਨ ਇਨ੍ਹਾਂ 'ਦੋਸ਼ੀਆਂ' ਉੱਪਰ ਰਾਜ-ਧ੍ਰੋਹ ਦੇ ਜੁਰਮ ਅਧੀਨ ਮੁਕੱਦਮੇ ਦਰਜ ਕੀਤੇ ਗਏ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਕਿਸੇ ਦਬਾਅ ਕਾਰਨ ਇਹ ਜੁਰਮ ਹਟਾ ਲਏ ਗਏ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਜੋ ਕਿ ਭਾਰਤ ਸਰਕਾਰ ਦਾ ਅਦਾਰਾ ਹੈ) ਦੇ ਰਿਕਾਰਡ ਅਨੁਸਾਰ ਇਕੱਲੇ 2014 ਸਾਲ ਵਿੱਚ ਇਸ ਜੁਰਮ ਅਧੀਨ 47 ਮੁਕੱਦਮੇ ਦਰਜ ਹੋਏ, 48 ਲੋਕ ਗ੍ਰਿਫ਼ਤਾਰ ਹੋਏ। ਇਹ ਵੱਖਰੀ ਗੱਲ ਹੈ ਕਿ ਸਜ਼ਾ ਸਿਰਫ਼ ਇੱਕ ਮੁਕੱਦਮੇ ਵਿੱਚ ਹੋਈ।

ਇਸ ਕਾਨੂੰਨ ਦੀ ਦੁਰਵਰਤੋਂ ਦਾ ਵੱਡਾ ਕਾਰਨ ਸਰਕਾਰ ਵਿਰੁੱਧ ਬੋਲਣ ਵਾਲਿਆਂ ਵਿੱਚ ਡਰ ਪੈਦਾ ਕਰਨਾ ਹੈ। ਇਸ ਜੁਰਮ ਵਿੱਚ ਫਸੇ ਵਿਅਕਤੀਆਂ ਦੇ ਜ਼ਿਆਦਾ ਭੈਭੀਤ ਹੋਣ ਦੇ ਕਈ ਕਾਰਨ ਹਨ। ਪਹਿਲਾਂ ਤਾਂ ਆਮ ਜੁਰਮਾਂ ਦੇ ਮੁਕਾਬਲੇ ਇਸ ਜੁਰਮ ਦੇ ਦੋਸ਼ੀਆਂ ਦੀ ਜਲਦੀ-ਜਲਦੀ ਜ਼ਮਾਨਤ ਨਹੀਂ ਹੁੰਦੀ। ਲੰਬਾ ਸਮਾਂ ਜੇਲ੍ਹਾਂ ਵਿੱਚ ਸੜਨਾ ਪੈਂਦਾ ਹੈ। ਪੁਲੀਸ ਜਾਂ ਅਦਾਲਤ ਦੋਸ਼ੀਆਂ ਦੇ ਪਾਸਪੋਰਟ ਜਮ੍ਹਾਂ ਕਰਵਾ ਲੈਂਦੀ ਹੈ। ਵਿਦੇਸ਼ ਜਾਣ ਦੀ ਇਜਾਜ਼ਤ ਨਹੀਂ ਮਿਲਦੀ। ਸਰਕਾਰੀ ਨੌਕਰੀ ਨਹੀਂ ਮਿਲਦੀ। ਅਦਾਲਤੀ ਕਾਰਵਾਈ ਦਹਾਕਿਆਂ ਤੱਕ ਚੱਲਦੀ ਹੈ। ਸਮਾਂ ਅਤੇ ਪੈਸਾ ਬਰਬਾਦ ਹੁੰਦੇ ਹਨ।

ਆਰਟੀਕਲ 19 ਰਾਹੀਂ ਭਾਰਤ ਦਾ ਸੰਵਿਧਾਨ ਆਪਣੇ ਹਰ ਨਾਗਰਿਕ ਨੂੰ 'ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ' ਦਾ ਮੁੱਢਲਾ ਅਧਿਕਾਰ ਦਿੰਦਾ ਹੈ। ਦੂਜੇ ਪਾਸੇ ਡੇਢ ਸਦੀ ਪਹਿਲਾਂ ਬਸਤੀਵਾਦੀ ਸਰਕਾਰ ਵੱਲੋਂ ਬਣਾਇਆ ਇਹ ਕਾਨੂੰਨ ਲੋਕਾਂ ਤੋਂ ਸਰਕਾਰ ਵਿਰੁੱਧ ਬੋਲਣ ਦਾ ਅਧਿਕਾਰ ਖੋਂਹਦਾ ਹੈ। ਕੀ ਰਾਜ-ਧ੍ਰੋਹ ਦਾ ਕਾਨੂੰਨ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਮੁੱਢਲੇ ਅਧਿਕਾਰ ਦੀ ਉਲੰਘਣਾ ਹੈ? ਕੀ ਇਸ ਜੁਰਮ ਨੂੰ ਭਾਰਤੀ ਦੰਡਾਵਲੀ ਵਿੱਚੋਂ ਹਟਾ ਦੇਣਾ ਚਾਹੀਦਾ ਹੈ? ਭਾਰਤ ਦੀ ਸੁਪਰੀਮ ਕੋਰਟ ਵੱਲੋਂ ਇਹ ਸੰਵਿਧਾਨਕ ਪ੍ਰਸ਼ਨ ਕੇਦਾਰ ਨਾਥ ਸਿੰਘ (ਕੇਦਾਰ ਨਾਥ ਸਿੰਘ ਬਨਾਮ ਬਿਹਾਰ ਸਰਕਾਰ,ਸੁਪਰੀਮ ਕੋਰਟ,ਫ਼ੈਸਲਾ ਮਿਤੀ:20.01.1962) ਵਾਲੇ ਕੇਸ ਵਿਚ

ਬਾਕੀ ਸਫ਼ਾ 29 'ਤੇ

# ਦਹਿਸ਼ਤਗਰਦਾਂ ਦੇ ਕਾਰਿਆਂ ਹੱਥੋਂ ਵੱਡਾ ਦੁਖਾਂਤ

## *ਜੁੰਮੇ ਦੀ ਨਮਾਜ਼ ਮੌਕੇ ਬੰਬ ਧਮਾਕੇ 'ਚ 235 ਲੋਕ ਮਾਰੇ*

### ਮਿਸਰ ਦੇ ਸਿਨਾਈ ਖਿੱਤੇ 'ਚ ਵਾਪਰਿਆ ਦੁਖਾਂਤ; ਬੰਬ ਧਮਾਕਿਆਂ ਤੋਂ ਬਾਅਦ ਵਰ੍ਹੀਆਂ ਗੋਲੀਆਂ

**ਕਾਹਿਰਾ/ਬਿਊਰੋ ਨਿਊਜ਼:** ਮਿਸਰ ਦੇ ਗੜਬੜ ਵਾਲੇ ਉੱਤਰੀ ਸਿਨਾਈ ਖ਼ਿੱਤੇ 'ਚ ਜੁੰਮੇ ਦੀ ਨਮਾਜ਼ ਮੌਕੇ ਮਸਜਿਦ 'ਚ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਦੌਰਾਨ 235 ਵਿਅਕਤੀ ਹਲਾਕ ਅਤੇ 109 ਹੋਰ ਜ਼ਖ਼ਮੀ ਹੋ ਗਏ। ਰਿਪੋਰਟਾਂ ਮੁਤਾਬਕ ਚਾਰ ਵਾਹਨਾਂ 'ਤੇ ਆਏ ਦਹਿਸ਼ਤਗਰਦਾਂ ਨੇ ਅਲ-ਆਰਿਸ਼ ਸ਼ਹਿਰ 'ਚ ਅਲ-ਰਾਵਦਾ ਮਸਜਿਦ 'ਤੇ ਬੰਬ ਧਮਾਕੇ ਮਗਰੋਂ ਗੋਲੀਆਂ ਚਲਾ ਕੇ ਹਮਲਾ ਕੀਤਾ। ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਮੌਕੇ 'ਤੇ 50 ਐਂਬੂਲੈਂਸਾਂ ਭੇਜੀਆਂ ਗਈਆਂ। ਮਿਸਰ ਸਰਕਾਰ ਨੇ ਤਿੰਨ ਦਿਨ ਦੇ ਸੋਗ ਦਾ ਐਲਾਨ ਕੀਤਾ ਹੈ। ਮੁਲਕ 'ਚ ਸਭ ਤੋਂ ਖ਼ਤਰਨਾਕ ਹਮਲੇ ਤੋਂ ਬਾਅਦ ਰਾਸ਼ਟਰਪਤੀ ਅਬਦਲ ਫਤਿਹ ਅਲ-ਸਿਸੀ ਨੇ ਹੰਗਾਮੀ ਬੈਠਕ ਕਰਕੇ ਸੁਰੱਖਿਆ ਹਾਲਾਤ ਦਾ ਜਾਇਜ਼ਾ ਲਿਆ। ਇਹ ਕਾਰਾ ਇਸਲਾਮਿਕ ਸਟੇਟ ਦੇ ਦਹਿਸ਼ਤਗਰਦਾਂ ਵੱਲੋਂ ਕੀਤਾ ਗਿਆ ਮੰਨਿਆ ਜਾ ਰਿਹਾ ਹੈ। ਉਂਜ ਹਮਲੇ ਦੀ ਅਜੇ ਤਕ ਕਿਸੇ ਨੇ ਵੀ ਜ਼ਿੰਮੇਵਾਰੀ ਨਹੀਂ ਲਈ ਹੈ। ਅਹਿਰਾਮ ਆਨਲਾਈਨ ਮੁਤਾਬਕ ਮਸਜਿਦ ਅੰਦਰ ਖ਼ੂਨ ਨਾਲ ਲਿਬੜੀਆਂ ਹੋਈਆਂ ਲਾਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਵੈੱਬਸਾਈਟ ਮੁਤਾਬਕ ਆਈਈਡੀ ਤੋਂ ਕੀਤੇ ਗਏ ਧਮਾਕਿਆਂ ਨਾਲ ਮਸਜਿਦ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਮਿਸਰ ਸਿਹਤ ਮੰਤਰਾਲੇ ਦੇ ਤਰਜਮਾਨ ਖਾਲਿਦ ਮੁਜਾਹਿਦ ਨੇ ਇਸ ਨੂੰ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਸਜਿਦ 'ਚ ਨਮਾਜ਼ ਪੜ੍ਹ ਰਹੇ ਸੁਰੱਖਿਆ ਬਲਾਂ ਦੇ ਹਮਾਇਤੀਆਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ ਜਾਪਦਾ ਹੈ। ਸਥਾਨਕ ਲੋਕਾਂ



ਸ਼ੁੱਕਰਵਾਰ ਨੂੰ ਰਾਵਦਾ ਮਸਜਿਦ ਵਿੱਚ ਹੋਏ ਹਮਲੇ ਬਾਅਦ ਲਾਸ਼ਾਂ ਨੂੰ ਸੰਭਾਲਦੇ ਰਾਹਤ ਕਾਮੇ।

ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਮਸਜਿਦ 'ਚ ਸੂਫੀਆਂ ਦੇ ਸ਼ਰਧਾਲੂ ਅਕਸਰ ਇਕੱਠੇ ਹੁੰਦੇ ਰਹਿੰਦੇ ਹਨ। ਪੁਲੀਸ ਅਤੇ ਫ਼ੌਜੀਆਂ 'ਤੇ ਵੱਡੀ ਗਿਣਤੀ 'ਚ ਹਮਲੇ ਸਾਬਕਾ ਰਾਸ਼ਟਰਪਤੀ ਮੁਹੰਮਦ ਮੋਰਸੀ ਨੂੰ 2013 'ਚ ਸੱਤਾ ਤੋਂ ਹਟਾਏ ਜਾਣ ਤੋਂ ਬਾਅਦ ਵਧੇ ਹਨ। ਉਸ ਸਮੇਂ ਤੋਂ ਲੈ ਕੇ ਹੁਣ ਤਕ ਸੁਰੱਖਿਆ ਬਲਾਂ ਦੇ 700 ਜਵਾਨ ਮਾਰੇ ਜਾ ਚੁੱਕੇ ਹਨ। ਫ਼ੌਜ ਵੱਲੋਂ ਇਲਾਕੇ 'ਚ ਸੁਰੱਖਿਆ ਮੁਹਿੰਮ ਛੇੜੀ ਗਈ ਸੀ ਜਿਸ ਦੌਰਾਨ ਕਈ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਗਿਆ। ਇਨ੍ਹਾਂ ਟਿਕਾਣਿਆਂ 'ਚ ਉਹ ਸੁਰੰਗਾਂ ਵੀ ਸ਼ਾਮਲ ਹਨ ਜੋ ਗਾਜ਼ਾ ਪੱਟੀ ਨੂੰ ਜਾਂਦੀਆਂ ਸਨ। ਮਿਸਰ 'ਚ ਇਸ ਸਾਲ ਦਹਿਸ਼ਤੀ ਹਮਲਿਆਂ ਦੌਰਾਨ ਵੱਡੀ ਗਿਣਤੀ 'ਚ ਜਾਨਾਂ ਗਈਆਂ ਹਨ। 26 ਮਈ ਨੂੰ ਬੰਦੂਕਧਾਰੀਆਂ ਨੇ ਮੱਧ ਮਿਸਰ 'ਚ ਬੱਸ 'ਚ ਲੈ ਕੇ ਜਾ ਰਹੇ ਇਸਾਈਆਂ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਹਮਲੇ 'ਚ 28 ਵਿਅਕਤੀ ਹਲਾਕ ਹੋ ਗਏ ਸਨ ਜਦਕਿ 25 ਹੋਰ ਜ਼ਖ਼ਮੀ ਹੋ ਗਏ ਸਨ। 9 ਅਪਰੈਲ ਨੂੰ ਅਲੈਗਜ਼ੈਂਡਰੀਆ ਅਤੇ ਤਾਂਤਾ ਸ਼ਹਿਰਾਂ 'ਚ ਗਿਰਜਾ ਘਰਾਂ 'ਤੇ ਹੋਏ ਦੋ ਫਿਦਾਈਨ ਹਮਲਿਆਂ 'ਚ 46 ਵਿਅਕਤੀ ਹਲਾਕ ਹੋ ਗਏ ਸਨ।

ਇਸੇ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਹੈ।

# ਪਾਕਿ 'ਚ ਕੱਟੜਪੰਥੀਆਂ ਤੇ ਸੁਰੱਖਿਆ ਬਲਾਂ ਵਿਚਾਲੇ ਟਕਰਾਅ

## *ਸਥਿੱਤੀ ਕਾਬੂ ਹੇਠ ਰੱਖਣ ਲਈ ਸਰਕਾਰ ਨੂੰ ਰਾਜਧਾਨੀ ਵਿੱਚ ਬੁਲਾਉਣੀ ਪਈ .ਫੌਜ*

**ਇਸਲਾਮਾਬਾਦ/ਬਿਊਰੋ ਨਿਊਜ਼:**

ਪਾਕਿਸਤਾਨ ਸਰਕਾਰ ਨੇ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਈਆਂ ਝੜੱਪਾਂ ਜਿਸ ਵਿੱਚ ਛੇ ਲੋਕਾਂ ਦੀ ਮੌਤ ਤੇ 200 ਜ਼ਖ਼ਮੀ ਹੋ ਗਏ ਸਨ ਤੋਂ ਬਾਅਦ ਰਾਜਧਾਨੀ ਵਿੱਚ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਫੌਜ ਸੱਦ ਲਈ ਹੈ।

ਜ਼ਿਕਰਯੋਗ ਹੈ ਕਿ ਪੁਲੀਸ ਨੇ ਨੀਮ ਫੌਜੀ ਰੇਂਜਰਾਂ ਨਾਲ ਮਿਲ ਕੇ ਕੱਲ੍ਹ ਤਹਿਰੀਕ-ਏ-ਖਾਤਮ-ਏ-ਨਬੂਵਤ, ਤਹਿਰੀਕ-ਏ-ਲਬਾਇਕ ਯਾ ਰਸੂਲ ਅੱਲ੍ਹਾ ਅਤੇ ਸੁਨ੍ਹੀ ਤਹਿਰੀਕ ਪਾਕਿਸਤਾਨ ਧਾਰਮਿਕ ਗਰੁੱਪਾਂ ਜਿਨ੍ਹਾਂ ਨੇ ਲਗਪਗ ਤਿੰਨ ਹਫ਼ਤਿਆਂ ਤੋਂ ਇਸਲਾਮਾਬਾਦ ਨੂੰ ਜਾਂਦੇ ਕੌਮੀ ਸ਼ਾਹਰਾਹ ਨੂੰ ਜਾਮ ਕੀਤਾ ਹੋਇਆ ਸੀ ਨੂੰ ਉਥੋਂ ਹਟਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਸੀ। ਪੁਲੀਸ ਅਤੇ ਸੁਰੱਖਿਆ ਬਲਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਪਰ ਮੁਹਿੰਮ ਹਿੰਸਕ ਹੋਣ ਤੋਂ ਬਾਅਦ ਸੁਰੱਖਿਆ ਬਲਾਂ ਨੂੰ ਵਾਪਸ ਬੁਲਾ ਲਿਆ ਗਿਆ ਸੀ। ਬੀਤੇ ਦਿਨੀਂ ਹੋਈਆਂ ਇਨ੍ਹਾਂ ਝੜੱਪਾਂ ਵਿੱਚ ਛੇ ਵਿਅਕਤੀ ਮਾਰੇ ਗਏ ਸੀ। ਇਹ ਜਾਣਕਾਰੀ ਡਾਅਨ ਰਸਾਲੇ ਨੇ ਦਿੱਤੀ ਹੈ। ਡਾਅਨ ਅਨੁਸਾਰ ਕੋਈ ਸੁਰੱਖਿਆ ਮੁਲਾਜ਼ਮ ਇਸ ਦੌਰਾਨ ਨਹੀਂ ਮਾਰਿਆ ਗਿਆ, ਪਰ ਨੌਂ ਸੀਨੀਅਰ ਪੁਲੀਸ ਅਧਿਕਾਰੀ ਇਨ੍ਹਾਂ ਝੜੱਪਾਂ ਵਿੱਚ ਜ਼ਖ਼ਮੀ ਹੋਏ



ਹਨ ਜਿਨ੍ਹਾਂ ਵਿੱਚ ਰਾਵਲਪਿੰਡੀ ਸ਼ਹਿਰੀ ਪੁਲੀਸ ਚੀਫ ਇਸਰਾਰ ਅੱਬਾਸੀ ਵੀ ਸ਼ਾਮਲ ਹਨ। ਸਿਹਤ ਅਧਿਕਾਰੀਆਂ ਅਨੁਸਾਰ 200 ਤੋਂ ਵੱਧ ਲੋਕ ਇਨ੍ਹਾਂ ਝੜਪਾਂ ਵਿੱਚ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿੱਚ 95 ਸੁਰੱਖਿਆ ਮੁਲਾਜ਼ਮ ਹਨ, ਜਿਨ੍ਹਾਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਭੇਜਿਆ ਗਿਆ ਹੈ। ਸੂਤਰਾਂ ਅਨੁਸਾਰ ਸਰਕਾਰ ਵੱਲੋਂ ਰਾਜਧਾਨੀ ਵਿੱਚ ਫੌਜ ਦੀ ਤਾਇਨਾਤੀ ਦੀ ਮੰਗ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਅੱਬਾਸੀ ਅਤੇ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਇਸ ਮਾਮਲੇ 'ਤੇ ਮੀਟਿੰਗ ਕੀਤੇ ਜਾਣ ਦੀ ਸੰਭਾਵਨਾ ਹੈ।

**ਵਿਦਿਅਕ ਅਦਾਰੇ ਬੰਦ**

**ਲਾਹੌਰ:** ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਖਰਾਬ ਹੋਏ ਹਾਲਾਤ ਦੇ ਮੱਦੇਨਜ਼ਰ ਦੋ ਦਿਨ ਵਿਦਿਅਕ ਅਦਾਰੇ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਵਿਦਿਅਕ ਅਦਾਰੇ ਸੋਮਵਾਰ ਅਤੇ ਮੰਗਲਵਾਰ ਨੂੰ ਬੰਦ ਰਹਿਣਗੇ। ਉੱਚ ਸਿੱਖਿਆ ਮੰਤਰੀ ਸਈਦ ਰਜ਼ਾ ਅਲੀ ਗਿਲਾਨੀ ਨੇ ਕਿਹਾ ਕਿ ਇਹ ਫੈਸਲਾ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਲਿਆ ਗਿਆ ਹੈ।

### 'ਪਾਕਿ ਦੇ ਪਰਮਾਣੂ ਹਥਿਆਰਾਂ ਤੋਂ ਜੰਗ ਦਾ ਖ਼ਤਰਾ

**ਵਾਸ਼ਿੰਗਟਨ/ਬਿਊਰੋ ਨਿਊਜ਼** ਪਾਕਿਸਤਾਨ ਦਾ ਰਣਨੀਤਕ ਪਰਮਾਣੂ ਹਥਿਆਰਾਂ ਬਾਰੇ ਪ੍ਰੋਗਰਾਮ ਖ਼ਿੱਤੇ ਦੀ ਸੁਰੱਖਿਆ ਲਈ ਨਾ ਸਿਰਫ਼ ਖ਼ਤਰਨਾਕ ਹੈ ਸਗੋਂ ਇਸ ਨਾਲ ਰਵਾਇਤੀ ਜੰਗ ਵੀ ਪਰਮਾਣੂ ਪੱਧਰ ਤਕ ਦੀ ਹੋ ਸਕਦੀ ਹੈ। ਅਮਰੀਕਾ ਦੀ ਅਟਲਾਂਟਿਕ ਕੌਂਸਲ ਵੱਲੋਂ ਜਾਰੀ ਕੀਤੀ ਗਈ ਰਿਪੋਰਟ 'ਚ ਖ਼ਦਸ਼ਾ ਜਤਾਇਆ ਗਿਆ ਹੈ ਕਿ ਪਾਕਿਸਤਾਨ 'ਚ ਪਰਮਾਣੂ ਹਥਿਆਰ ਚੋਰੀ ਹੋ ਸਕਦੇ ਹਨ ਜਾਂ ਉਨ੍ਹਾਂ ਦਾ ਕੰਟਰੋਲ ਕੱਟੜਪੰਥੀਆਂ ਦੇ ਹੱਥ ਆ ਸਕਦਾ ਹੈ। ਇਸ ਮਹੀਨੇ ਜਾਰੀ ਰਿਪੋਰਟ 'ਦੂਜੇ ਪਰਮਾਣੂ ਯੁੱਗ 'ਚ ਏਸ਼ੀਆ' 'ਚ ਕਿਹਾ ਗਿਆ ਹੈ ਕਿ ਖ਼ਿੱਤੇ ਨੂੰ ਖ਼ਤਰਾ ਪਰਮਾਣੂ ਹਥਿਆਰਾਂ ਤੋਂ ਨਹੀਂ ਹੈ ਸਗਰੋਂ ਇਨ੍ਹਾਂ ਦੀ ਰਾਖੀ ਕਰ ਰਹੀਆਂ ਸੰਸਥਾਵਾਂ ਤੋਂ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਚੀਨ ਆਧੁਨਿਕ ਪਰਮਾਣੂ ਹਥਿਆਰ ਬਣਾ ਰਿਹਾ ਹੈ।

# ਅਯੁੱਧਿਆ ਵਿੱਚ ਰਾਮ ਮੰਦਰ ਹੀ ਬਣੇਗਾ : ਮੋਹਨ ਭਾਗਵਤ

**ਉਡੂਪੀ (ਕਰਨਾਟਕ)/ਬਿਊਰੋ ਨਿਊਜ਼:** ਆਰਐਸਐਸ ਮੁਖੀ ਮੋਹਨ ਭਾਗਵਤ ਨੇ ਅਯੁੱਧਿਆ ਵਿੱਚ ਵਿਵਾਦਤ ਥਾਂ ਉਤੇ ਰਾਮ ਮੰਦਰ ਦੇ ਨਿਰਮਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਉਥੇ ਸਿਰਫ਼ ਮੰਦਰ ਹੀ ਬਣੇਗਾ। ਇੱਥੇ ਦੇਸ਼ ਭਰ ਦੇ ਹਿੰਦੂ ਸੰਤਾਂ ਅਤੇ ਵੀਐਚਪੀ ਆਗੂਆਂ ਦੇ ਇਕੱਠ 'ਧਰਮ ਸੰਸਦ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਬਾਰੇ ਕੋਈ ਧੁੰਦਲਕਾ ਨਹੀਂ ਹੈ ਕਿ ਅਯੁੱਧਿਆ ਵਿੱਚ ਰਾਮ ਮੰਦਰ ਦਾ ਨਿਰਮਾਣ ਹੋਵੇਗਾ। ਉਨ੍ਹਾਂ ਕਿਹਾ ਕਿ "ਅਸੀਂ ਇਸ ਦਾ ਨਿਰਮਾਣ ਕਰਾਂਗੇ। ਇਹ ਕੋਈ ਪ੍ਰਸਿੱਧੀ ਲਈ ਕੀਤਾ ਐਲਾਨ ਨਹੀਂ ਹੈ, ਸਗੋਂ ਸਾਡੇ ਧਰਮ ਦਾ ਸਵਾਲ ਹੈ। ਇਸ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।" ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਮੁਖੀ ਨੇ ਕਿਹਾ ਕਿ ਕਈ ਸਾਲਾਂ ਦੀਆਂ ਕੋਸ਼ਿਸ਼ਾਂ ਤੇ ਬਲੀਦਾਨ ਮਗਰੋਂ ਹੁਣ ਰਾਮ ਮੰਦਰ ਦਾ ਨਿਰਮਾਣ ਸੰਭਵ ਜਾਪ ਰਿਹਾ ਹੈ। ਹਾਲਾਂਕਿ ਉਨ੍ਹਾਂ ਇਹ ਵੀ ਟਿੱਪਣੀ ਕੀਤੀ ਕਿ ਇਹ ਮਸਲਾ ਅਦਾਲਤ ਵਿੱਚ ਹੈ। ਭਾਗਵਤ ਨੇ ਕਿਹਾ ਕਿ "ਉਥੇ ਸਿਰਫ਼ ਰਾਮ ਮੰਦਰ ਦਾ ਨਿਰਮਾਣ ਹੋਵੇਗਾ, ਹੋਰ ਕੁੱਝ ਨਹੀਂ। ਮੰਦਰ ਦੇ ਨਿਰਮਾਣ ਵਿੱਚ ਇਸ ਦੀ ਪੁਰਾਣੀ ਸ਼ਾਨ ਬਹਾਲ ਰੱਖੀ ਜਾਵੇਗੀ। ਪਿਛਲੇ 25 ਸਾਲਾਂ ਤੋਂ ਰਾਮ ਜਨਮਭੂਮੀ ਲਹਿਰ ਦੇ ਝੰਡਾ ਬਰਦਾਰਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਸੇ ਤਰ੍ਹਾਂ ਦਾ ਪੱਥਰ ਵਰਤਿਆ ਜਾਵੇਗਾ, ਜੋ ਪਹਿਲਾਂ ਲੱਗਿਆ ਹੋਇਆ ਸੀ।" ਉਨ੍ਹਾਂ ਨਾਲ ਹੀ ਕਿਹਾ ਕਿ ਮੰਦਰ ਨਿਰਮਾਣ ਤੋਂ ਪਹਿਲਾਂ ਜਨਤਾ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ।



# ਮਹਿਜ਼ ਰਾਜਸੀ ਡਰਾਮਾ ਸੀ ਗੁਜਰਾਤ ਮਾਡਲ

## *ਉੱਘੇ ਅਰਥਸ਼ਾਸਤਰੀ ਨੇ ਉਘੇੜੇ ਮੋਦੀ ਜੁਮਲੇ ਦੇ ਬਖੀਏ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਉੱਘੇ ਅਰਥਸ਼ਾਸਤਰੀ ਅਤੇ ਸਮਾਜਿਕ ਕਾਰਕੁਨ ਜੌਹਨ ਡਰੇਜ਼ ਨੇ ਗੁਜਰਾਤ ਮਾਡਲ' ਦੀਆਂ ਧੱਜੀਆਂ ਉਡਾਉਂਦਿਆਂ ਕਿਹਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਕਿਸੇ ਤਰ੍ਹਾਂ ਦਾ ਕੋਈ ਮਾਡਲ ਹੈ ਕਿਉਂਕਿ ਸਮਾਜਿਕ ਮਾਪਦੰਡਾਂ 'ਤੇ ਸੂਬਾ ਪੱਛੜਿਆ ਹੋਇਆ ਹੈ। ਟਾਈਮਜ਼ ਸਾਹਿਤ ਮੇਲੇ 'ਚ ਬੈਲਜੀਅਮ ਦੇ ਜੰਮਪਲ ਡਰੇਜ਼ ਨੇ ਕਿਹਾ, "ਵਿਕਾਸ ਦੇ ਕਿਸੇ ਵੀ ਪੈਮਾਣੇ 'ਤੇ ਤੁਸੀਂ ਝਾਤ ਮਾਰੋ, ਉਹ ਭਾਵੇਂ ਸਮਾਜਿਕ, ਮਨੁੱਖੀ ਵਿਕਾਸ, ਬਾਲ ਵਿਕਾਸ, ਗਰੀਬੀ ਜਾਂ ਕੁਝ ਹੋਰ ਹੋਵੇ, ਤਾਂ ਪਤਾ ਲੱਗਦਾ ਹੈ ਕਿ ਗੁਜਰਾਤ ਹਮੇਸ਼ਾ ਔਸਤਨ ਪੱਧਰ 'ਤੇ ਆਉਂਦਾ ਹੈ।" ਡਰੇਜ਼ ਨੇ ਕਿਹਾ ਕਿ ਨਰਿੰਦਰ ਮੋਦੀ ਦੇ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਜਿਹੋ ਜਿਹੇ ਹਾਲਾਤ ਸਨ, ਉਹੋ ਜਿਹੇ ਹਾਲਾਤ ਬਾਅਦ 'ਚ ਵੀ ਬਣੇ ਹੋਏ ਹਨ। ਨਰੇਗਾ ਦੇ ਪਹਿਲੇ ਖਰੜੇ ਨੂੰ ਤਿਆਰ ਕਰਨ 'ਚ ਸਹਾਇਤਾ ਕਰਨ ਵਾਲੇ ਡਰੇਜ਼ ਨੇ ਕਿਹਾ ਕਿ ਗੁਜਰਾਤ ਮਾਡਲ' ਦਾ ਜੁਮਲਾ ਪਹਿਲੀ ਵਾਰ ਲੋਕ ਸਭਾ ਚੋਣਾਂ (ਸਾਲ 2014) ਦੌਰਾਨ ਉਛਾਲਿਆ ਗਿਆ। ਗੁਜਰਾਤ ਘੜਮੱਸ' ਨਾਮ ਦਾ ਲੇਖ ਲਿਖਣ ਵਾਲੇ ਅਰਥਸ਼ਾਸਤਰੀ ਨੇ ਕਿਹਾ ਕਿ ਕੁਝ ਨਾ ਕੁਝ ਘਾਟ ਰੜਕਦੀ ਹੈ ਅਤੇ ਇਹ ਵਿਕਾਸ ਲਈ ਨਿੱਜੀ ਕਾਰੋਬਾਰੀਆਂ 'ਤੇ ਨਿਰਭਰਤਾ ਦੀਆਂ ਹੱਦਾਂ ਵੀ ਹੋ ਸਕਦੀਆਂ ਹਨ।

ਰੇਟਿੰਗ ਏਜੰਸੀ ਮੂਡੀਜ਼ ਵੱਲੋਂ ਭਾਰਤ ਦੀ ਰੇਟਿੰਗ ਨੂੰ ਬੀਏਏ3' ਤੋਂ ਵਧਾ ਕੇ 'ਬੀਏਏ2' ਕਰਨ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਇਸ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ। ਉਨ੍ਹਾਂ ਆਧਾਰ ਬਾਰੇ ਖ਼ਦਸ਼ੇ ਜਤਾਉਂਦਿਆਂ ਕਿਹਾ ਕਿ ਇਸ ਨਾਲ ਜਾਸੂਸੀ ਦੀ ਖੇਡ ਆਰੰਭ ਹੋ ਜਾਵੇਗੀ। ਆਧਾਰ ਬਾਰੇ ਮੇਰਾ ਵਿਰੋਧ ਲੋਕ ਭਲਾਈ ਨਾਲ ਸਬੰਧਤ ਮੁੱਦਿਆਂ ਨੂੰ ਲੈ ਕੇ ਨਹੀਂ ਸਗੋਂ ਆਮ ਲੋਕਾਂ ਦੀ ਆਜ਼ਾਦੀ 'ਤੇ ਖ਼ਤਰੇ ਨੂੰ ਲੈ ਕੇ ਹੈ।' ਪਾਟੀਦਾਰਾਂ, ਜਾਟਾਂ ਅਤੇ ਹੋਰਾਂ ਵੱਲੋਂ ਰਾਖਵੇਂਕਰਨ ਲਈ ਕੀਤੇ ਗਏ ਪ੍ਰਦਰਸ਼ਨਾਂ ਲਈ ਡਰੇਜ਼ ਨੇ ਖੇਤੀਬਾੜੀ ਦੇ ਵਿਕਾਸ 'ਚ ਆਈ ਖੜੋਤ ਨੂੰ ਜ਼ਿੰਮੇਵਾਰ ਠਹਿਰਾਇਆ।

# ਹਾਦਸੇ 'ਚ ਐਨਆਰਆਈ ਪਰਿਵਾਰ ਦੇ ਤਿੰਨ ਜੀਅ ਮਾਰੇ ਗਏ

**ਤਪਾ ਮੰਡੀ/ਬਿਊਰੋ ਨਿਊਜ਼:** ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਤਪਾ ਨੇੜੇ ਐਤਵਾਰ ਸਵੇਰੇ ਸਾਢੇ 9 ਵਜੇ ਵਾਪਰੇ ਹਾਦਸੇ 'ਚ ਐਨਆਰਆਈ ਪਰਿਵਾਰ ਸਮੇਤ ਚਾਰ ਵਿਅਕਤੀ ਹਲਾਕ ਹੋ ਗਏ। ਐਨਆਰਆਈ ਪਰਿਵਾਰ ਪ੍ਰਵੀਨ ਕੁਮਾਰ (50 ਸਾਲ) ਪਤਨੀ ਰੀਤੂ (45 ਸਾਲ) ਅਤੇ ਪੁੱਤਰ ਮੌਂਟੀ (3 ਸਾਲ) ਵਾਲੀ ਕਾਰ ਨੇ ਅੱਗੇ ਜਾ ਰਹੇ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ ਸੀ ਜਿਸ ਮਗਰੋਂ ਕਾਰ ਪਲਟੀਆਂ ਖਾਂਦੀ ਹੋਈ ਖਤਾਨਾਂ 'ਚ ਡਿੱਗ ਗਈ ਅਤੇ ਉਨ੍ਹਾਂ ਦਮ ਤੋੜ ਦਿੱਤਾ। ਟੱਕਰ ਲੱਗਣ ਕਾਰਨ ਮੋਟਰਸਾਈਕਲ ਸਵਾਰ ਹੰਡਿਆਇਆ ਦੇ ਅਮਨ ਕੁਮਾਰ ਦੀ ਵੀ ਮੌਤ ਹੋ ਗਈ। ਐਨਆਰਆਈ ਪਰਿਵਾਰ ਦਾ ਦੋਸਤ ਅਸ਼ੋਕ ਕੁਮਾਰ ਜ਼ਖ਼ਮੀ ਹੋ ਗਿਆ। ਫੋਰਡ ਗੱਡੀ ਵਿੱਚ ਸਵਾਰ ਚਾਰ ਜਣੇ ਪਾਣੀਪਤ (ਹਰਿਆਣਾ) ਤੋਂ ਬਠਿੰਡਾ ਨੂੰ ਜਾ ਰਹੇ ਸਨ। ਜਦੋਂ ਉਹ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਤਪਾ-ਘੁੰਨਸ ਵਿਚਕਾਰ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਤਪਾ ਨੇੜੇ ਪਹੁੰਚੇ ਤਾਂ ਉਨ੍ਹਾਂ ਦੀ ਤੇਜ਼ ਰਫ਼ਤਾਰ ਕਾਰ ਅੱਗੇ ਜਾ ਰਹੇ ਮੋਟਸਾਈਕਲ ਨਾਲ ਟਕਰਾ ਗਈ। ਨਤੀਜੇ ਵਜੋਂ ਮੋਟਰਸਾਈਕਲ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਕਾਰ ਕਈ ਪਲਟੀਆਂ ਖਾਂਦੀ ਹੋਈ ਖਤਾਨਾਂ ਵਿੱਚ ਡਿੱਗ ਗਈ। ਸੂਚਨਾ ਮਿਲਦਿਆਂ ਹੀ ਮਿੰਨੀ ਸਹਾਰਾ ਵੈਲਫੇਅਰ ਕਲੱਬ ਦੇ ਵਾਲੰਟੀਅਰ ਘਟਨਾ ਵਾਲੀ ਥਾਂ 'ਤੇ ਐਂਬੂਲੈਂਸ ਲੈ ਕੇ ਪਹੁੰਚੇ। ਉਨ੍ਹਾਂ ਜ਼ਖ਼ਮੀਆਂ ਨੂੰ ਤਪਾ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਜਿੱਥੇ ਐਨਆਰਆਈ ਪ੍ਰਵੀਨ ਕੁਮਾਰ ਉਸ ਦੀ ਪਤਨੀ ਰੀਤੂ ਅਤੇ ਪੁੱਤਰ ਮੌਂਟੀ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ।

# ਸਰੀ ਦੀ ਪੰਜਾਬਣ ਦੇ ਕਾਤਲ ਪਤੀ ਦੀ ਪ੍ਰੇਮਿਕਾ ਨੂੰ ਵੀ ਹੋਵੇਗੀ ਉਮਰਕੈਦ

**ਵੈਨਕੂਵਰ/ਬਿਊਰੋ ਨਿਊਜ਼:** ਫਰਵਰੀ 2007 'ਚ ਸਰੀ 'ਚ ਆਪਣੇ ਹੀ ਘਰ 'ਚ ਮਾਰੀ ਗਈ ਤਿੰਨ ਬੇਟੀਆਂ ਦੀ ਮਾਂ ਅਮਨਪ੍ਰੀਤ ਕੌਰ ਬਾਹੀਆ (33 ਸਾਲ) ਦੇ ਕਤਲ ਦਾ ਕਾਰਨ ਬਣਨ ਵਾਲੀ ਰੀਐਲਟਰ ਤਰਨਪ੍ਰੀਤ ਕੌਰ ਅਠਵਾਲ ਨੂੰ ਬੀਸੀ ਸੁਪਰੀਮ ਕੋਰਟ ਨੇ ਦੋਸ਼ੀ ਐਲਾਨ ਦਿੱਤਾ। ਉਸ ਨੂੰ ਉਮਰ ਕੈਦ ਤਾਂ ਹੋਵੇਗੀ ਹੀ ਪਰ ਪੈਰੋਲ ਕਿੰਨੇ ਸਾਲਾਂ ਬਾਅਦ ਮਿਲ ਸਕੇਗੀ, ਇਸ ਦਾ ਫ਼ੈਸਲਾ ਜੱਜਾਂ ਵੱਲੋਂ ਦੋਹਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਤੋਂ ਬਾਅਦ ਕੀਤਾ ਜਾਏਗਾ। ਅਮਨਪ੍ਰੀਤ ਦੇ ਪਤੀ ਬਲਜਿੰਦਰ ਸਿੰਘ ਬਾਹੀਆ ਅਤੇ ਭਾੜੇ ਦੇ ਕਾਤਲ (ਗੋਰੇ) ਨੂੰ ਪਿਛਲੇ ਸਾਲ ਉਮਰ ਕੈਦ ਹੋਈ ਸੀ। ਦੋਹਾਂ ਨੂੰ 25 ਸਾਲ ਪੈਰੋਲ ਨਹੀਂ ਮਿਲੇਗੀ। ਅਮਨਪ੍ਰੀਤ ਨੂੰ ਮਾਰੇ ਜਾਣ ਤੋਂ ਬਾਅਦ ਉਸ ਦੇ ਪਤੀ ਨੇ ਇਸ ਨੂੰ ਲੁੱਟ ਦੌਰਾਨ ਹੋਈ ਹੱਤਿਆ ਆਖ ਕੇ ਪੁਲੀਸ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਸੀ। 2011 'ਚ ਸਸਕੈਚਵਨ 'ਚ ਕਿਸੇ ਹੋਰ ਮਾਮਲੇ 'ਚ ਫੜੇ ਗਏ ਗੋਰੇ ਵਿਅਕਤੀ ਨੇ ਪੁੱਛ-ਗਿੱਛ ਦੌਰਾਨ ਇਸ ਕਤਲ ਦਾ ਪਰਦਾਫਾਸ਼ ਕਰਦਿਆਂ ਦੱਸਿਆ ਸੀ ਕਿ ਬਲਜਿੰਦਰ ਸਿੰਘ ਬਾਹੀਆ ਤੇ ਉਸ ਦੀ ਪ੍ਰੇਮਿਕਾ ਨੇ ਉਸ ਨੂੰ ਪੈਸੇ ਦੇ ਕੇ ਅਮਨਪ੍ਰੀਤ ਕੌਰ ਦਾ ਕਤਲ ਕਰਵਾਇਆ ਸੀ। ਜਾਂਚ ਦੌਰਾਨ ਪੁਲੀਸ ਹੱਥ ਸਬੂਤ ਲੱਗੇ ਕਿ ਬਲਜਿੰਦਰ ਸਿੰਘ ਦੀ ਰੀਐਲਟਰ ਤਰਨਪ੍ਰੀਤ ਕੌਰ ਅਠਵਾਲ ਨਾਲ ਦੋਸਤੀ ਹੈ ਅਤੇ ਦੋਹਾਂ ਨੇ ਇਕ ਹੋਣ ਲਈ ਅਮਨਪ੍ਰੀਤ ਕੌਰ ਨੂੰ ਮਾਰਨ ਦੀ ਯੋਜਨਾ ਬਣਾਈ ਅਤੇ ਭਾੜੇ ਦੇ ਕਾਤਲ ਨਾਲ ਸੌਦਾ ਕੀਤਾ ਸੀ। ਕਤਲ ਤੋਂ ਬਾਅਦ ਤਰਨਪ੍ਰੀਤ ਨੇ ਨਾਂ ਬਦਲ ਕੇ ਸੋਨੀਆ ਕੌਰ ਗਿੱਲ ਰੱਖ ਲਿਆ ਸੀ।

# ਨੌਂ ਵਰ੍ਹਿਆਂ ਬਾਅਦ ਵੀ ਮੁੰਬਈ ਅਤਿਵਾਦੀ ਹਮਲੇ ਦੇ ਪੀੜ੍ਹਤ ਉਡੀਕਦੇ ਨੇ ਇਨਸਾਫ਼

**ਲਾਹੌਰ/ਬਿਊਰੋ ਨਿਊਜ਼:** ਲਸ਼ਕਰ-ਏ-ਤੋਇਬਾ ਦੇ ਦਸ ਅਤਿਵਾਦੀਆਂ ਵੱਲੋਂ ਮੁੰਬਈ ਵਿੱਚ 166 ਵਿਅਕਤੀਆਂ ਦੀ ਹੱਤਿਆ ਨੂੰ ਐਤਵਾਰ ਨੂੰ 9 ਸਾਲ ਪੂਰੇ ਹੋ ਗਏ ਹਨ ਪਰ ਅਜੇ ਤਕ ਕਿਸੇ ਵੀ ਸ਼ੱਕੀ ਨੂੰ ਸਜ਼ਾ ਨਹੀਂ ਮਿਲੀ ਹੈ। ਮਾਹਿਰਾਂ ਨੇ ਕਿਹਾ ਕਿ ਇਸ ਤੋਂ ਸੰਕੇਤ ਮਿਲਦਾ ਹੈ ਕਿ ਪਾਕਿਸਤਾਨ ਲਈ ਇਹ ਕੇਸ ਕਦੇ ਵੀ ਤਰਜੀਹ ਨਹੀਂ ਰਿਹਾ, ਖਾਸ ਤੌਰ 'ਤੇ ਇਸ ਹਮਲੇ ਦੇ ਸਾਜ਼ਿਸ਼ਘਾੜੇ ਹਾਫਿਜ਼ ਸਈਦ ਨੂੰ ਰਿਹਾਅ ਕੀਤੇ ਜਾਣ ਬਾਅਦ। ਦੱਸਣਯੋਗ ਹੈ ਕਿ ਨਵੰਬਰ 2008 ਵਿੱਚ ਕਰਾਚੀ ਤੋਂ ਕਿਸ਼ਤੀ ਰਾਹੀਂ ਮੁੰਬਈ ਪੁੱਜੇ ਲਸ਼ਕਰ ਦੇ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਵਿੱਚ 166 ਜਣੇ ਮਾਰੇ ਗਏ ਅਤੇ 300 ਤੋਂ ਵੱਧ ਲੋਕ ਫੱਟੜ ਹੋਏ ਸਨ। ਇਕ ਸੀਨੀਅਰ ਵਕੀਲ ਨੇ ਕਿਹਾ, 'ਮੁੰਬਈ ਹਮਲੇ ਦਾ ਕੇਸ ਇਸਲਾਮਾਬਾਦ ਵਿੱਚ ਅਤਿਵਾਦ-ਵਿਰੋਧੀ ਅਦਾਲਤ (ਏਟੀਸੀ) ਵਿੱਚ 2009 ਤੋਂ ਚੱਲ ਰਿਹਾ ਹੈ। ਮੁਲਕ 'ਚ ਕਿਸੇ ਅਤਿਵਾਦ-ਵਿਰੋਧੀ ਅਦਾਲਤ ਵਿੱਚ ਅੱਠ ਸਾਲ ਤੋਂ ਵੱਧ ਸਮਾਂ ਚੱਲਣ ਵਾਲਾ ਕੋਈ ਵਿਰਲਾ ਹੀ ਕੇਸ ਹੋਵੇਗਾ, ਜੋ ਹਾਲੇ ਵੀ ਪੈਂਡਿੰਗ ਹੋਵੇ। ਏਟੀਸੀ ਤੇਜ਼ੀ ਨਾਲ ਸੁਣਵਾਈ ਲਈ ਹੁੰਦੀ ਹੈ ਪਰ ਇਸ ਕੇਸ 'ਚ ਉਹ ਸੈਸ਼ਨ ਅਦਾਲਤ ਵਾਂਗ ਕੰਮ ਕਰ ਰਹੀ ਹੈ।' 26/11 ਹਮਲੇ ਦੀ 9ਵੀਂ ਬਰਸੀ ਤੋਂ ਪਹਿਲਾਂ ਪਾਕਿ ਨੇ ਲਸ਼ਕਰ-ਏ-ਤੋਇਬਾ ਦੇ ਬਾਨੀ ਸਈਦ ਨੂੰ ਰਿਹਾਅ ਕੀਤੇ ਜਾਣ ਦੇ ਦੋ ਦਿਨ ਬਾਅਦ ਇਸ ਵਕੀਲ ਨੇ ਕਿਹਾ, 'ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਇਸ ਕੇਸ ਨੂੰ ਜਲਦੀ ਨਹੀਂ ਨਿਬੇੜਨਾ ਚਾਹੁੰਦੀ ਕਿਉਂਕਿ ਇਹ ਮਾਮਲਾ ਉਸ ਦੇ ਰਿਵਾਇਤੀ ਵਿਰੋਧੀ ਭਾਰਤ ਨਾਲ ਸਬੰਧਤ ਹੈ।'

ਸੁਪਰੀਮ ਕੋਰਟ ਦੇ ਵਕੀਲ ਮੋਬੀਨ ਅਹਿਮਦ ਕਾਜ਼ੀ ਨੇ ਕਿਹਾ, 'ਮੈਂ ਹੈਰਾਨ ਹਾਂ ਕਿ ਪਾਕਿਸਤਾਨ ਇਸ ਅਪਰਾਧਕ ਕੇਸ ਦੇ ਫ਼ੈਸਲੇ ਉਤੇ ਐਨਾ ਸਮਾਂ ਕਿਉਂ ਲੈ ਰਿਹਾ ਹੈ। ਜੇਕਰ ਭਾਰਤ ਠੋਸ ਸਬੂਤ ਨਹੀਂ ਦਿੰਦਾ ਤਾਂ ਸ਼ੱਕੀਆਂ ਨੂੰ ਸਬੂਤਾਂ ਦੀ ਘਾਟ ਦੇ ਲਾਹਾ ਦੇ ਕੇ ਬਰੀ ਕਰ ਦੇਣਾ ਚਾਹੀਦਾ ਹੈ। ਪਰ ਇਸ ਤਰ੍ਹਾਂ ਲੱਗਦਾ ਹੈ ਕਿ ਪਾਕਿਸਤਾਨ ਨੂੰ 'ਕੌਮਾਂਤਰੀ ਦਬਾਅ' ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਉਸ ਨੇ 'ਬਿਨਾਂ ਸਬੂਤ' ਦੇ ਮੁੰਬਈ ਹਮਲੇ ਦੇ ਸ਼ੱਕੀਆਂ ਨੂੰ ਜੇਲ੍ਹ 'ਚ ਰੱਖਿਆ ਹੈ।' ਸਈਦ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਸਈਦ ਦੀ ਰਿਹਾਈ ਨੇ ਇਸ ਕੇਸ ਦਾ ਸਾਹਮਣਾ ਕਰ ਰਹੇ ਛੇ ਸ਼ੱਕੀਆਂ ਦਾ 'ਹੌਸਲਾ ਬੁਲੰਦ' ਕੀਤਾ ਹੈ। ਸੱਤਵਾਂ ਸ਼ੱਕੀ ਲਸ਼ਕਰ ਕਮਾਂਡਰ ਜ਼ਕੀਉਰ ਰਹਿਮਾਨ ਲਖਵੀ ਦੋ ਸਾਲ ਪਹਿਲਾਂ ਜ਼ਮਾਨਤ 'ਤੇ ਰਿਹਾਅ ਹੋ ਗਿਆ ਸੀ ਅਤੇ ਉਦੋਂ ਤੋਂ ਉਹ ਅਣਦੱਸੀ ਜਗ੍ਹਾ 'ਤੇ ਰਹਿ ਰਿਹਾ ਹੈ।



ਮੁੰਬਈ ਦੇ 26/11 ਹਮਲਿਆਂ ਵਿੱਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰ ਕਾਮਾ ਹਸਪਤਾਲ ਵਿੱਚ ਸਥਾਪਤ ਯਾਦਗਾਰ 'ਤੇ ਸ਼ਰਧਾਂਜਲੀਆਂ ਭੇਟ ਕਰਦੇ ਹੋਏ।

## ਸਰਕਾਰ ਪੂੰਜੀਪਤੀਆਂ ਨੂੰ ਨਹੀਂ ਦੇ ਰਹੀ ਕਰਜ਼ਿਆਂ ਮਾਫ਼ੀ

### *ਨਕਦ ਭੁਗਤਾਨ ਦੀ ਥਾਂ ਡਿਜ਼ੀਟਲ ਲੈਣ-ਦੇਣ 'ਚ ਤੇਜ਼ੀ - ਜੇਤਲੀ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਬੈਂਕਾਂ ਵੱਲੋਂ ਪੂੰਜੀਪਤੀਆਂ ਦੇ ਕਰਜ਼ੇ ਮੁਆਫ਼ ਕਰਨ ਸਬੰਧੀ ਫੈਲੀਆਂ ਅਫ਼ਵਾਹਾਂ ਰੱਦ ਕਰਦਿਆਂ ਕਿਹਾ ਕਿ ਸਰਕਾਰ ਨੇ ਵੱਡੇ ਐਨਪੀਏ ਡਿਫਾਲਟਰਾਂ ਦਾ ਕਿਸੇ ਕਿਸਮ ਦਾ ਕਰਜ਼ਾ ਮੁਆਫ਼ ਨਹੀਂ ਕੀਤਾ ਹੈ। ਉਨ੍ਹਾਂ ਇੱਕ ਬਲਾਗ ਰਾਹੀਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਪੂੰਜੀਪਤੀਆਂ ਦੇ ਕਰਜ਼ੇ ਮੁਆਫ਼ ਕਰਨ ਸਬੰਧੀ ਅਫ਼ਵਾਹ ਉਡਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਵਾਸੀ ਪੁੱਛਣ ਕਿ ਕਿਸਦੀ ਆਗਿਆ ਨਾਲ ਅਜਿਹੇ ਕਰਜ਼ੇ 2008 ਤੋਂ 2014 ਦਰਮਿਆਨ ਜਨਤਕ ਖੇਤਰ ਦੇ ਬੈਂਕਾਂ ਵੱਲੋਂ ਵੰਡੇ ਗਏ ਸਨ? ਉਨ੍ਹਾਂ ਕਿਹਾ ਕਿ ਕਰਜ਼ਾ ਲੈਣ ਵਾਲਿਆਂ ਖ਼ਿਲਾਫ਼ ਸਖ਼ਤ ਫ਼ੈਸਲਾ ਲੈਣ ਦੀ ਬਜਾਏ ਤਤਕਾਲੀ ਸਰਕਾਰ ਨੇ ਕਰਜ਼ਾ ਵੰਡ ਸਬੰਧੀ ਨਿਯਮਾਂ 'ਚ ਰਾਹਤ ਦੇ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਨਵੇਂ 'ਇਨਸੋਲਵੈਂਸੀ ਐਂਡ ਬੈਂਕਰਪਸੀ ਕੋਡਟ' ਅਧੀਨ 12 ਵੱਡੇ ਡਿਫਾਲਟਰਾਂ ਤੋਂ ਸਮਾਂਬੱਧ ਰਿਕਵਰੀ ਲਈ ਕੇਸ 'ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ' ਕੋਲ ਭੇਜ ਦਿੱਤੇ ਗਏ ਹਨ।



### ਡਿਜ਼ੀਟਲ ਲੈਣ-ਦੇਣ ਹੋਇਆ ਤੇਜ਼

ਨਵੀਂ ਦਿੱਲੀ: ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ ਕਿ ਡਿਜ਼ੀਟਲ ਲੈਣ-ਦੇਣ ਪ੍ਰਭਾਵਸ਼ਾਲੀ ਢੰਗ ਤੇ ਤੇਜ਼ੀ ਨਾਲ ਨਕਦ ਭੁਗਤਾਨ ਦੀ ਥਾਂ ਲੈਣ ਲੱਗਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੇਸ਼ ਦੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਉਨ੍ਹਾਂ ਪੇਟੀਐੱਮ ਪੇਮੈਂਟਸ ਬੈਂਕ' ਦਾ ਉਦਘਾਟਨ ਕਰਦਿਆਂ ਆਖਿਆ ਕਿ ਤਕਨਾਲੋਜੀ ਨੇ ਮੁਲਕ ਵਿੱਚ ਬੈਂਕਿੰਗ ਪ੍ਰਣਾਲੀ 'ਚ ਕਾਫ਼ੀ ਬਦਲਾਅ ਲਿਆਂਦਾ ਹੈ।

## ਨਿੱਤ ਦਾ ਵਰਤਾਰਾ ਬਣਦਾ ਜਾ ਰਿਹੈ ਅਤਿਵਾਦ: ਮੋਦੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਨੌਂ ਵਰ੍ਹੇ ਪਹਿਲਾਂ ਮੁੰਬਈ ਅਤਿਵਾਦੀ ਹਮਲਿਆਂ ਵਿੱਚ ਬਹਾਦਰ ਨਾਗਰਿਕਾਂ ਦੇ ਬਲੀਦਾਨ ਨੂੰ ਚੇਤੇ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਅਤਿਵਾਦ ਆਲਮੀ ਖ਼ਤਰਾ ਹੈ, ਜੋ ਤਕਰੀਬਨ ਨਿੱਤ ਦਾ ਵਿਹਾਰ ਬਣ ਗਿਆ ਹੈ।

ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਸ੍ਰੀ ਮੋਦੀ ਨੇ ਕਿਹਾ ਕਿ ਕੁੱਝ ਵਰ੍ਹੇ ਪਹਿਲਾਂ ਜਦੋਂ ਭਾਰਤ ਅਤਿਵਾਦ ਦੇ ਖ਼ਤਰੇ ਬਾਰੇ ਗੱਲ ਕਰਦਾ ਸੀ ਤਾਂ ਸੰਸਾਰ ਦੇ ਕਈ ਮੁਲਕ ਇਸ ਨੂੰ ਗੰਭੀਰਤਾ ਨਾਲ ਲੈਣ ਲਈ ਤਿਆਰ ਨਹੀਂ ਹੁੰਦੇ ਸਨ। ਹੁਣ ਅਤਿਵਾਦ ਉਨ੍ਹਾਂ ਦੇ ਆਪਣੇ ਦਰਾਂ ਉਤੇ ਦਸਤਕ ਦੇ ਰਿਹਾ ਹੈ। ਸੰਸਾਰ ਦੀ ਹਰੇਕ ਸਰਕਾਰ, ਜੋ ਮਨੁੱਖਤਾ ਤੇ ਜਮਹੂਰੀਅਤ ਵਿੱਚ ਵਿਸ਼ਵਾਸ ਰੱਖਦੀ ਹੈ, ਉਹ ਅਤਿਵਾਦ ਨੂੰ ਸਭ ਤੋਂ ਵੱਡੀ ਚੁਣੌਤੀ ਵਜੋਂ ਦੇਖ ਰਹੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ "ਅਤਿਵਾਦ ਮਨੁੱਖਤਾ ਲਈ ਚੁਣੌਤੀ ਹੈ। ਇਸ ਦੀ ਰੁਚੀ ਮਨੁੱਖਤਾਵਾਦੀ ਤਾਕਤਾਂ ਨੂੰ ਤਬਾਹ ਕਰਨ ਦੀ ਹੈ। ਇਸ ਲਈ ਨਾ ਸਿਰਫ਼ ਭਾਰਤ ਸਗੋਂ ਸਾਰੀਆਂ ਮਨੁੱਖਤਾਵਾਦੀ ਤਾਕਤਾਂ ਨੂੰ ਅਤਿਵਾਦ ਦੇ ਖ਼ਤਰੇ ਨੂੰ ਹਰਾਉਣ ਲਈ ਇਕਜੁੱਟ ਹੋ ਕੇ ਲੜਨਾ ਪਵੇਗਾ।" ਉਨ੍ਹਾਂ ਕਿਹਾ ਕਿ ਭਾਰਤ ਭਗਵਾਨ ਬੁੱਧ, ਮਹਾਂਵੀਰ, ਗੁਰੂ ਨਾਨਕ ਅਤੇ ਮਹਾਤਮਾ ਗਾਂਧੀ ਦੀ ਧਰਤੀ ਹੈ ਅਤੇ ਇਸ ਨੇ ਵਿਸ਼ਵ ਨੂੰ ਪਿਆਰ ਤੇ ਅਹਿੰਸਾ ਦਾ ਸੰਦੇਸ਼ ਦਿੱਤਾ ਹੈ।



ਸ੍ਰੀ ਮੋਦੀ ਨੇ ਕਿਹਾ ਕਿ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਸੀ ਪਰ ਦੇਸ਼ ਇਹ ਗੱਲ ਨਹੀਂ ਭੁੱਲ ਸਕਦਾ ਕਿ ਨੌਂ ਸਾਲ ਪਹਿਲਾਂ ਇਸ ਦਿਨ ਮੁੰਬਈ ਵਿੱਚ ਅਤਿਵਾਦੀ ਹਮਲੇ ਸ਼ੁਰੂ ਹੋਏ ਸਨ। ਉਨ੍ਹਾਂ ਕਿਹਾ ਕਿ ਉਸ ਸਮੇਂ ਜਾਨਾਂ ਗਵਾਉਣ ਵਾਲੇ ਬਹਾਦਰ ਨਾਗਰਿਕਾਂ, ਪੁਲੀਸ ਮੁਲਾਜ਼ਮਾਂ ਅਤੇ ਸੁਰੱਖਿਆ ਜਵਾਨਾਂ ਦੇ ਬਲੀਦਾਨ ਨੂੰ ਦੇਸ਼ ਸਿਜਦਾ ਕਰਦਾ ਹੈ। ਇਸ ਦੌਰਾਨ ਉਨ੍ਹਾਂ ਹੋਰ ਵੀ ਕਈ ਮੁੱਦੇ ਛੋਹੇ।

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਕਾਰਜਪਾਲਿਕਾ ਇਕੋ ਪਰਿਵਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਨੂੰ ਇਕ ਦੂਜੇ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ। ਚੀਫ਼ ਜਸਟਿਸ ਤੇ ਕਾਨੂੰਨ ਮੰਤਰੀ ਵਿਚਾਲੇ ਨਿਆਂਇਕ ਦਬੰਗਪੁਣੇ ਬਾਰੇ ਵਿਵਾਦ ਦੇ ਪਿਛੋਕੜ ਵਿੱਚ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਇਨ੍ਹਾਂ ਤਿੰਨੇ ਅੰਗਾਂ ਨੂੰ ਬਦਲਦੇ ਪਰਿਪੇਖ ਵਿੱਚ ਅਗਾਂਹ ਵਧਣ ਦੇ ਤਰੀਕਿਆਂ ਬਾਰੇ ਸਿਰ ਜੋੜਨ ਦੀ ਲੋੜ ਹੈ।

### ਲੋਕਾਂ ਤੇ ਪ੍ਰਸ਼ਾਸਨ ਸੰਵਿਧਾਨ ਮੁਤਾਬਕ ਚੱਲਣ ਦਾ ਪ੍ਰਵਚਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਨਾਗਰਿਕ ਤੇ ਪ੍ਰਸ਼ਾਸਨ ਲਾਜ਼ਮੀ ਤੌਰ 'ਤੇ ਸੰਵਿਧਾਨ ਮੁਤਾਬਕ ਕੰਮ ਕਰਨ। ਸੰਵਿਧਾਨ ਇਹ ਸੰਦੇਸ਼ ਦਿੰਦਾ ਹੈ ਕਿ ਕਿਸੇ ਨੂੰ ਵੀ ਕਿਸੇ ਵੀ ਤਰੀਕੇ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਉਨ੍ਹਾਂ ਦੀਆਂ ਇਹ ਟਿੱਪਣੀਆਂ ਫਿਲਮ 'ਪਦਮਾਵਤੀ' ਅਤੇ ਗਊ ਰੱਖਿਅਕਾਂ ਦੇ ਮਾਮਲਿਆਂ ਦੇ ਪਿਛੋਕੜ ਵਿੱਚ ਆਈਆਂ। 'ਮਨ ਕੀ ਬਾਤ' ਵਿੱਚ ਉਨ੍ਹਾਂ ਕਿਹਾ ਕਿ "ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੇ ਸੰਵਿਧਾਨ ਦੀ ਪਾਲਣਾ ਕਰੀਏ।" ਕਿਸੇ ਘਟਨਾ ਤੇ ਵਿਵਾਦ ਦਾ ਜ਼ਿਕਰ ਨਾ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਦਾ ਸੰਵਿਧਾਨ ਭਾਰਤੀ ਜਮਹੂਰੀਅਤ ਦੀ ਅੰਤਰ ਆਤਮਾ ਹੈ।

## ਸੰਤਾਪ ਦੇ 15 ਸਾਲ: ਛੇ ਜ਼ਿਲ੍ਹਿਆਂ 'ਚ ਹਜ਼ਾਰਾਂ ਕਿਸਾਨਾਂ ਤੇ ਮਜ਼ਦੂਰਾਂ ਨੇ ਕੀਤੀ ਖ਼ੁਦਕੁਸ਼ੀ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਦੇ ਛੇ ਜ਼ਿਲ੍ਹਿਆਂ ਵਿੱਚ ਹੀ ਬੀਤੇ ਡੇਢ ਦਹਾਕੇ ਵਿੱਚ ਲਗਪਗ 15 ਹਜ਼ਾਰ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਰਾਹੀਂ ਮੌਤ ਦੇ ਮੂੰਹ ਵਿੱਚ ਚਲੇ ਗਏ। ਇਨ੍ਹਾਂ ਵਿੱਚ ਵੱਡੀ ਗਿਣਤੀ 15 ਤੋਂ 45 ਸਾਲ ਵਾਲਿਆਂ ਦੀ ਹੈ। ਅਤੇ 83 ਫੀਸਦ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਕਰਜ਼ਾ ਹੈ। ਇਹ ਖੁਲਾਸਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਧਾਨ ਸਭਾ ਦੀ ਕਮੇਟੀ ਨਾਲ ਸੋਮਵਾਰ ਨੂੰ ਸਾਂਝੀ ਕੀਤੀ ਰਿਪੋਰਟ ਤੋਂ ਹੋਇਆ ਹੈ। ਖੇਤੀਬਾੜੀ ਯੂਨੀਵਰਸਿਟੀ ਨੇ ਸੂਬੇ ਦੇ ਸਭ ਤੋਂ ਵੱਧ ਖ਼ੁਦਕੁਸ਼ੀ ਪ੍ਰਭਾਵਿਤ ਜ਼ਿਲ੍ਹਿਆਂ ਮਾਨਸਾ, ਸੰਗਰੂਰ, ਬਠਿੰਡਾ, ਬਰਨਾਲਾ, ਮੋਗਾ ਅਤੇ ਲੁਧਿਆਣਾ ਦੇ ਲਗਪਗ ਦੋ ਹਜ਼ਾਰ ਪਿੰਡਾਂ ਦੇ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦਾ ਸਾਲ 2000 ਤੋਂ 2015 ਤੱਕ ਦਾ ਸਰਵੇ ਕੀਤਾ ਹੈ। 2008 ਵਿੱਚ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦਾ ਪਹਿਲੀ ਵਾਰ ਸਰਵੇ ਹੋਇਆ ਸੀ। 2011 ਵਿੱਚ ਸਰਵੇ ਵਿੱਚ ਮਾਨਸਾ, ਬਰਨਾਲਾ, ਮੋਗਾ ਅਤੇ ਲੁਧਿਆਣਾ ਸ਼ਾਮਿਲ ਕਰ ਲਏ ਗਏ ਅਤੇ 2017 ਵਿੱਚ ਇਨ੍ਹਾਂ ਸਾਰੇ ਛੇ ਜ਼ਿਲ੍ਹਿਆਂ ਦਾ ਸਰਵੇ ਕੀਤਾ ਗਿਆ ਹੈ। ਗੌਰਤਲਬ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹੋਰਾਂ ਜ਼ਿਲ੍ਹਿਆਂ ਦੇ ਕੀਤੇ ਸਰਵੇ ਤੋਂ ਇਸ ਸਰਵੇ ਦੇ ਅੰਕੜੇ ਜੋੜਨ ਨਾਲ ਇਹ ਅੰਕੜਾ ਕਰੀਬ ਦੋ ਹਜ਼ਾਰ ਹੋਰ ਵਧ ਜਾਣ ਦਾ ਅਨੁਮਾਨ ਹੈ। ਖੇਤੀ ਯੂਨੀਵਰਸਿਟੀ ਦੇ ਸਰਵੇ ਅਨੁਸਾਰ 14667 ਕਿਸਾਨਾਂ ਅਤੇ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਨ੍ਹਾਂ ਵਿੱਚ 8294 (56.53 ਫੀਸਦ) ਕਿਸਾਨ ਅਤੇ 6373 (43.45 ਫੀਸਦ) ਖੇਤ ਮਜ਼ਦੂਰ ਹਨ। ਇਨ੍ਹਾਂ ਵਿੱਚ 87 ਫੀਸਦ ਕਿਸਾਨ ਅਤੇ 77 ਫੀਸਦ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਏ। ਸੀਮਾਂਤ ਅਤੇ ਛੋਟੇ ਕਿਸਾਨ ਤੇ ਖੇਤ ਮਜ਼ਦੂਰ ਜ਼ਿਆਦਾ ਪੀੜਤ ਦਿਖਾਈ ਦੇ ਰਹੇ ਹਨ। ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ। ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ 15 ਤੋਂ 30 ਸਾਲ ਦੇ ਉਮਰ ਵਰਗ ਦੇ ਕਿਸਾਨ 26.21 ਫੀਸਦ, ਮਜ਼ਦੂਰ 39.85 ਫੀਸਦ, 31 ਤੋਂ 45 ਸਾਲ ਦੇ ਉਮਰ ਵਰਗ ਵਿੱਚ ਕਿਸਾਨ 39.85 ਫੀਸਦ ਅਤੇ ਮਜ਼ਦੂਰ 39.38 ਫੀਸਦ ਭਾਵ 66 ਫੀਸਦ ਕਿਸਾਨ ਅਤੇ 79 ਫੀਸਦ ਮਜ਼ਦੂਰ ਸ਼ਾਮਿਲ ਹਨ। ਸਾਲ 2000 ਵਿੱਚ 887, 2008 ਵਿੱਚ 1133, 2010 ਵਿੱਚ 1035, 2011 ਵਿੱਚ 1000 ਅਤੇ 2015 ਵਿੱਚ 924 ਖ਼ੁਦਕੁਸ਼ੀਆਂ ਹੋਈਆਂ। ਖ਼ੁਦਕੁਸ਼ੀਆਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦਾ ਅਨੁਪਾਤ ਲਗਪਗ ਇੱਕੋ ਜਿੰਨਾ ਹੀ ਹੈ। ਜ਼ਿਲ੍ਹਾ ਵਾਰ ਦੇਖਿਆ ਜਾਵੇ ਤਾਂ ਸੰਗਰੂਰ ਵਿੱਚ ਸਾਲ 2000 ਤੋਂ 2015 ਤੱਕ ਸਭ ਤੋਂ ਜ਼ਿਆਦਾ 2173 ਕਿਸਾਨਾਂ ਅਤੇ 1645 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਮਾਨਸਾ ਦੂਸਰੇ ਨੰਬਰ ਉੱਤੇ ਹੈ। ਮਾਨਸਾ ਜ਼ਿਲ੍ਹੇ ਵਿੱਚ ਕੁੱਲ 3388 ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿੱਚ 1903 ਕਿਸਾਨ ਅਤੇ 1485 ਮਜ਼ਦੂਰ ਸ਼ਾਮਿਲ ਹਨ। ਤੀਸਰੇ ਨੰਬਰ ਉੱਤੇ ਬਠਿੰਡਾ ਹੈ ਜਿਸ ਵਿੱਚ 1728 ਕਿਸਾਨਾਂ ਅਤੇ 1366 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਬਰਨਾਲਾ ਜ਼ਿਲ੍ਹੇ ਵਿੱਚ 1014 ਕਿਸਾਨਾਂ ਅਤੇ 692 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਮੋਗਾ ਵਿੱਚ 816 ਕਿਸਾਨ ਅਤੇ 607 ਮਜ਼ਦੂਰ ਖ਼ੁਦਕੁਸ਼ੀ ਕਰ ਗਏ। ਲੁਧਿਆਣਾ ਵਿੱਚ ਕੁੱਲ੍ਹ 1238 ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿੱਚ 660 ਕਿਸਾਨ ਅਤੇ 578 ਮਜ਼ਦੂਰ ਸ਼ਾਮਲ ਹਨ।

ਅਰਥਸ਼ਾਸਤਰੀ ਪ੍ਰੋਫੈਸਰ ਸੁਖ਼ਪਾਲ ਸਿੰਘ ਦੀ ਅਗਵਾਈ ਵਿੱਚ ਕੀਤੇ ਇਸ ਸਰਵੇਖਣ ਮੁਤਾਬਿਕ ਕਰਜ਼ੇ ਦਾ ਕਾਰਨ ਉਤਪਾਦਨ ਲਾਗਤਾਂ ਵਧਣ ਕਾਰਨ ਖੇਤੀ ਲਾਹੇਵੰਦੀ ਨਾ ਰਹਿਣ ਨੂੰ ਮੰਨਿਆ ਗਿਆ ਹੈ। ਇਸ ਦਾ ਹੱਲ ਸੁਝਾਉਂਦਿਆਂ ਖੇਤੀ ਨੂੰ ਲਾਹੇਵੰਦਾ ਬਣਾਉਣ ਲਈ ਨੀਤੀਗਤ ਕਦਮਾਂ ਤੋਂ ਇਲਾਵਾ ਸੀਮਾਂਤ ਅਤੇ ਛੋਟੇ ਕਿਸਾਨਾਂ ਤੋਂ ਕਰਜ਼ਾ ਵਸੂਲੀ ਇੱਕ ਸਾਲ ਲਈ ਪਿੱਛੇ ਪਾ ਦੇਣ, ਮੌਜੂਦਾ ਕਰਜ਼ੇ ਨੂੰ ਲੰਬੇ ਸਮੇਂ ਵਿੱਚ ਤਬਦੀਲ ਕਰਨ, ਕੁਦਰਤੀ ਜਾਂ ਮਨੁੱਖੀ ਆਫ਼ਤਾਂ ਕਾਰਨ ਹੋਏ ਨੁਕਸਾਨ ਸਮੇਂ ਬਿਨਾਂ ਵਿਆਜ਼ ਕਰਜਾ ਦੇਣ, ਕਰਜ਼ਾ ਅਦਾ ਨਾ ਕੀਤੇ ਜਾ ਸਕਣ ਕਰਕੇ ਜ਼ਮੀਨ ਤੇ ਮਸ਼ੀਨਰੀ ਦੀ ਕੁਰਕੀ ਬੰਦ ਕਰਨ ਆਦਿ ਦੀ ਸਿਫਾਰਿਸ਼ ਕੀਤੀ ਗਈ ਹੈ।



### ਸਟੈਂਡਰਡ ਐਂਡ ਪੂਅਰ ਨੇ ਨਾ ਕੀਤੀਆਂ ਮੋਦੀ ਰਾਜ ਦੀਆਂ ਸਿਫ਼ਤਾਂ

#### *ਨਿਵੇਸ਼ ਦੇ ਮਾਮਲੇ 'ਚ ਵਧਾਈ ਭਾਰਤ ਦੀ ਦਰਜਾਬੰਦੀ 'ਚ ਨਹੀਂ ਕੋਈ ਸੁਧਾਰ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਮੂਡੀਜ਼ ਵੱਲੋਂ ਭਾਰਤ ਦੀ ਨਿਵੇਸ਼ ਦਰਜਾਬੰਦੀ ਵਧਾਉਣ ਤੋਂ ਬਾਅਦ ਇਕ ਹੋਰ ਦਰਜਾਬੰਦੀ ਏਜੰਸੀ 'ਸਟੈਂਡਰਡ ਤੇ ਪੂਅਰਜ਼' (ਐਸਐਂਡਪੀ) ਨੇ ਇਸੇ ਰਾਹ ਚੱਲਣ ਤੋਂ ਇਨਕਾਰ ਕਰ ਦਿੱਤਾ। ਇਸ ਏਜੰਸੀ ਨੇ ਸਰਕਾਰ ਦਾ ਕਰਜ਼ੇ ਵੱਧ ਹੋਣ ਅਤੇ ਆਮਦਨ ਘੱਟ ਹੋਣ ਦਾ ਹਵਾਲਾ ਦਿੰਦਿਆਂ ਸਭ ਤੋਂ ਘੱਟ ਨਿਵੇਸ਼ ਦਰਜਾ 'ਬੀਬੀਬੀ-ਮਨਫ਼ੀ' ਬਰਕਰਾਰ ਰੱਖਿਆ ਹੈ। ਹਾਲਾਂਕਿ ਐਸਐਂਡਪੀ ਨੇ ਭਾਰਤ ਬਾਰੇ ਨਿਵੇਸ਼ ਦ੍ਰਿਸ਼ਟੀਕੋਣ 'ਨਾਂਹਪੱਖੀ' ਤੋਂ ਬਦਲ 'ਸਥਿਰ' ਕਰ ਦਿੱਤਾ। ਮੂਡੀਜ਼ ਤੋਂ ਬਾਅਦ ਹੋਰ ਏਜੰਸੀਆਂ ਵੱਲੋਂ ਭਾਰਤ ਦਾ ਦਰਜਾ ਵਧਾਉਣ ਪ੍ਰਤੀ ਆਸਵੰਦ ਸਰਕਾਰ ਨੇ ਇਸ ਕਦਮ ਨੂੰ 'ਨਾਜਾਇਜ਼' ਦੱਸਿਆ। ਸਰਕਾਰ ਨੇ ਐਸਐਂਡਪੀ ਨੂੰ 'ਰੂੜੀਵਾਦੀ' ਦਰਜਾਬੰਦੀ ਏਜੰਸੀ ਗਰਦਾਨਿਆ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਪੀਸੀਐੱਸ ਸ਼ਿਕਾਗੋ ਨੇ 84ਵੀਂ ਮੈਕਡੋਨਲ ਥੈਂਕਸ ਗਿਵਿੰਗ ਪਰੇਡ 'ਚ ਹਿੱਸਾ ਲਿਆ








**ਸ਼ਿਕਾਗੋ/ਬਿਊਰੋ ਨਿਊਜ਼:** ਪੰਜਾਬੀ ਕਲਚਰਲ ਸੋਸਾਇਟੀ ਸ਼ਿਕਾਗੋ (ਪੀ ਸੀ ਐਸ) ਨੇ ਆਪਣੀ ਪਿਛਲੀ ਰਵਾਇਤ ਜਾਰੀ ਰਖਦਿਆਂ, 23 ਨਵੰਬਰ ਨੂੰ ਸ਼ਿਕਾਗੋ 'ਚ ਹੋਈ 84ਵੀਂ ਮੈਕਡੋਨਲ ਥੈਂਕਸ ਗਿਵਿੰਗ ਪਰੇਡ ਵਿਚ ਆਪਣੇ ਰਵਾਇਤੀ ਤਰੀਕੇ ਨਾਲ ਸ਼ਿਰਕਤ ਕੀਤੀ ਅਤੇ ਸ਼ਹਿਰ ਦੀ ਸਭ ਤੋਂ ਸ਼ਾਨਦਾਰ ਅਤੇ ਵੱਡੀ ਪਰੇਡ ਦਾ ਹਿੱਸਾ ਬਣੀ।

ਕਾਂਗਰਸ ਤੇ ਰੈਨੋਂਡਲਫ ਤੱਕ ਹੋਈ ਇਸ ਪਰੇਡ ਵਿਚ ਕੋਈ 5000 ਪੇਸ਼ਕਾਰਾਂ, ਬੈਂਡ ਪਾਰਟੀਆਂ ਅਤੇ ਕਮਿਊਨਿਟੀ ਆਗੂਆਂ ਨੇ ਹਿੱਸਾ ਲਿਆ। ਇਹ ਪਰੇਡ ਸਵੇਰੇ 8 ਵਜੇ ਸ਼ੁਰੂ ਹੋਈ। ਇਸ ਪਰੇਡ ਵਿਚ ਸ਼ਿਕਾਗੋ ਰੈਪਰ ਟਵਿਸਟਾ, ਮਿਸ ਇਲੀਨੋਇ ਐਬੀ ਫੋਸਟਰ, ਮੰਨੇ ਪ੍ਰਮੰਨੇ ਸ਼ੈਫ ਗ੍ਰਾਹਮ ਈਲੀਅਟ ਅਤੇ ਹੋਰ ਉਘੀਆਂ ਹਸਤੀਆਂ ਸ਼ਾਮਲ ਹੋਈਆਂ ਇਸ ਸਾਲ ਦੇ ਗਰੈਂਡ ਮਾਰਸ਼ਲ ਰੇਨਾਲਡ ਮੈਕਡੋਨਲ ਸਨ। ਮੈਕਡੋਨਲ ਥੈਂਕਸ ਗਿਵਿੰਗ ਪਰੇਡ 84 ਸਾਲ ਤੋਂ ਹੋ ਰਹੀ ਹੈ। ਪੰਜਾਬੀ ਕਲਚਰਲ ਸੋਸਾਇਟੀ ਸ਼ਿਕਾਗੋ 2005 ਤੋਂ ਇਸ ਸ਼ਾਨਦਾਰ ਪਰੇਡ ਵਿਚ ਹਿੱਸਾ ਲੈ ਰਹੀ ਹੈ। ਇਹ ਸਿੱਖ ਭਾਈਚਾਰੇ ਨੂੰ ਮੁੱਖ ਧਾਰਾ ਵਿਚ ਆਪਣਾ ਸਥਾਨ ਬਣਾਉਣ ਲਈ ਵਧੀਆ ਮੌਕਾ ਹੈ ਅਤੇ ਅਮਰੀਕੀ ਉਤਸਵਾਂ ਵਿਚ ਸਾਡੀ ਸ਼ਮੂਲੀਅਤ ਲਈ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਪਰੇਡ ਵਿਚ ਇਸ ਵਾਰ ਪੀ ਸੀ ਐਸ ਦਾ ਕੇਂਦਰੀ ਵਿਸ਼ਾ (ਥੀਮ) ਮਹਾਰਾਜ ਦਾ ਵਿਆਹ (ਬਰਾਤ) ਸੀ ਜਿਸ ਵਿਚ ਪੰਜਾਬੀ ਪੁਸ਼ਾਕਾਂ ਵਿਚ ਲਾੜਾ ਅਤੇ ਲਾੜੀ ਸੁਭਾਇਮਾਨ ਸਨ। ਢੋਲ ਦੀ ਤਾਲ ਤੇ ਬਰਾਤੀ ਭੰਗੜਾ ਪਾ ਰਹੇ ਸਨ।

ਪੀ ਸੀ ਐਸ ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਨੇ ਕਿਹਾ ਕਿ ਪੀ ਸੀ ਐਸ ਦੇ ਫਲੋਟ ਦਾ ਦਰਸ਼ਕਾਂ ਉਪਰ ਬਹੁਤ ਗੂੜ੍ਹਾ ਪ੍ਰਭਾਵ ਪਿਆ। ਕੇਵਿਨ ਅਟਵਾਲ ਅਤੇ ਅਜੇ ਰੰਧਾਵਾ ਨੇ ਢੋਲ ਵਾਦਕ ਕੀਤਾ। ਯੂ ਓ ਸੀ ਭੰਗੜਾ ਟੀਮ ਨੇ ਆਪਣੇ ਲੋਕ ਨਾਚ ਦੇ ਜੌਹਰ ਵਿਖਾਏ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਨਿਊਯਾਰਕ 'ਚ ਭਰਵਾਂ ਸਵਾਗਤ ਤੇ ਸਨਮਾਨ

## ਜਰਨੈਲ ਸਿੰਘ ਗਿਲਜ਼ੀਆਂ ਤੇ ਹੋਰਨਾਂ ਅਕਾਲੀ ਆਗੂਆਂ ਵੱਲੋਂ ਰਿਚੀਰਿਚ ਪੈਲਸ ਵਿਖੇ ਸਮਾਗਮ, ਸੀਨੀਅਰ ਅਕਾਲੀ ਆਗੂ ਖਟੜਾ ਤੇ ਯੂਥ ਆਗੂ ਬਲਵਿੰਦਰ ਸਿੰਘ ਨਵਾਂ ਸ਼ਹਿਰ ਵੀ ਪਹੁੰਚੇ

**ਨਿਊਯਾਰਕ/ਹੁਸਨ ਲੌੜਆ ਬੰਗਾ:** ਅਮਰੀਕਾ ਦੌਰੇ 'ਤੇ ਆਏ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਰਿਚਮੰਡ ਹਿੱਲ ਵਿਖੇ ਰਿਚੀਰਿਚ ਪੈਲਸ ਪਹੁੰਚਣ 'ਤੇ ਜਰਨੈਲ ਸਿੰਘ ਗਿਲਜ਼ੀਆਂ ਤੇ ਹੋਰ ਅਕਾਲੀ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਜੀ.ਕੇ. ਦੇ ਭਰਾ ਇੰਦਰਜੀਤ ਸਿੰਘ ਜੋ ਕਿ ਇਥੇ ਹੀ ਰਹਿੰਦੇ ਹਨ ਵੀ ਹਾਜ਼ਰ ਸਨ। ਮਨਜੀਤ ਸਿੰਘ ਜੀ.ਕੇ. ਜਰਨੈਲ ਸਿੰਘ ਗਿਲਜ਼ੀਆਂ ਦੇ ਸੱਦੇ 'ਤੇ ਪਹੁੰਚੇ ਸਨ। ਇਸ ਮੌਕੇ ਹੋਰਨਾਂ ਤੋਂ



ਇਲਾਵਾ ਬਲਕਾਰ ਸਿੰਘ ਸੱਲਾਂ, ਰਣਜੀਤ ਸਿੰਘ ਸੰਗੋਜਲਾ, ਗੁਰਮੇਲ ਸਿੰਘ ਗਿਲਜ਼ੀਆਂ, ਜਰਨੈਲ ਸਿੰਘ, ਹਰਬੰਸ ਸਿੰਘ ਢਿੱਲੋਂ, ਜਸਮੇਲ ਸਿੰਘ ਬਰਾਲਾ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਮਨਜੀਤ ਸਿੰਘ ਜੀ.ਕੇ. ਨੇ ਇੱਥੇ ਇਕੱਤਰਤਾ ਦੌਰਾਨ ਦਿੱਲੀ ਵਿਚ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਬਾਰੇ ਜਾਣਕਾਰੀ ਦਿੰਦਿਆਂ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਵੀ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਕੋਲ ਪਹੁੰਚ ਵੀ ਕਰ ਰਹੇ ਹਨ। ਜਰਨੈਲ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਦਿੱਲੀ ਵਿਚ ਗੁਰੂ ਘਰਾਂ ਦੇ ਪ੍ਰਬੰਧ ਤੋਂ ਇਲਾਵਾ ਸਮੇਂ-ਸਮੇਂ 'ਤੇ ਸਿੱਖੀ 'ਤੇ ਹੋ ਰਹੇ ਹਮਲਿਆਂ ਦਾ ਡਟ ਕੇ ਵਿਰੋਧ ਕਰਦੇ ਹਨ ਤੇ ਸਾਨੂੰ ਸਭ ਨੂੰ ਪੰਥਕ ਮਸਲਿਆਂ ਤੇ ਇਕਜੁੱਟ ਹੋ ਕੇ ਰਹਿਣਾ ਚਾਹੀਦਾ ਹੈ ਭਾਵੇਂ ਉਹ ਪਾਰਟੀ ਦਾ ਮਸਲਾ ਹੋਵੇ, ਭਾਵੇਂ ਕੋਈ ਧਾਰਮਿਕ ਜਾਂ ਪਰਿਵਾਰਕ ਮਸਲਾ ਹੋਵੇ। ਉਨ੍ਹਾਂ ਕਿਹਾ ਕਿ ਆਪਸੀ ਇਕਜੁੱਟਤਾ ਹੀ ਚੰਗੇ ਸਮਾਜ ਦਾ ਨਿਰਮਾਣ ਕਰਦੀ ਹੈ। ਇਸ ਮੌਕੇ ਸ. ਜੀ.ਕੇ. ਨੇ ਆਪਣਾ ਪੰਜਾਬ ਦੇ ਮੁੱਖ ਸੰਪਾਦਕ ਗੁਰਮੀਤ ਸਿੰਘ ਨਾਲ ਸੰਖੇਪ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿਆਊ ਮਾਮਲੇ ਦੀ ਤਰ੍ਹਾਂ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੇ ਮਾਮਲੇ ਨੂੰ ਵੀ ਪੂਰੇ ਜ਼ੋਰ ਸ਼ੋਰ ਨਾਲ ਉਠਾਉਣਗੇ। ਉਹ ਅਮਰੀਕਾ ਵਿਚ ਵੀ ਸਿੱਖੀ ਨੂੰ ਹੋਰ ਪ੍ਰਫੁਲਿਤ ਕਰਨ ਲਈ ਸਮੇਂ ਸਮੇਂ 'ਤੇ ਫੇਰੀ ਲਾਉਂਦੇ ਹਨ ਅਤੇ ਯੋਗਦਾਨ ਪਾਉਂਦੇ ਹਨ। ਆਖਰ ਵਿਚ ਅਕਾਲੀ ਆਗੂ ਜਰਨੈਲ ਸਿੰਘ ਗਿਲਜ਼ੀਆਂ ਵੱਲੋਂ ਮਨਜੀਤ ਸਿੰਘ ਜੀ.ਕੇ. ਦਾ ਰਿਚੀਰਿਚ ਪੈਲਸ ਵਿਖੇ ਆਉਣ 'ਤੇ ਧੰਨਵਾਦ ਤੇ ਸਨਮਾਨ ਕੀਤਾ ਗਿਆ।







ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Watch Your Favorite Channel
FREE PREVIEW
jus
punjabi
AJJ DA
MUDDA
Daily Dose
KHIDI
DUPEHAR
PRIME TIME
NEWS
Kitty Party
Sadde
Jalwe
AMERICAN
VISION
FIRELINE
Itihaas
De
Panne
The 1st American-Punjabi Television Channel
WATCH jus punjabi ON CHANNEL 736 ON
dish
sling
TELEVISION
for advertisement & more information call: +1-718-752-9290 x 202
www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

## ਭਾਈ ਜਸਵੰਤ ਸਿੰਘ ਤੇ ਬਾਬਾ ਬਲਬੀਰ ਸਿੰਘ ਦਾ 'ਸ਼੍ਰੋਮਣੀ ਸੇਵਾ ਰਤਨ' ਦੀ ਉਪਾਧੀ ਨਾਲ ਸਨਮਾਨ



**ਅੰਮ੍ਰਿਤਸਰ/ਬਿਊਰੋ ਨਿਊਜ਼:** ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੂੰ ਪੰਥਕ ਸੇਵਾਵਾਂ ਲਈ ਅਕਾਲ ਤਖ਼ਤ ਤੋਂ 'ਸ਼੍ਰੋਮਣੀ ਰਾਗੀ' ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੂੰ 'ਸ਼੍ਰੋਮਣੀ ਸੇਵਾ ਰਤਨ' ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਦੇਣ ਦਾ ਫ਼ੈਸਲਾ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਸੀ, ਜਿਸ ਲਈ ਅੱਜ ਅਕਾਲ ਤਖ਼ਤ ਵਿਖੇ ਵਿਸ਼ੇਸ਼ ਸਮਾਗਮ ਕਰਾਇਆ ਗਿਆ। ਇਸ ਮੌਕੇ ਗੁਰਬਾਣੀ ਕੀਰਤਨ ਮਗਰੋਂ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਰਦਾਸ ਕੀਤੀ। ਇਸ ਤੋਂ ਬਾਅਦ ਪੁਰਾਤਨ ਪ੍ਰੰਪਰਾ ਅਨੁਸਾਰ ਭਾਈ ਜਸਵੰਤ ਸਿੰਘ ਤੇ ਬਾਬਾ ਬਲਬੀਰ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਤੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਭਾਗ ਸਿੰਘ ਵੱਲੋਂ ਸਨਮਾਨ ਦਿੱਤੇ ਗਏ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਿਨ੍ਹਾਂ ਦੀ ਸਿੱਖ ਪੰਥ ਨੂੰ ਕੋਈ ਖ਼ਾਸ ਦੇਣ ਹੋਵੇ, ਉਨ੍ਹਾਂ ਨੂੰ ਅਕਾਲ ਤਖ਼ਤ ਤੋਂ ਸਨਮਾਨ ਦੇਣ ਦੀ ਰਵਾਇਤ ਹੈ। ਇਸੇ ਤਹਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੂੰ ਸ਼੍ਰੋਮਣੀ ਰਾਗੀ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੂੰ ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ ਦਿੱਤੀ ਗਈ ਹੈ। ਅਕਾਲੀ ਆਗੂ ਗੁਰਸੇਵਕ ਸਿੰਘ ਜਵਾਹਰਕੇ ਨੇ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਨੂੰ ਸਨਮਾਨੇ ਜਾਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਇਹ ਇਤਰਾਜ਼ ਦਰਸ਼ਨੀ ਡਿਓਢੀ ਦੀ ਕਾਰ ਸੇਵਾ ਸ਼ੁਰੂ ਹੋਣ ਵੇਲੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਮਣੇ ਵੀ ਪ੍ਰਗਟਾਇਆ। ਉਨ੍ਹਾਂ ਆਖਿਆ ਕਿ ਇਸ ਜਥੇਬੰਦੀ ਦੇ ਮੁਖੀ ਬਾਬਾ ਸੰਤਾ ਸਿੰਘ ਨੂੰ ਪੰਥ ਵਿੱਚੋਂ ਛੇਕਿਆ ਗਿਆ ਸੀ। ਉਸ ਨੇ ਕਾਂਗਰਸ ਵੱਲੋਂ ਢਹਿ-ਢੇਰੀ ਕੀਤੇ ਅਕਾਲ ਤਖ਼ਤ ਦੀ ਇਮਾਰਤ ਦੀ ਉਸਾਰੀ ਕਾਂਗਰਸ ਦੀ ਸ਼ਹਿ 'ਤੇ ਕਰਾਈ ਸੀ।

# ਕਿੱਥੇ ਗਿਆ ਰਾਸ਼ਟਰੀ ਸਿੱਖ ਸੰਗਤ ਵਲੋਂ ਜਥੇਦਾਰਾਂ ਨੂੰ ਭੇਜਿਆ ਸਪੱਸ਼ਟੀਕਰਨ ? ਜਾਂ ਇਹ ਸਿਰਫ ਇਕ ਛਲਾਵਾ ਮਾਤਰ ਸੀ ?

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਦਸਮ ਪਾਤਸ਼ਾਹ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਖੇ ਮਨਾਏ ਗਏ ਇੱਕ ਸਮਾਗਮ ਨੂੰ ਲੈਕੇ ਰਾਸ਼ਟਰੀ ਸਿੱਖ ਸੰਗਤ ਵਲੋਂ ਗਿਆਨੀ ਗੁਰਬਚਨ ਸਿੰਘ ਸਮੇਤ ਬਾਕੀ ਤਖਤਾਂ ਦੇ ਜਥੇਦਾਰਾਂ ਨੂੰ ਭੇਜਿਆ ਸਪੱਸ਼ਟੀਕਰਨ, 14 ਦਿਨ ਬੀਤ ਜਾਣ 'ਤੇ ਵੀ ਆਪਣੀ ਮੰਜ਼ਿਲ 'ਤੇ ਨਹੀਂ ਪੁੱਜ ਸਕਿਆ। ਕੀ ਸਪੱਸ਼ਟੀਕਰਨ ਭੇਜੇ ਜਾਣ ਦਾ ਪ੍ਰਚਾਰ, ਜਥੇਦਾਰਾਂ ਵਲੋਂ ਦਸਮੇਸ਼ ਪਿਤਾ ਦੇ ਪ੍ਰਕਾਸ਼ ਦਿਹਾੜੇ ਸਬੰਧੀ ਪਾਈ ਜਾਣ ਵਾਲੀ ਦੁਵਿਧਾ ਦੇ ਪ੍ਰਭਾਵ ਨੂੰ ਘਟਾਉਣ ਦੀ ਸਾਜਿਸ਼ ਦਾ ਹਿੱਸਾ ਸੀ ?

ਜ਼ਿਕਰਯੋਗ ਹੈ ਕਿ ਤਾਲਕਟੋਰਾ ਸਟੇਡੀਅਮ ਵਿਖੇ 25 ਅਕਤੂਬਰ ਨੂੰ ਰਾਸ਼ਟਰੀ ਸਿੱਖ ਸੰਗਤ ਵਲੋਂ ਕਰਵਾਏ ਗਏ ਸਮਾਗਮ ਵਿੱਚ ਸਿੱਖ ਸਰੂਪ ਵਾਲੇ ਚਿਹਰਿਆਂ ਦੀ ਸ਼ਮੂਲੀਅਤ ਪ੍ਰਤੀ ਸਿੱਖ ਸੰਗਤਾਂ ਵਿੱਚ ਕਾਫੀ ਰੋਸ ਪੈਦਾ ਹੋਇਆ ਸੀ। ਬਾਰ-ਬਾਰ ਦੁਹਰਾਇਆ ਗਿਆ ਸੀ ਕਿ ਰਾਸ਼ਟਰੀ ਸਿੱਖ ਸੰਗਤ ਨਾਲ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਸਾਂਝ ਪ੍ਰਤੀ, ਸਿੱਖ ਸੰਗਤ ਨੂੰ ਸਾਲ 2004 ਵਿੱਚ ਹੀ ਇਕ ਹੁਕਮਨਾਮੇ ਰਾਹੀਂ ਵਰਜਿਆ ਹੋਇਆ ਹੈ। ਸੰਗਤੀ ਰੋਸ ਦੇ ਚਲਦਿਆਂ ਗਿਆਨੀ ਗੁਰਬਚਨ ਸਿੰਘ ਨੇ ਵੀ ਇਹ ਸਪੱਸ਼ਟ ਕੀਤਾ ਸੀ ਕਿ ਸਾਲ 2004 ਦਾ ਹੁਕਮਨਾਮਾ ਜਿਉਂ ਦਾ ਤਿਉਂ ਬਰਕਰਾਰ ਹੈ। ਉਧਰ ਸਿੱਖ ਕੌਮ ਨੂੰ ਦਰਪੇਸ਼ ਮਸਲਿਆਂ 'ਤੇ ਵਿਚਾਰ ਬਾਰੇ ਗਿਆਨੀ ਗੁਰਬਚਨ ਸਿੰਘ ਨੇ 13 ਨਵੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਜਥੇਦਾਰਾਂ ਦੀ ਇੱਕਤਰਤਾ ਬੁਲਾ ਲਈ।

ਹਰ ਪੰਥ ਦਰਦੀ ਦਾ ਧਿਆਨ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸਿੱਖਾਂ ਬਾਰੇ ਜਥੇਦਾਰਾਂ ਵਲੋਂ ਕੋਈ ਕਾਰਵਾਈ ਕੀਤੇ ਜਾਣ ਦੀ ਆਸ ਲਗਾਈ ਜਾ ਰਹੀ ਸੀ। ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 25 ਦਸੰਬਰ ਨੂੰ ਮਨਾਏ ਜਾਣ ਬਾਰੇ ਸ਼੍ਰੋਮਣੀ ਕਮੇਟੀ ਦੇ ਮਾਰਚ 2017 ਵਿੱਚ ਜਾਰੀ ਕੀਤੇ ਕੈਲੰਡਰ ਅਤੇ ਜੰਤਰੀ ਵਿੱਚ ਪਹਿਲਾਂ ਤੋਂ ਹੀ 25 ਦਸੰਬਰ 2017 ਲਈ ਤੈਅ ਸਨ। ਇਸਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਨੇ ਪਟਿਆਲਾ ਵਿਖੇ 6 ਨਵੰਬਰ ਨੂੰ ਕੀਤੀ ਇਕੱਤਰਤਾ ਵਿਚ ਫੈਸਲਾ ਲੈ ਲਿਆ ਸੀ ਕਿ ਗੁਰਪੁਰਬ 25 ਦਸੰਬਰ ਦੀ ਬਜਾਏ 5 ਜਨਵਰੀ 2018 ਨੂੰ ਮਨਾਇਆ ਜਾਵੇ। 6 ਨਵੰਬਰ 2017 ਤੀਕ ਜਥੇਦਾਰਾਂ ਵਲੋਂ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 25 ਦਸੰਬਰ ਨੂੰ ਹੀ ਮਨਾਏ ਜਾਣ ਬਾਰੇ ਫੈਸਲਾ ਲਏ ਜਾਣ ਬਾਰੇ ਕੋਈ ਕਨਸੋਅ ਨਹੀਂ ਸੀ।



ਡਾ. ਅਵਤਾਰ ਸਿੰਘ ਸ਼ਾਸਤਰੀ



ਸ਼੍ਰੋਮਣੀ ਕਮੇਟੀ ਵਲੋਂ ਥਾਪੇ ਜਥੇਦਾਰ।

9 ਨਵੰਬਰ 2017 ਨੂੰ ਅਚਨਚੇਤ ਹੀ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਗੁਰਚਰਨ ਸਿੰਘ ਗਿੱਲ ਦੇ ਦਸਤਖਤਾਂ ਹੇਠ ਇੱਕ ਪੱਤਰ ਮੀਡੀਆ ਨੂੰ ਜਾਰੀ ਕੀਤਾ ਗਿਆ ਜੋ ਕਿ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਗਏ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੰਬੋਧਿਤ ਸੀ ਅਤੇ ਇਸ ਸਪੱਸ਼ਟੀਕਰਨ ਰੂਪੀ ਪੱਤਰ ਦੀ ਨਕਲ ਬਾਕੀ ਚਾਰ ਤਖਤਾਂ ਦੇ ਜਥੇਦਾਰਾਂ ਨੂੰ ਭੇਜੇ ਜਾਣ ਦਾ ਜ਼ਿਕਰ ਸੀ। ਰਾਸ਼ਟਰੀ ਸਿੱਖ ਸੰਗਤ ਵਲੋਂ 25 ਅਕਤੂਬਰ ਦੇ ਸਮਾਗਮ ਬਾਰੇ ਭੇਜੇ ਇਸ ਸਪੱਸ਼ਟੀਕਰਨ ਬਾਰੇ ਖਬਰਾਂ ਛਪਦਿਆਂ ਹੀ ਹਰ ਜਾਗਰੂਕ ਸਿੱਖ ਦਾ ਧਿਆਨ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ, ਭੇਜੇ ਸਪੱਸ਼ਟੀਕਰਨ ਜਾਂ ਜਥੇਦਾਰਾਂ ਵਲੋਂ ਇਸ ਬਾਰੇ ਕੋਈ ਫੈਸਲਾ ਲਏ ਜਾਣ 'ਤੇ ਕੇਂਦਰਿਤ ਹੋ ਕੇ ਰਹਿ ਗਿਆ।

13 ਨਵੰਬਰ ਨੂੰ ਜਥੇਦਾਰਾਂ ਦੀ ਇਕੱਤਰਤਾ ਵਿੱਚ ਇਸ ਪੱਤਰ ਬਾਰੇ ਕੋਈ ਜ਼ਿਕਰ ਨਾ ਹੋਇਆ ਤੇ ਗੁਰਪੁਰਬ 25 ਦਸੰਬਰ ਨੂੰ ਮਨਾਏ ਜਾਣ ਦਾ ਹੁਕਮ ਸੁਣਾ ਦਿੱਤਾ ਗਿਆ। ਜਥੇਦਾਰਾਂ ਦੇ ਇਸ ਫੈਸਲੇ ਨੂੰ ਲੈਕੇ ਪੰਥਕ ਰੋਹ ਤੇ ਰੋਸ ਅਜੇ ਤੀਕ ਥੰਮ ਨਹੀਂ ਸਕਿਆ ਬਲਕਿ ਹੋਰ ਤੇਜ਼ ਹੋ ਰਿਹਾ ਹੈ ਤੇ ਦਿੱਲੀ ਵਿਖੇ ਰਾਸ਼ਟਰੀ ਸਿੱਖ ਸੰਗਤ ਦੇ ਸਮਾਗਮ ਪ੍ਰਤੀ ਉਠਿਆ ਵਾਵੇਲਾ ਠੰਡੇ ਬਸਤੇ ਪੈ ਗਿਆ।

ਇੱਧਰ ਗਿਆਨੀ ਗੁਰਬਚਨ ਸਿੰਘ ਸਮੇਤ ਬਾਕੀ ਤਖਤਾਂ ਦੇ ਜਥੇਦਾਰ ਰਾਸ਼ਟਰੀ ਸਿੱਖ ਸੰਗਤ ਵਲੋਂ ਕਿਸੇ ਵੀ ਤਰ੍ਹਾਂ ਦੀ ਚਿੱਠੀ ਦੇ ਮਿਲਣ ਤੋਂ ਇਨਕਾਰ ਕਰਦੇ ਰਹੇ। 20 ਨਵੰਬਰ ਨੂੰ ਜਦੋਂ ਰਾਸ਼ਟਰੀ ਸਿੱਖ ਸੰਗਤ ਦੇ ਮੀਡੀਆ ਇੰਚਾਰਜ ਅਵਤਾਰ ਸਿੰਘ ਸ਼ਾਸਤਰੀ ਨਾਲ ਰਾਬਤਾ ਕਰਕੇ, 9 ਨਵੰਬਰ ਨੂੰ ਭੇਜੇ ਸਪੱਸ਼ਟੀਕਰਨ ਬਾਰੇ ਪੁਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ 'ਅਸੀਂ ਤਾਂ ਡਾਕ ਰਾਹੀਂ ਭੇਜਿਆ ਸੀ। ਜੇ ਨਹੀਂ ਮਿਲਿਆ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਈ.ਮੇਲ ਲਿਖਵਾ ਦਿਓ ਉਸਤੇ ਭੇਜ ਦਿੱਤਾ ਜਾਵੇਗਾ।' ਸ਼ਾਸਤਰੀ ਵਲੋਂ ਦਿੱਤੇ ਜਵਾਬ ਤੋਂ ਹੀ ਸਪੱਸ਼ਟ ਹੋ ਰਿਹਾ ਸੀ ਕਿ ਸੰਸਥਾ ਨੇ ਸਪੱਸ਼ਟੀਕਰਨ ਭੇਜਣ ਦਾ ਨਾਟਕ ਹੀ ਕੀਤਾ ਹੈ। ਉਸਨੇ ਮੀਡੀਆ ਰਾਹੀਂ ਇਹ ਸੰਕੇਤ ਸਿੱਖ ਸੰਗਤਾਂ ਨੂੰ ਦੇਕੇ ਉਨ੍ਹਾਂ ਦਾ ਧਿਆਨ ਅਸਲ ਮੁਦੇ ਤੋਂ ਹਟਾਉਣ ਦੀ ਚਾਲ ਖੇਡੀ ਸੀ।

ਦਸਮੇਸ਼ ਪਿਤਾ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 25 ਦਸੰਬਰ ਤੋਂ ਬਦਲਕੇ ਕਿਸੇ ਹੋਰ ਤਾਰੀਖ ਨੂੰ ਕੀਤੇ ਜਾਣ ਬਾਰੇ ਗਿਆਨੀ ਗੁਰਬਚਨ ਸਿੰਘ ਵਲੋਂ ਲਿਖੀ ਚਿੱਠੀ, ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਵਲੋਂ ਗੁਰਪੁਰਬ 5 ਜਨਵਰੀ ਨੂੰ ਮਨਾਏ ਜਾਣ ਦੇ ਪਾਸ ਮਤੇ ਦੇ ਬਾਵਜੂਦ "ਜਥੇਦਾਰਾਂ" ਵਲੋਂ ਇਹ ਦਿਹਾੜਾ 25 ਦਸੰਬਰ ਨੂੰ ਮਨਾਏ ਜਾਣ ਦੇ ਆਦੇਸ਼ ਦੇ ਦਿੱਤੇ ਗਏ। ਪੰਥਕ ਹਲਕਿਆਂ ਨੇ ਪਹਿਲਾਂ ਹੀ ਇਹ ਸ਼ੰਕਾ ਪ੍ਰਗਟਾਈ ਸੀ ਕਿ ਜੇਕਰ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 5 ਜਨਵਰੀ ਨੂੰ ਮਨਾਏ ਜਾਣ ਬਾਰੇ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਸਹਿਮਤ ਸਨ ਤਾਂ ਉਸ ਫੈਸਲੇ ਨੂੰ ਸਾਬੋਤਾਜ ਕਰਨ ਵਾਲੀ ਤੀਸਰੀ ਧਿਰ ਕਿਹੜੀ ਸੀ ?

# ਗੁਰਦੁਆਰਿਆਂ ਵਿੱਚ ਭਾਰੂ ਹੋਇਆ ਪ੍ਰਬੰਧਕੀ ਆਤੰਕ

**ਬਲਕਾਰ ਸਿੰਘ**
(ਪ੍ਰੋ.) ਸੰਪਰਕ : 93163-01328



ਇਸੇ ਮਹੀਨੇ ਮੈਂ ਆਪਣੇ ਇੱਕ ਮਿੱਤਰ ਦੀ ਪਤਨੀ ਦੇ ਭੋਗ 'ਤੇ ਸਿੰਘ ਸਭਾ ਗੁਰਦੁਆਰਾ ਮਾਲ ਰੋਡ ਪਟਿਆਲਾ ਗਿਆ ਤਾਂ ਵੇਖਿਆ ਕਿ ਵੱਡੀ ਗਿਣਤੀ 70ਵਿਆਂ ਤੋਂ ਟੱਪਿਆਂ ਹੋਇਆਂ ਦੀ ਸੀ। ਮੇਰਾ ਮਿੱਤਰ ਆਪ ਲਕਵੇ ਦਾ ਝੰਬਿਆ ਹੋਇਆ ਹੈ ਅਤੇ ਬਾਹਰ ਹੀ ਕੁਰਸੀ 'ਤੇ ਬੈਠਾ ਆਉਣ ਵਾਲਿਆਂ ਨੂੰ ਮਿਲ ਰਿਹਾ ਸੀ। ਉਸ ਨੂੰ ਤੁਰਨ ਵਾਸਤੇ ਇੱਕ ਬੰਦੇ ਦਾ ਸਹਾਰਾ ਲੈਣਾ ਪੈਂਦਾ ਹੈ। ਮੈਂ ਵੀ ਮੱਥਾ ਟੇਕ ਕੇ ਉਸ ਕੋਲ ਹੀ ਆ ਗਿਆ। ਉਸ ਦੇ ਧੀ-ਜਵਾਈ ਅਤੇ ਨੂੰਹ-ਪੁੱਤ ਕੈਨੇਡਾ ਤੋਂ ਉਚੇਚੇ ਆਏ ਹੋਏ ਸਨ ਅਤੇ ਸਾਰੇ ਪ੍ਰਬੰਧ ਦੀ ਦੇਖ ਭਾਲ ਕਰ ਰਹੇ ਸਨ। ਚਾਹ ਪਾਣੀ ਅਤੇ ਕੁਰਸੀਆਂ ਦਾ ਸ਼ਾਮਿਆਨੇ ਸਮੇਤ ਚੰਗਾ ਪ੍ਰਬੰਧ ਸੀ ਅਤੇ ਜੋ ਥੱਲੇ ਨਹੀਂ ਬੈਠ ਸਕਦੇ ਸਨ, ਉਹ ਬਾਹਰ ਹੀ ਬੈਠੇ ਹੋਏ ਸਨ। ਭੋਗ ਪੈਣ ਦੇ ਨੇੜੇ ਪ੍ਰੋ. ਸਿੱਧੂ ਨੂੰ ਪੁੱਛਿਆ ਗਿਆ ਕਿ ਉਹ ਅਰਦਾਸ ਮੌਕੇ ਅੰਦਰ ਜਾਣਾ ਚਾਹੁੰਦੇ ਹਨ ? ਉਸ ਦਾ ਉੱਤਰ ਸੀ ਕਿ ਗੁਰੂ ਕੋਲ ਹਾਜ਼ਰੀ ਤਾਂ ਲੁਆਉਣੀ ਹੀ ਹੈ ਕਿਉਂਕਿ ਉਸੇ ਦੇ ਆਸਰੇ ਤਾਂ ਤੁਰੇ ਫਿਰਦੇ ਹਾਂ। ਮੈਨੂੰ ਉਸ ਦਾ ਜਜ਼ਬਾ ਬੜਾ ਚੰਗਾ ਲੱਗਿਆ। ਉਸ ਤੋਂ ਪਹਿਲਾਂ ਮੇਰੇ ਵਰਗਾ ਇੱਕ ਹੋਰ ਮੈਨੂੰ ਕਹਿ ਚੁੱਕਾ ਸੀ ਕਿ ਮੈਂ ਮੱਥਾ ਟੇਕ ਕੇ ਸਿੱਧਾ ਬਾਹਰ ਆ ਗਿਆ ਕਿਉਂਕਿ ਜੇ ਬੈਠਦਾ ਤਾਂ ਉਠਿਆ ਨਹੀਂ ਜਾਣਾ ਸੀ। ਉਸ ਦੀ ਪਤਨੀ ਗੋਡਿਆਂ ਕਰਕੇ ਮੱਥਾ ਟੇਕਣ ਵੀ ਨਹੀਂ ਜਾ ਸਕੀ ਸੀ ਕਿਉਂਕਿ ਉਸ ਨੂੰ ਡਾਕਟਰਾਂ ਨੇ ਪੌੜੀਆਂ ਚੜ੍ਹਨ ਤੋਂ ਮਨ੍ਹਾਂ ਕੀਤਾ ਹੋਇਆ ਸੀ। ਫ਼ੈਸਲਾ ਇਹ ਹੋਇਆ ਕਿ ਕੁਝ ਕੁਰਸੀਆਂ ਦਾ ਪ੍ਰਬੰਧ ਕਰ ਲਿਆ ਜਾਵੇ। ਹਾਲਾਂਕਿ ਪਹਿਲਾਂ ਕੁਰਸੀਆਂ ਹੁੰਦੀਆਂ ਸਨ, ਪਰ ਅੱਜ ਨਹੀਂ ਸਨ।

ਬਾਹਰ ਬੈਠੇ ਬਜ਼ੁਰਗਾਂ ਵਿੱਚ ਇਹ ਚਰਚਾ ਚੱਲਦੀ ਰਹੀ ਕਿ ਗੁਰਦੁਆਰਿਆਂ ਵਿੱਚ ਸ਼ਰਧਾਵਾਨਾਂ ਦੀਆਂ ਸਰੀਰਿਕ ਮਜਬੂਰੀਆਂ ਨਾਲ ਨਿਭ ਸਕਣ ਦੀ ਉਸ ਤਰ੍ਹਾਂ ਕੋਈ ਵਿਵਸਥਾ ਨਹੀਂ ਹੈ ਜਿਸ ਨਾਲ ਸ਼ਰਧਾਵਾਨ ਦੀ ਸ਼ਰਧਾ ਵਿੱਚ ਰੁਕਾਵਟ ਨਾ ਪੈਂਦੀ ਹੋਵੇ। ਇਹ ਸਵਾਲ ਵੀ ਉਠਾਇਆ ਗਿਆ ਕਿ ਬਾਣੀ ਨਾਲੋਂ ਰਹਿਤ ਮਰਿਆਦਾ ਨੂੰ ਵੱਧ ਮਾਨਤਾ ਦੇਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਰਸੀ ਹੋਈ ਸਿੱਖ ਚੇਤਨਾ ਵਾਲੇ ਇਹ ਵੀ ਕਹਿ ਰਹੇ ਸਨ ਕਿ ਧਰਮ 'ਤੇ ਸਿਆਸਤ ਦਾ ਕਬਜ਼ਾ ਹੋਣ ਨਾਲ ਹੀ ਇਹੋ ਜਿਹੇ ਵਰਤਾਰਿਆਂ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਇੱਕ ਬਜ਼ੁਰਗ ਦਾ ਵਿਚਾਰ ਸੀ ਕਿ ੴ ਨਾਲੋਂ ਖੰਡੇ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਸਵਾਲਾਂ ਦਾ ਇਹ ਵਹਿਣ ਬਿਨਾਂ ਜਵਾਬਾਂ ਤੋਂ ਸਿੱਖੀ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਦੀ ਵਿਆਖਿਆ ਲੱਗ ਰਿਹਾ ਸੀ।

ਜਦੋਂ ਮੇਰੇ ਮਿੱਤਰ ਨੂੰ ਸਹਾਰੇ ਨਾਲ ਅਰਦਾਸ ਵਿੱਚ ਸ਼ਾਮਲ ਹੋਣ ਲਈ ਲੈ ਜਾਣ ਵਾਸਤੇ ਤਿਆਰੀ ਸ਼ੁਰੂ ਹੋਈ ਤਾਂ ਚਾਰ ਪੰਜ ਕੁਰਸੀਆਂ ਅੰਦਰ ਉਸ ਥਾਂ 'ਤੇ ਰੱਖ ਲਈਆਂ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਫ਼ਰਕ ਨਾ ਪੈਂਦਾ ਹੋਵੇ। ਮੈਂ ਅਜੇ ਕੁਰਸੀ 'ਤੇ ਬੈਠਾ ਹੀ ਸੀ ਕਿ ਇੱਕ ਗੁਰਸਿੱਖ ਮੁਲਾਜ਼ਮ ਕੁਰਸੀਆਂ ਬਾਹਰ ਕੱਢਣ ਦਾ ਹੁਕਮ ਜਿਸ ਤਰ੍ਹਾਂ ਸੁਣਾ ਰਿਹਾ ਸੀ, ਉਸ ਨਾਲ ਲੱਗ ਰਿਹਾ ਸੀ ਕਿ ਇੱਕ ਮਰਿਆਦਾ ਦੀ ਪਾਲਣਾ ਵਾਸਤੇ ਇੱਕ ਮਰਿਆਦਾ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ। ਮੇਰੇ ਅੰਦਰਲਾ ਪ੍ਰੋਫੈਸਰ ਹਰਕਤ ਵਿੱਚ ਆ ਗਿਆ ਕਿਉਂਕਿ ਮੈਨੂੰ ਲੱਗਿਆ ਕਿ ਇਸ ਨੌਜਵਾਨ ਨੂੰ ਮੇਰੇ ਜਿੰਨਾ ਮਰਿਆਦਾ ਦਾ ਪਤਾ ਨਹੀਂ ਹੈ। ਕੁਰਸੀ ਤੋਂ ਉੱਠਣ ਦਾ ਹੁਕਮ ਸੁਣਕੇ ਮੈਂ ਉਸ ਦੀ ਬਾਂਹ ਫੜਕੇ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਉਹ ਹੋਰ ਵੀ ਉੱਚੀ ਸੁਰ ਵਿੱਚ ਕਹਿਣ ਲੱਗਾ ਕਿ ਪਹਿਲਾਂ ਬਾਂਹ ਛੱਡ। ਮੈਂ ਇਹ ਵੀ ਨਾ ਕਹਿ ਸਕਿਆ ਕਿ ਬਾਂਹ ਤਾਂ ਪੁੱਤਰਾ ਮੈਂ ਇਸ ਕਰਕੇ ਫੜੀ ਹੈ ਕਿਉਂਕਿ ਮੈਨੂੰ ਆਸਰੇ ਦੀ ਲੋੜ ਹੈ। ਇੰਨੇ ਵਿੱਚ ਇੱਕ ਹਿੰਦੂ ਪ੍ਰੋਫੈਸਰ ਆ ਗਿਆ ਅਤੇ ਉਸ ਨੂੰ ਸਮਝਾਉਣ ਲੱਗਾ ਕਿ ਪ੍ਰੋਫੈਸਰ ਸਾਹਿਬ ਦੀ ਬਾਈਪਾਸ ਸਰਜਰੀ ਹੋਈ ਹੈ ਅਤੇ ਇਹ ਭੁੰਜੇ ਨਹੀਂ ਬੈਠ ਸਕਦਾ। ਗੱਲ ਨੂੰ ਵਧਣ ਤੋਂ ਰੋਕਣ ਲਈ ਮੈਂ ਕਿਹਾ ਕਿ ਮੈਨੂੰ ਆਪਣਾ ਫਿਕਰ ਨਹੀਂ ਹੈ, ਪਰ ਮੇਰੇ ਮਿੱਤਰ ਦਾ ਕੀ ਬਣੇਗਾ ਕਿਉਂਕਿ ਉਹ ਤਾਂ ਬਿਨਾਂ ਆਸਰੇ ਖਲੋ ਵੀ ਨਹੀਂ ਸਕਦਾ। ਕੁਰਸੀਆਂ ਚੁੱਕ ਦਿੱਤੀਆਂ ਗਈਆਂ ਤੇ ਮੈਂ ਇਹ ਵੇਖਣ ਲਈ ਬੈਠ ਗਿਆ ਕਿ ਵੇਖਾਂ ਮੇਰੇ ਮਿੱਤਰ ਦਾ ਕੀ ਬਣਦਾ ਹੈ ? ਮੇਰੇ ਕੋਲੋਂ ਬੈਠਿਆ ਨਹੀਂ ਗਿਆ ਅਤੇ ਮੈਨੂੰ ਬਾਹਰ ਆਉਣਾ ਪਿਆ। ਅੱਗੇ ਮੇਰੇ ਨਾਲੋਂ ਉਮਰ ਵਿੱਚ ਬਹੁਤ ਛੋਟਾ ਸਥਾਪਿਤ ਸਰਜਨ ਬੈਠਾ ਸੀ ਕਿਉਂਕਿ ਉਸ ਨੂੰ ਗੋੜ੍ਹ ਦੀ ਤਕਲੀਫ਼ ਨਾਲ ਜੂਝਣਾ ਪੈ ਰਿਹਾ ਸੀ। ਅਰਦਾਸ ਉਪਰੰਤ ਸਰਜਨ ਦੀ ਪਤਨੀ ਡਾ. ਸਾਹਿਬ ਲਈ ਪ੍ਰਸ਼ਾਦ ਲੈ ਕੇ ਆਈ ਅਤੇ ਉਹੀ ਅਸੀਂ ਸਾਰਿਆਂ ਨੇ ਕਿਣਕਾ ਕਿਣਕਾ ਵੰਡ ਕੇ ਛਕਿਆ।

ਭੋਗ ਉਪਰੰਤ ਲੰਗਰ ਤਾਂ ਭੋਗ ਵਾਲੇ ਕਾਰਡਾਂ ਵਿੱਚ ਹੀ ਲਿਖਿਆ ਹੁੰਦਾ ਹੈ ਅਤੇ ਸਾਹਮਣੇ ਬੋਰਡ ਵੀ ਲੱਗਾ ਹੋਇਆ ਸੀ 'ਲੰਗਰ ਦਾ ਰਸਤਾ'। ਸਾਰਾ ਪ੍ਰਬੰਧ ਬੈਰਿਆਂ ਕੋਲ ਸੀ ਅਤੇ ਪ੍ਰਬੰਧ ਵੀ ਬਹੁਤ ਵਧੀਆ ਕੀਤਾ ਹੋਇਆ ਸੀ। ਜਿਹੜੀਆਂ ਕੁਰਸੀਆਂ ਲੰਗਰ ਹਾਲ ਵਿੱਚ ਇੱਕ ਪਾਸੇ ਰੱਖੀਆਂ ਹੋਈਆਂ ਸਨ, ਉਹੀ ਕੁਰਸੀਆਂ ਕਿਸੇ ਵੇਲੇ ਗੁਰਦੁਆਰੇ ਦੇ ਅੰਦਰ ਰੱਖੀਆਂ ਹੁੰਦੀਆਂ ਸਨ। ਕੌਣ ਕਿਸ ਤੋਂ ਪੁੱਛੇ ਕਿ ਜੋ ਸੰਗਤ ਨੇ ਪਕਾਇਆ ਨਹੀਂ ਅਤੇ ਸੰਗਤ ਨੇ ਵਰਤਾਇਆ ਨਹੀਂ, ਉਹ ਲੰਗਰ ਕਿਵੇਂ ਹੋਇਆ ? ਆਸਥਾ ਦੇ ਖੇਤਰ ਵਿੱਚ ਜਿਸ ਤਰ੍ਹਾਂ ਦਾ ਵਰਤਾਰਾ ਆਮ ਹੁੰਦਾ ਜਾ ਰਿਹਾ ਹੈ, ਉਸ ਨਾਲ ਧਰਮ ਦੇ ਕੋਮਲ ਪਹਿਲੂ ਗੁੰਮ ਹੁੰਦੇ ਜਾ ਰਹੇ ਹਨ ਅਤੇ ਪ੍ਰਬੰਧਕੀ ਆਤੰਕ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ।

ਕਿਸੇ ਵੇਲੇ ਸਿੱਖਾਂ ਕੋਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਸੰਸਥਾਵਾਂ ਸਨ, ਪਰ ਉਹ ਵੀ ਇਸ ਵੇਲੇ ਪ੍ਰਬੰਧਕੀ-ਅਪਹਰਣ ਦਾ ਸ਼ਿਕਾਰ ਹੋ ਗਈਆਂ ਹਨ। ਇਸੇ ਦਾ ਸਿੱਟਾ ਹੈ ਕਿ ਬਾਣੀ ਦੇ ਆਧਾਰ 'ਤੇ ਪੈਦਾ ਹੋਇਆ ਆਮ ਬੰਦੇ ਵਾਲਾ ਸਿੱਖ ਧਰਮ, ਖ਼ਾਸ ਬੰਦਿਆਂ ਦੀ ਸਿਆਸਤ ਵਾਲਾ ਸਿੱਖ ਧਰਮ ਹੁੰਦਾ ਜਾ ਰਿਹਾ ਹੈ। ਇਸ ਵਿੱਚੋਂ ਨਿਕਲਣ ਵਾਸਤੇ ਲੋੜੀਂਦੀ ਚੇਤਨਾ ਲਹਿਰ ਨੂੰ ਧਰਮ ਪ੍ਰਚਾਰ ਦੇ ਨਾਮ ਹੇਠ ਦਬਾਉਣ ਦੀ ਪ੍ਰਬੰਧਕੀ-ਸਿਆਸਤ ਰੁਕਦੀ ਨਜ਼ਰ ਨਹੀਂ ਆਉਂਦੀ ਕਿਉਂਕਿ 'ਮੈਂ ਗੁਰੂ ਦਾ ਹਾਂ' ਵਾਲੀ ਸਿੱਖ ਲਹਿਰ, 'ਗੁਰੂ ਮੇਰਾ ਹੈ' ਦੀ ਪੰਥਕ-ਸਿਆਸਤ ਸਮਝੀ ਜਾਣ ਲੱਗੀ ਹੈ। ਇਸੇ ਦਾ ਸਿੱਟਾ ਹੈ ਕਿ ਗੁਰਦੁਆਰਿਆਂ ਵਿੱਚ ਵੀ ਹਲੀਮ ਨੈਤਿਕਤਾ ਦੀ ਥਾਂ 'ਤੇ ਪ੍ਰਬੰਧਕੀ ਆਤੰਕ ਭਾਰੂ ਹੁੰਦਾ ਜਾ ਰਿਹਾ ਹੈ।

## ਕਮੇਟੀਆਂ ਦੇ ਚੱਕਰ 'ਚ ਘਿਰ ਗਈ ਹੈ ਪੰਜਾਬ ਦੇ ਕਿਸਾਨਾਂ ਲਈ ਕਰਜ਼ਾ ਰਾਹਤ

**ਚੰਡੀਗੜ੍ਹ/ ਹਮੀਰ ਸਿੰਘ:** ਆਰਥਿਕ ਤੰਗੀਆਂ ਵੱਸ ਖ਼ੁਦਕੁਸ਼ੀਆਂ ਦੇ ਰਾਹ ਪਏ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕਰਜ਼ਾ ਮੁਕਤੀ ਦਾ ਵਾਅਦਾ ਕਰ ਕੇ ਸੱਤਾ ਵਿੱਚ ਆਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਤੀ ਸੰਕਟ ਬਹਾਨੇ ਕਰਜ਼ਾ ਮੁਕਤੀ ਦੀ ਥਾਂ ਸਿਰਫ਼ ਰਾਹਤ ਦੇਣ ਤੱਕ ਆ ਗਈ ਪਰ ਰਾਹਤ ਵੀ ਵੱਖ-ਵੱਖ ਕਮੇਟੀਆਂ ਅਤੇ ਕਾਗਜ਼ੀ ਕਾਰਵਾਈਆਂ ਦੀ ਘੁੰਮਣਘੇਰੀ ਵਿੱਚ ਫਸੀ ਦਿਖਾਈ ਦੇ ਰਹੀ ਹੈ। ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਪੰਜ ਮਹੀਨੇ ਪਹਿਲਾਂ ਕੀਤੇ ਐਲਾਨਾਂ ਦਾ ਵੀ ਸਬੰਧਤ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਿਆ ਹੈ। ਸਰਦ ਰੁੱਤ ਦੇ ਸ਼ੁਰੂ ਹੋ ਰਹੇ ਵਿਧਾਨ ਸਭਾ ਸੈਸ਼ਨ ਤੱਕ ਇਨ੍ਹਾਂ ਮੁੱਦਿਆਂ ਵੱਲ ਸਿਆਸੀ ਤਵੱਜੋ ਨਜ਼ਰਅੰਦਾਜ਼ ਰਹੀ ਅਤੇ ਸੈਸ਼ਨ ਦੌਰਾਨ ਇਨ੍ਹਾਂ ਮੁੱਦਿਆਂ ਦੇ ਉਠਾਏ ਜਾਣ ਉੱਤੇ ਹੀ ਪੀੜਤ ਪਰਿਵਾਰਾਂ ਦੀ ਨਜ਼ਰ ਟਿਕੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਬੈਂਕਾਂ, ਸਹਿਕਾਰੀ ਸਭਾਵਾਂ ਅਤੇ ਸ਼ਾਹੂਕਾਰਾ ਕਰਜ਼ੇ ਦੀ ਮੁਆਫ਼ੀ ਦਾ ਵਾਅਦਾ ਕੀਤਾ ਸੀ। ਸੱਤਾ ਵਿੱਚ ਆਉਂਦਿਆਂ ਹੀ ਇਹ ਸਰਕਾਰ ਵਿੱਤੀ ਸੰਕਟ ਦੀ 'ਦਲੀਲ' ਦੇ ਆਧਾਰ 'ਤੇ ਕਰਜ਼ਾ ਮੁਕਤੀ ਤੋਂ ਕਰਜ਼ਾ ਰਾਹਤ ਤੱਕ ਚਲੀ ਗਈ ਤੇ ਇਹ ਮਾਮਲਾ ਕਮੇਟੀਆਂ ਦੇ ਘੇਰੇ ਵਿੱਚ ਫਸ ਗਿਆ। ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ ਸਬੰਧੀ ਰਿਪੋਰਟ ਦੇਣ ਲਈ ਡਾ. ਟੀ. ਹੱਕ ਦੀ ਅਗਵਾਈ ਵਿੱਚ ਬਣੀ ਕਮੇਟੀ ਦੀ ਅੰਤ੍ਰਿਮ ਰਿਪੋਰਟ ਮਿਲਣ ਉੱਤੇ ਮੁੱਖ ਮੰਤਰੀ ਨੇ 19 ਜੂਨ 2017 ਨੂੰ ਪੰਜਾਬ ਵਿਧਾਨ ਸਭਾ ਵਿੱਚ ਸੀਮਾਂਤ ਭਾਵ ਢਾਈ ਏਕੜ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਅਤੇ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਵਾਲੇ ਛੋਟੇ (ਪੰਜ ਏਕੜ ਤੱਕ) ਕਿਸਾਨਾਂ ਦਾ ਵੀ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ। ਖ਼ੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਅਤੇ ਰਾਹਤ ਰਾਸ਼ੀ ਤਿੰਨ ਤੋਂ ਵਧਾ ਕੇ ਪੰਜ ਲੱਖ ਕਰਨਾ ਵੀ ਇਸ ਐਲਾਨ ਦਾ ਹਿੱਸਾ ਸੀ। ਮਜ਼ਦੂਰਾਂ ਨੂੰ ਇਸ ਸਾਰੀ ਪ੍ਰਕਿਰਿਆ ਵਿੱਚੋਂ ਉਨ੍ਹਾਂ ਦੇ ਕਰਜ਼ੇ ਦਾ ਸਹੀ ਅੰਕੜਾ ਅਤੇ ਗਿਣਤੀ ਨਾ ਹੋਣ ਦਾ ਤਰਕ ਦੇ ਕੇ ਬਾਹਰ ਕਰ ਦਿੱਤਾ ਗਿਆ।

ਟੀ. ਹੱਕ. ਕਮੇਟੀ ਦੀ ਰਿਪੋਰਟ ਵਿੱਚ ਹਾਲਾਂਕਿ ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ ਪੰਜ ਏਕੜ ਵਾਲੇ ਸਾਰੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਵੀ ਮੁਆਫ਼ ਕਰ ਦਿੱਤਾ ਜਾਵੇ। ਇਸ ਸਿਫਾਰਿਸ਼ ਨੂੰ ਨਜ਼ਰਅੰਦਾਜ਼ ਕਰਦਿਆਂ 'ਢਾਈ ਅਤੇ ਪੰਜ ਏਕੜ ਤੱਕ' ਨੂੰ 'ਢਾਈ' ਅਤੇ 'ਪੰਜ ਏਕੜ ਤੋਂ ਘੱਟ ਵਾਲਿਆਂ ਦਾ' ਸ਼ਬਦ ਲਿਖ ਕੇ ਹਜ਼ਾਰਾਂ ਕਿਸਾਨਾਂ ਨੂੰ ਰਾਹਤ ਦੇ ਦਾਇਰੇ ਵਿੱਚੋਂ ਬਾਹਰ ਕਰ ਦਿੱਤਾ ਗਿਆ। ਸਰਕਾਰ ਦੇ ਐਲਾਨ ਮੁਤਾਬਕ 10.22 ਲੱਖ ਕਿਸਾਨਾਂ ਨੂੰ 9500 ਕਰੋੜ ਰੁਪਏ ਦੀ ਰਾਹਤ ਮਿਲਣੀ ਸੀ। ਨੋਟੀਫਿਕੇਸ਼ਨ ਮੁਤਾਬਕ 31 ਮਾਰਚ 2017 ਤੱਕ ਦੇ ਬੈਂਕ ਖਾਤਿਆਂ ਨੂੰ ਆਧਾਰ ਬਣਾ ਕੇ ਲਾਭਪਾਤਰੀ ਕਿਸਾਨਾਂ ਦਾ ਫ਼ਸਲੀ ਕਰਜ਼ਾ ਮੁਆਫ਼ ਕੀਤਾ ਜਾਵੇਗਾ। ਪਹਿਲ ਸਰਕਾਰੀ ਬੈਂਕਾਂ ਦੇ ਕਰਜ਼ੇ ਨੂੰ ਮਿਲੇਗੀ। ਇਸ ਸਬੰਧੀ 17 ਅਕਤੂਬਰ 2017 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ, ਜਿਹੜਾ ਹਾਲੇ ਤੱਕ 'ਬਾਬੂਗਿਰੀ' ਦੀ ਘੁੰਮਣਘੇਰੀ ਵਿੱਚ ਫਸਿਆ ਹੈ। ਸਹਿਕਾਰੀ ਵਿਭਾਗ ਦੇ ਸਹੀ ਅੰਕੜੇ ਵੀ ਅਜੇ ਮਿਲਣੇ ਹਨ। ਪਿਛਲੇ ਹਫ਼ਤੇ ਬੈਂਕਰਜ਼ ਕਮੇਟੀ ਦੀ ਮੀਟਿੰਗ ਵਿੱਚ ਮੁੱਖ ਸਕੱਤਰ ਤੋਂ ਬੈਂਕ ਅਜੇ ਵੀ ਕਈ ਸਪਸ਼ਟੀਕਰਨ ਮੰਗਦੇ ਦੇਖੇ ਗਏ। ਨੋਟੀਫਿਕੇਸ਼ਨ ਵਿੱਚ ਕਿਸਾਨਾਂ ਦੀ ਜ਼ਮੀਨ ਕਰਜ਼ਾ ਲੈਣ ਸਮੇਂ ਬੈਂਕ ਨੂੰ ਦਿੱਤੀ ਜਾਣਕਾਰੀ ਦੇ ਆਧਾਰ ਉੱਤੇ ਮੰਨ ਲੈਣ ਨੂੰ ਸਹੀ ਠਹਿਰਾਇਆ ਗਿਆ ਪਰ ਹੁਣ ਇਸ ਨੂੰ ਪਟਵਾਰੀਆਂ ਤੋਂ ਤਸਦੀਕ ਕਰਵਾਉਣ ਦੀ ਗੱਲ ਆਖ ਕੇ ਹੋਰ ਲਮਕਾਉਣ ਅਤੇ ਕਿਸਾਨਾਂ ਨੂੰ ਭ੍ਰਿਸ਼ਟਾਚਾਰ ਦਾ 'ਸ਼ਿਕਾਰ' ਬਣਾਉਣ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਜੇ ਟੀ.ਹੱਕ. ਕਮੇਟੀ ਦੀ ਮੰਨ ਲਈ ਜਾਵੇ ਤਾਂ ਸਾਢੇ ਤਿੰਨ ਲੱਖ ਨਵਾਂ ਕਿਸਾਨ ਰਾਹਤ ਵਿੱਚ ਸ਼ਾਮਲ ਹੋ ਜਾਵੇਗਾ ਭਾਵ ਸੱਤ ਹਜ਼ਾਰ ਕਰੋੜ ਰੁਪਏ ਦੇ ਕਰੀਬ ਹੋਰ ਪੈਸਾ ਚਾਹੀਦਾ ਹੈ।

ਖੇਤ ਮਜ਼ਦੂਰਾਂ ਨੂੰ ਕਰਜ਼ਾ ਮੁਆਫ਼ੀ ਤੋਂ ਬਾਹਰ ਰੱਖਣ ਕਾਰਨ ਉੱਠੇ ਮੁੱਦੇ ਕਾਰਨ ਮੁੱਖ ਮੰਤਰੀ ਨੇ ਖੇਤ ਮਜ਼ਦੂਰਾਂ ਦੀ ਹਾਲਤ ਅਤੇ ਕਰਜ਼ਾ ਮੁਆਫ਼ੀ ਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਸਬੰਧਤ ਮੁੱਦਿਆਂ ਬਾਰੇ ਰਿਪੋਰਟ ਦੇਣ ਲਈ ਪੰਜ ਮੈਂਬਰੀ ਕਮੇਟੀ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿੱਚ ਬਣਾ ਦਿੱਤੀ। ਪੰਜਾਬ ਖੇਤ ਮਜ਼ਦੂਰ ਜਥੇਬੰਦੀ ਵੱਲੋਂ 13 ਪਿੰਡਾਂ ਦੇ ਕੀਤੇ ਸਰਵੇਖਣ ਅਧਾਰਿਤ ਰਿਪੋਰਟ, ਇੱਕ ਦਰਜਨ ਤੋਂ ਵੱਧ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਨੂੰ ਮਿਲੀਆਂ ਅਰਜ਼ੀਆਂ ਅਤੇ ਡਾ. ਗਿਆਨ ਸਿੰਘ ਦੀ ਅਗਵਾਈ ਵਾਲੀ ਪੰਜਾਬੀ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਖੇਤ ਮਜ਼ਦੂਰਾਂ ਸਿਰ ਔਸਤਨ 77 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਕਰਜ਼ੇ ਦੇ ਤੱਥ ਸਾਹਮਣੇ ਆ ਚੁੱਕੇ ਹਨ। ਮਜ਼ਦੂਰਾਂ ਦੇ ਕਰਜ਼ੇ ਬਾਰੇ ਫਿਲਹਾਲ ਸਰਕਾਰ ਖ਼ਾਮੋਸ਼ ਹੈ ਅਤੇ ਵਿਧਾਨ ਸਭਾ ਕਮੇਟੀ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਫੀਲਡ ਵਿੱਚ ਜਾ ਕੇ ਗੱਲਬਾਤ ਕੀਤੀ ਹੈ, ਪਰ ਅਜੇ ਤੱਕ ਰਿਪੋਰਟ ਤਿਆਰ ਨਹੀਂ ਹੋਈ। ਸ਼ਾਹੂਕਾਰਾਂ ਦੇ ਕਰਜ਼ੇ ਸਮੇਤ ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਹੁਣ ਸ਼ਾਹੂਕਾਰਾਂ ਦੇ ਕਰਜ਼ੇ ਨੂੰ ਨਿਯਮਤ ਕਰਨ ਲਈ ਬਾਦਲ ਸਰਕਾਰ ਵੱਲੋਂ ਬਣਾਏ ਕਾਨੂੰਨ ਦੀਆਂ ਕਮਜ਼ੋਰੀਆਂ ਨੂੰ ਦਰੁਸਤ ਕਰਨ ਤੱਕ ਸੀਮਤ ਹੋ ਗਿਆ ਹੈ। ਇਸ ਲਈ ਤਿੰਨ ਮੰਤਰੀਆਂ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਤੇ ਆਧਾਰਤ ਕਮੇਟੀ ਬਣਾ ਦਿੱਤੀ ਗਈ ਹੈ ਤੇ ਕਮੇਟੀ ਚਾਰ ਮੀਟਿੰਗਾਂ ਵੀ ਕਰ ਚੁੱਕੀ ਹੈ ਪਰ ਗੱਲ ਮੀਟਿੰਗਾਂ ਤੋਂ ਅੱਗੇ ਨਹੀਂ ਤੁਰੀ।

# ਕਿਸਾਨੀ ਨੂੰ ਏਕਤਾ ਤੇ ਇਕਮੁੱਠਤਾ ਦੀ ਲੋੜ ਕਿਉਂ ?

**ਯੋਗੇਂਦਰ ਯਾਦਵ**





ਇਸੇ ਮਹੀਨੇ ਦੀ 20 ਤੇ 21 ਤਾਰੀਖ਼ ਨੂੰ ਕੌਮੀ ਰਾਜਧਾਨੀ ਦਿੱਲੀ 'ਚ ਕਿਸਾਨਾਂ ਦਾ ਇਤਿਹਾਸਕ ਇਕੱਠ ਹੋਇਆ। ਦੇਸ਼ ਭਰ ਦੇ ਹਜ਼ਾਰਾਂ ਕਿਸਾਨ ਸੰਸਦ ਮਾਰਗ 'ਤੇ 'ਕਿਸਾਨ ਮੁਕਤੀ ਸੰਸਦ' ਦੇ ਰੂਪ ਵਿੱਚ ਇਕੱਠੇ ਹੋਏ, ਤਾਂ ਜੋ ਭਾਰਤੀ ਕਿਸਾਨਾਂ ਨੂੰ ਵੱਖੋ-ਵੱਖਰੀ ਕਿਸਮ ਦੀਆਂ ਜ਼ਿੱਲਣਾਂ 'ਚੋਂ ਆਜ਼ਾਦ ਕਰਵਾਇਆ ਜਾ ਸਕੇ। ਦੋ ਇਤਿਹਾਸਕ ਬਿੱਲ ਇਸ ਕਿਸਾਨ ਸੰਸਦ 'ਚ ਰੱਖੇ ਗਏ ਅਤੇ ਉਨ੍ਹਾਂ 'ਤੇ ਜਨਤਕ ਬਹਿਸ ਹੋਈ। ਇਸ ਘਟਨਾਵਲੀ ਵਿੱਚ ਸਾਨੂੰ ਨਵੇਂ ਯੁੱਗ ਦੀ ਕਿਸਾਨੀ ਲਹਿਰ ਦੇ ਸੁਨੇਹੇ ਦੀ ਸੰਭਾਵਨਾ ਵਿਖਾਈ ਦਿੰਦੀ ਹੈ। ਏਆਈਕੇਐੱਸਸੀਸੀ (ਸਰਬ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ) ਇਕ ਅਜਿਹਾ ਮੰਚ ਹੈ, ਜਿੱਥੇ ਦੇਸ਼ ਦੀਆਂ ਵੱਖੋ-ਵੱਖਰੀਆਂ ਕਿਸਾਨ ਜੱਥੇਬੰਦੀਆਂ ਮਿਲ ਕੇ ਕਿਸਾਨ-ਮੁੱਦਿਆਂ 'ਤੇ ਵਿਚਾਰ-ਚਰਚਾ ਕਰਦੀਆਂ ਹਨ।

ਰਾਜਧਾਨੀ ਵਾਲਾ ਇਕੱਠ ਕਈ ਤਰ੍ਹਾਂ ਨਾਲ ਇਤਿਹਾਸਕ ਸੀ। ਪਹਿਲੀ ਗੱਲ ਤਾਂ ਇਹ ਕਿ ਸ਼ਾਇਦ ਪਹਿਲੀ ਵਾਰ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦਾ ਸਭ ਤੋਂ ਵੱਡਾ ਗੱਠਜੋੜ ਵੇਖਣ ਨੂੰ ਮਿਲਿਆ। ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ (ਏਆਈਕੇਐੱਸਸੀਸੀ) ਵਿੱਚ 184 ਜਥੇਬੰਦੀਆਂ ਸ਼ਾਮਲ ਹਨ ਅਤੇ ਇਨ੍ਹਾਂ ਵਿੱਚ ਸਾਰੀਆਂ ਹੀ ਸਿਆਸੀ ਪਾਰਟੀਆਂ ਤੇ ਵਿਚਾਰਧਾਰਾਵਾਂ ਦੇ ਨੁਮਾਇੰਦੇ ਮੌਜੂਦ ਹਨ। ਦੂਜੇ, ਇਹ ਕਿਸਾਨ ਅੰਦੋਲਨ ਦੇ ਇਤਿਹਾਸ ਦਾ ਇੱਕ ਦੁਰਲੱਭ ਛਿਣ ਸੀ ਕਿ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਤੋਂ ਕਿਸਾਨ ਇੱਕ ਥਾਂ 'ਤੇ ਇਕੱਠੇ ਹੋਏ ਸਨ। ਇਤਿਹਾਸ ਗਵਾਹ ਹੈ ਕਿ ਦੇਸ਼ ਦੇ ਕਿਸਾਨ ਕਿਉਂਕਿ ਵੱਖੋ-ਵੱਖਰੇ ਮੌਸਮਾਂ, ਅਨੇਕ ਕਿਸਮ ਦੀਆਂ ਫ਼ਸਲਾਂ ਤੇ ਵਿਭਿੰਨ ਸੂਬਾਈ ਸਿਆਸਤ-ਵਿਧੀਆਂ ਤੇ ਸੂਬਾਈ ਨੀਤੀਆਂ ਨਾਲ ਸਬੰਧਤ ਹੁੰਦੇ ਹਨ, ਇਸੇ ਲਈ ਉਨ੍ਹਾਂ ਵਿੱਚ ਮਤਭੇਦ ਵਧੇਰੇ ਹੁੰਦੇ ਹਨ। ਤੀਜੇ, ਆਜ਼ਾਦ ਭਾਰਤ 'ਚ ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਵੱਖੋ-ਵੱਖਰੇ ਵਰਗਾਂ ਹਿਤਾਂ ਵਾਲੇ ਕਿਸਾਨਾਂ ਦੀ ਗੱਲ ਇੱਕੋ ਮੰਚ ਤੋਂ ਕੀਤੀ ਗਈ। (ਏਆਈਕੇਐੱਸਸੀਸੀ) ਬੇਹੱਦ ਜਾਗਰੂਕ ਜਥੇਬੰਦੀ ਹੈ, ਜਿਸ ਵਿਚ ਮਾਲਕ-ਕਾਸ਼ਤਕਾਰ ਵੀ ਹਨ ਅਤੇ ਸੀਰੀ ਤੇ ਬੇਜ਼ਮੀਨੇ ਖੇਤ ਮਜ਼ਦੂਰ ਵੀ ਹਨ। ਚੌਥੇ, ਇਸ ਸੰਸਦ ਦੇ ਪਹਿਲੇ ਸੈਸ਼ਨ ਵਿਚ ਸਿਰਫ਼ ਮਹਿਲਾ ਕਿਸਾਨ ਸਨ। ਪਹਿਲੀ ਵਾਰ ਭਾਰਤੀ ਖੇਤੀਬਾੜੀ ਵਿਚ ਮਹਿਲਾ ਕਿਸਾਨਾਂ ਦੀ ਕੇਂਦਰੀ ਭੂਮਿਕਾ ਨੂੰ ਮਾਨਤਾ ਦਿੱਤੀ ਗਈ ਹੈ। ਖੇਤੀਬਾੜੀ ਦਾ 70× ਕੰਮ ਭਾਵੇਂ ਔਰਤਾਂ ਵੱਲੋਂ ਕੀਤਾ ਜਾਂਦਾ ਹੈ, ਫਿਰ ਵੀ ਉਨ੍ਹਾਂ ਨੂੰ ਕਿਸਾਨ ਲਹਿਰਾਂ ਦੇ ਪ੍ਰਤੀਕਵਾਦੀ ਢਾਂਚੇ ਅਤੇ ਲੀਡਰਸ਼ਿਪ ਵਿੱਚੋਂ ਬਾਹਰ ਰੱਖਿਆ ਜਾਂਦਾ ਰਿਹਾ ਹੈ। ਅੰਤ 'ਚ, ਅਜਿਹਾ ਵੀ ਪਹਿਲੀ ਵਾਰ ਹੋਇਆ ਹੈ ਕਿ ਇੰਨਾ ਵੱਡਾ ਗੱਠਜੋੜ ਆਪਣੀਆਂ ਮੰਗਾਂ ਦੇ ਬਹੁਤ ਛੋਟੇ, ਸੰਖੇਪ ਤੇ ਵਿਵਹਾਰਕ ਚਾਰਟਰ 'ਤੇ ਸਹਿਮਤ ਹੋਇਆ ਹੈ।

ਸਰਕਾਰ ਤੋਂ ਇੱਕ 'ਨਵੇਂ ਸੌਦੇ' ਦੀ ਮੰਗ ਕਰਦਿਆਂ ਕਿਸਾਨਾਂ ਨੇ ਸਿਰਫ਼ ਦੋ ਨੁਕਤਿਆਂ: ਫ਼ਸਲਾਂ ਦੀਆਂ ਵਾਜਬ ਤੇ ਲਾਹੇਵੰਦ ਕੀਮਤਾਂ ਅਤੇ ਕਰਜ਼ਿਆਂ ਤੋਂ ਮੁਕੰਮਲ ਮੁਕਤੀ - ਉੱਤੇ ਧਿਆਨ ਕੇਂਦ੍ਰਿਤ ਕਰਨ ਦਾ ਫ਼ੈਸਲਾ ਕੀਤਾ ਹੈ। ਉਂਜ ਜੇ ਪੇਤਲੀ ਨਜ਼ਰੇ ਵੇਖਿਆ ਜਾਵੇ, ਤਾਂ ਇਸ ਵਿਚ ਕੁਝ ਵੀ ਨਵਾਂ ਨਹੀਂ ਹੈ। ਕਿਸਾਨ ਜਥੇਬੰਦੀਆਂ ਕਰਜ਼ਾ ਮੁਆਫ਼ੀ ਤੇ ਉਚੇਰੇ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਚਿਰਾਂ ਤੋਂ ਕਰਦੇ ਆਏ ਹਨ। ਪਰ ਹੁਣ ਪਹਿਲੀ ਵਾਰ ਕਿਸਾਨ ਹੋਰ ਅਨੇਕ ਚਿੰਤਾਵਾਂ ਦੀ ਥਾਂ ਸਿਰਫ਼ ਇਨ੍ਹਾਂ ਦੋ ਨੁਕਤਿਆਂ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਨ। ਇਸ ਤੋਂ ਇਲਾਵਾ, ਕਿਸਾਨ ਇਨ੍ਹਾਂ ਦੋਵੇਂ ਮੰਗਾਂ ਨੂੰ ਇਕ ਨਵੀਂ ਭਾਸ਼ਾ ਵਿਚ ਪੇਸ਼ ਕਰ ਰਹੇ ਹਨ। ਉਨ੍ਹਾਂ ਦੀਆਂ ਬੇਹੱਦ ਸਪੱਸ਼ਟ ਦਲੀਲਾਂ ਹਨ ਤੇ ਉਨ੍ਹਾਂ ਬਹੁਤ ਧਿਆਨ ਨਾਲ ਇਹ ਨੀਤੀਆਂ ਉਲੀਕੀਆਂ ਹਨ। ਨਵੇਂ ਯੁੱਗ ਦੇ ਇਸ ਕਿਸਾਨ ਅੰਦੋਲਨ ਨੇ ਇੱਕ ਨਵੀਂ ਭਾਸ਼ਾ ਵਿੱਚ ਬੋਲਣਾ ਸਿੱਖ ਲਿਆ ਹੈ।

"ਖੇਤੀ ਉਤਪਾਦਾਂ ਲਈ ਕਿਸਾਨਾਂ ਦਾ ਯਕੀਨੀ ਕੀਮਤਾਂ ਲੈਣ ਦੇ ਅਧਿਕਾਰ ਬਾਰੇ ਬਿੱਲ" ਵਿਚ ਦਰਜ ਪਹਿਲੀ ਮੰਗ ਖੇਤੀ/ਤਪਾਦਾਂ ਦੀਆਂ ਵਾਜਬ ਤੇ ਲਾਹੇਵੰਦ ਕੀਮਤਾਂ ਤੈਅ ਕਰਨ ਬਾਰੇ ਹੈ। ਭਾਰਤੀ ਕਿਸਾਨਾਂ ਲਈ ਇਹ ਸਮੇਂ ਦੀ ਵੱਡੀ ਲੋੜ ਵੀ ਹੈ। ਸਾਰੇ ਪ੍ਰਮੁੱਖ ਉਤਪਾਦਕਾਂ ਨੂੰ ਸਦਾ ਇਕ ਨਾਵਾਜਬ ਸਿਸਟਮ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਸਾਲਾਂ ਬੱਧੀ ਤੋਂ ਅਨੇਕ ਨੀਤੀਗਤ ਕਦਮਾਂ ਰਾਹੀਂ ਖੇਤੀ ਉਤਪਾਦਾਂ ਦੀਆਂ ਕੀਮਤਾਂ ਜਾਣ ਬੁੱਝ ਕੇ ਘੱਟ ਰੱਖੀਆਂ ਜਾਂਦੀਆਂ ਰਹੀਆਂ ਹਨ। ਪਰ ਇਸ ਦੇ ਉਲਟ ਖੇਤੀ ਲਾਗਤਾਂ ਅਤੇ ਰਹਿਣੀ-ਬਹਿਣੀ ਦੇ ਖ਼ਰਚਿਆਂ ਵਿੱਚ ਚੋਖਾ ਵਾਧਾ ਹੁੰਦਾ ਰਿਹਾ ਹੈ। ਕਿਸਾਨਾਂ ਨੂੰ ਅਰਥਚਾਰੇ ਦੇ ਹੋਰ ਖੇਤਰਾਂ ਲਈ ਆਪਣੇ ਖੇਤੀ ਉਤਪਾਦਾਂ ਦੀਆਂ ਕੀਮਤਾਂ ਘਟਾਉਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ ਅਤੇ ਇੰਝ ਉਹ ਕਰਜ਼ੇ ਦੀ ਕੁੜਿੱਕੀ ਵਿਚ ਫਸਦੇ ਰਹੇ ਹਨ। ਭਾਵੇਂ ਸਰਕਾਰ ਰਸਮੀ ਤੌਰ 'ਤੇ 24 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਦੀ ਹੈ ਪਰ ਇਸ ਭਰੋਸੇ ਤੋਂ 10% ਤੋਂ ਵੀ ਘੱਟ ਕਿਸਾਨਾਂ ਨੂੰ ਲਾਭ ਪੁੱਜਦਾ ਹੈ। ਚਲੰਤ ਮਾਰਕਿਟਿੰਗ ਸੀਜ਼ਨ ਲਈ ਦੇਸ਼ ਭਰ ਦੀਆਂ ਸਿਖ਼ਰਲੀਆਂ ਸੌ ਮੰਡੀਆਂ ਦਾ ਵਿਸ਼ਲੇਸ਼ਣ ਇਹੋ ਦਰਸਾਉਂਦਾ ਹੈ ਕਿ ਸਾਉਣੀ ਦੀਆਂ ਅੱਠ ਪ੍ਰਮੁੱਖ ਫ਼ਸਲਾਂ ਦੀ ਔਸਤ ਬਾਜ਼ਾਰੀ ਕੀਮਤ ਅਧਿਕਾਰਤ ਘੱਟੋ-ਘੱਟ ਸਮਰਥਨ ਮੁੱਲ ਤੋਂ ਕਿਤੇ ਜ਼ਿਆਦਾ ਘੱਟ ਹੁੰਦੀ ਹੈ। ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਫ਼ਸਲਾਂ ਵੇਚਣ ਨਾਲ ਇਕੱਲੇ ਇਸੇ ਸੀਜ਼ਨ ਦੌਰਾਨ ਕਿਸਾਨਾਂ ਦਾ 36,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਇਸ ਤੋਂ ਇਲਾਵਾ ਸਾਰੀਆਂ ਫ਼ਸਲਾਂ ਲਈ ਐਲਾਨਿਆ ਜਾਣ ਵਾਲਾ ਘੱਟੋ-ਘੱਟ ਸਮਰਥਨ ਮੁੱਲ ਬਹੁਤ ਘੱਟ ਹੁੰਦਾ ਹੈ। ਦਰਅਸਲ, ਇਸ ਸਾਉਣੀ ਦੌਰਾਨ 14 ਵਿਚੋਂ 7 ਫ਼ਸਲਾਂ ਦਾ ਭਾਅ ਇਨ੍ਹਾਂ ਫ਼ਸਲਾਂ ਦੀ ਸਰਕਾਰ ਵੱਲੋਂ ਤੈਅਸ਼ੁਦਾ ਲਾਗਤ ਤੋਂ ਵੀ ਘੱਟ ਤੈਅ ਕੀਤਾ ਗਿਆ ਹੈ। ਇਸ ਦਾ ਮਤਲਬ ਇਹੋ ਹੈ ਕਿ ਜੇ ਐਲਾਨੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵੀ ਸਹੀ ਢੰਗ ਨਾਲ ਕਿਸਾਨਾਂ ਨੂੰ ਮਿਲਣ, ਤਾਂ ਵੀ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਇਸੇ ਲਈ ਉਹ ਆਪਣੇ ਰੋਜ਼ਮੱਰਾ ਦੇ ਜੀਵਨ ਦੇ ਖ਼ਰਚੇ ਵੀ ਪੂਰੇ ਕਰਨ ਤੋਂ ਅਸਮਰੱਥ ਰਹਿ ਜਾਂਦੇ ਹਨ।

ਕਿਸਾਨਾਂ ਨੇ ਇਹ ਮੰਗ ਰੱਖੀ ਹੈ ਕਿ ਸਰਕਾਰ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੀਆਂ ਲਾਹੇਵੰਦ ਕੀਮਤਾਂ ਦਾ ਐਲਾਨ ਕਰਨਾ ਚਾਹੀਦਾ ਹੈ, ਜੋ ਸਾਰੇ ਖੇਤੀ ਉਤਪਾਦਾਂ ਦੀ ਕੁੱਲ ਉਤਪਾਦਨ ਲਾਗਤ ਤੋਂ 50 ਫ਼ੀ ਸਦੀ ਵੱਧ ਹੋਵੇ। ਇਹ ਵੀ ਯਕੀਨੀ ਬਣਾਉਣ ਲਈ ਆਖਿਆ ਗਿਆ ਹੈ ਕਿ ਇਹ ਕੀਮਤਾਂ ਰਾਸ਼ਟਰੀ ਕਿਸਾਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਤੇ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੇ ਵਾਅਦਿਆਂ ਮੁਤਾਬਕ ਹੋਣੀਆਂ ਚਾਹੀਦੀਆਂ ਹਨ। ਕਿਸਾਨ ਹੁਣ ਚਾਹੁੰਦੇ ਹਨ ਕਿ ਇਹ ਸਭ ਉਨ੍ਹਾਂ ਦਾ ਕਾਨੂੰਨੀ ਅਧਿਕਾਰ ਹੋਣਾ ਚਾਹੀਦਾ ਹੈ। ਇਹ ਸਭ ਯਕੀਨੀ ਕਿਵੇਂ ਹੋ ਸਕਦਾ ਹੈ? ਪਹਿਲਾਂ ਤਾਂ ਸਰਕਾਰੀ ਖ਼ਰੀਦ ਵਿਚ ਖ਼ੁਰਾਕ ਸੁਰੱਖਿਆ ਕਾਨੂੰਨ ਤੇ ਹੋਰ ਕਾਨੂੰਨੀ ਵਿਵਸਥਾਵਾਂ/ਅਨਾਜ ਯੋਜਨਾਵਾਂ ਅਧੀਨ ਵੱਧ ਮਾਤਰਾ 'ਚ ਖੇਤੀ ਉਤਪਾਦ ਤੇ ਦਾਲਾਂ, ਤੇਲ ਬੀਜ, ਬਾਜਰਾ ਸਮੇਤ ਮੋਟੇ ਅਨਾਜ ਵਾਲੀਆਂ ਹੋਰ ਫ਼ਸਲਾਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਦੂਜੇ ਮਾਰਕਫ਼ੈੱਡ, ਨੈਫ਼ੇਡ ਜਿਹੀਆਂ ਏਜੰਸੀਆਂ ਅਤੇ ਸਿਵਲ ਸਪਲਾਈਜ਼ ਵਿਭਾਗਾਂ ਨੂੰ ਸਮੇਂ ਸਿਰ ਪ੍ਰਭਾਵੀ ਤਰੀਕੇ ਬਾਜ਼ਾਰ ਵਿਚ ਦਖ਼ਲ ਦੇਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ ਅਤੇ ਇਸ ਲਈ ਉਨ੍ਹਾਂ ਕੋਲ ਵਾਜਬ ਫ਼ੰਡ ਮੁਹੱਈਆ ਹੋਣੇ ਚਾਹੀਦੇ ਹਨ। ਤੀਜੇ, ਜਦੋਂ ਵੀ ਕਦੇ ਬਾਜ਼ਾਰੀ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਾਣ ਲੱਗਣ, ਤਾਂ ਉਸ ਦਾ ਮੁਆਵਜ਼ਾ ਕਿਸਾਨਾਂ ਨੂੰ 'ਘੱਟ ਕੀਮਤ ਭੁਗਤਾਨ ਪ੍ਰਬੰਧ' ਰਾਹੀਂ ਮਿਲਣਾ ਚਾਹੀਦਾ ਹੈ। ਚੌਥੇ, ਏਪੀਐੱਮਸੀ ਕਾਨੂੰਨਾਂ ਵਿਚ ਵਿਧਾਨਕ ਤਬਦੀਲੀਆਂ ਰਾਹੀਂ 'ਘੱਟ ਕੀਮਤ 'ਤੇ ਅਧਿਸੂਚਿਤ ਫ਼ਸਲਾਂ ਖ਼ਰੀਦਣਾ' ਅਪਰਾਧ ਕਰਾਰ ਦਿੱਤਾ ਜਾਣਾ ਚਾਹੀਦਾ ਹੈ; ਇੰਝ ਹੀ ਏਪੀਐੱਮਸੀ ਮੰਡੀਆਂ ਵਿਚ ਨੀਲਾਮੀ ਘੱਟੋ-ਘੱਟ ਸਮਰਥਨ ਮੁੱਲ ਤੋਂ ਉਪਰਲੀ ਕੀਮਤ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਹੈ। ਅੰਤ 'ਚ, ਬਰਾਮਦ-ਦਰਾਮਦ ਨੀਤੀਆਂ ਨੂੰ ਵੀ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹੋਰਨਾਂ ਦੇਸ਼ਾਂ ਤੋਂ ਫ਼ਸਲਾਂ ਦੀ ਦਰਾਮਦ ਨਾਲ ਦੇਸੀ ਫ਼ਸਲਾਂ ਦੀਆਂ ਕੀਮਤਾਂ ਦੇ ਭਾਅ ਕਦੇ ਨਾ ਡਿੱਗਣ।

ਦੂਜੀ ਮੰਗ 'ਕਿਸਾਨਾਂ ਦੀ ਕਰਜ਼ਾ ਮੁਕਤੀ ਬਿੱਲ' ਵਿੱਚ ਸ਼ਾਮਲ ਕਰ ਲਈ ਗਈ ਹੈ। ਕਿਸਾਨਾਂ 'ਤੇ ਕਿਸੇ ਵੀ ਤਰ੍ਹਾਂ ਦੇ ਕਰਜ਼ੇ ਦਾ ਬੋਝ ਨਹੀਂ ਹੋਣਾ ਚਾਹੀਦਾ ਕਿਉਂਕਿ ਜ਼ਿਆਦਾਤਰ ਖ਼ੁਦਕੁਸ਼ੀਆਂ ਦਾ ਕਾਰਨ ਇਹ ਕਰਜ਼ਾ ਹੀ ਹੁੰਦਾ ਹੈ। ਉਂਜ ਵੀ, ਦੇਸ਼ ਕਿਸਾਨਾਂ ਦਾ ਕਰਜ਼ਦਾਰ ਹੈ, ਇਸ ਲਈ ਵੀ ਅਜਿਹੇ ਕਦਮ ਚੁੱਕਣੇ ਜ਼ਰੂਰੀ ਹਨ। ਕਿਸਾਨਾਂ ਦੀ ਇਹ ਵੀ ਮੰਗ ਹੈ ਕਿ ਕਿਸਾਨਾਂ ਵੱਲੋਂ ਸੰਸਥਾਗਤ ਤੇ ਗ਼ੈਰ-ਸੰਸਥਾਗਤ ਭਾਵ ਹਰ ਸਰੋਤ ਤੋਂ ਲਏ ਖੇਤੀਬਾੜੀ ਕਰਜ਼ੇ ਮੁਆਫ਼ ਹੋਣੇ ਚਾਹੀਦੇ ਹਨ ਤਾਂ ਜੋ ਕਿਸਾਨਾਂ ਦਾ ਕਰਜ਼ਿਆਂ ਦੀ ਕੁੜਿੱਕੀ ਵਿਚ ਨਾ ਫਸਣਾ ਯਕੀਨੀ ਹੋ ਸਕੇ।

ਕਿਸਾਨਾਂ ਦਾ ਨਿਰਾਸ਼ ਹੋ ਕੇ ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਇਹ ਕਰਜ਼ਾ ਹੀ ਹੈ। ਸਾਲ 1992 ਦੌਰਾਨ 25 ਫ਼ੀ ਸਦੀ ਕਿਸਾਨ ਪਰਿਵਾਰ ਕਰਜ਼ੇ ਦੀ ਕੁੜਿੱਕੀ ਵਿਚ ਫਸੇ ਹੋਏ ਸਨ, ਪਰ 2016 'ਚ ਇਹ ਤਾਦਾਦ ਵਧ ਕੇ 52 ਫ਼ੀ ਸਦੀ ਹੋ ਗਈ ਸੀ। ਕੁਝ ਸੂਬਿਆਂ ਵਿਚ ਤਾਂ ਇਹ ਫ਼ੀਸਦ ਵਧ ਕੇ 89 ਤੇ 93 ਤੱਕ ਵੀ ਪੁੱਜ ਗਈ ਹੈ। ਮਹਿਲਾ ਕਿਸਾਨ ਇਹ ਕਰਜ਼ੇ ਵਾਪਸ ਕਰਨ ਦੀ ਹਾਲਤ ਵਿਚ ਨਹੀਂ ਹੁੰਦੇ। 68 ਫ਼ੀਸਦੀ ਕਿਸਾਨ ਪਰਿਵਾਰ ਖੇਤੀ ਫ਼ਸਲਾਂ ਉਗਾਉਣ 'ਤੇ ਵੱਧ ਖ਼ਰਚੇ ਕਰ ਬੈਠਦੇ ਹਨ ਪਰ ਉਨ੍ਹਾਂ ਨੂੰ ਵੇਚ ਕੇ ਉਨ੍ਹਾਂ ਦੇ ਉਹ ਖ਼ਰਚੇ ਵੀ ਪੂਰੇ ਨਹੀਂ ਹੁੰਦੇ। ਬਹੁਤ ਵਾਰ ਫ਼ਸਲਾਂ ਦੇ ਨਾਕਾਮ ਰਹਿਣ, ਕੀਮਤਾਂ ਘਟਣ, ਵਧੇਰੇ ਖੇਤੀ ਲਾਗਤਾਂ, ਪਾਣੀ ਦੇ ਸਰੋਤ ਸੁੱਕ ਜਾਣ ਅਤੇ ਕੁਦਰਤੀ ਆਫ਼ਤਾਂ ਦੇ ਅਸਰ ਜਿਹੇ ਵੱਸ ਤੋਂ ਬਾਹਰਲੇ ਕਾਰਨਾਂ ਕਰ ਕੇ ਵੀ ਕਿਸਾਨਾਂ ਸਿਰ ਕਰਜ਼ੇ ਚੜ੍ਹ ਜਾਂਦੇ ਹਨ।

ਇੰਜ, ਸਾਰੇ ਕਿਸਾਨਾਂ ਦੇ ਕੁੱਲ ਖੇਤੀ ਕਰਜ਼ੇ ਇੱਕੋ ਵਾਰੀ 'ਚ ਮੁਆਫ਼ ਕੀਤੇ ਜਾਣੇ ਚਾਹੀਦੇ ਹਨ। ਇਸ ਮੁਆਫ਼ੀ ਵਿਚ ਬੈਂਕਾਂ ਦੇ ਸਾਰੇ ਵਰਗ - ਰਾਸ਼ਟਰੀਕ੍ਰਿਤ, ਸਹਿਕਾਰੀ ਤੇ ਪ੍ਰਾਈਵੇਟ - ਸ਼ਾਮਲ ਹੋਣੇ ਚਾਹੀਦੇ ਹਨ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਇਸ ਦਾ ਸਮਰਥਨ ਕਰਨਾ ਚਾਹੀਦਾ ਹੈ। ਕਿਸਾਨਾਂ ਦੇ ਨਾਲ-ਨਾਲ ਸੀਰੀਆਂ, ਕੰਮੀਆਂ, ਵਾਢੀ ਤੇ ਫ਼ਸਲਾਂ ਦਾ ਉਤਪਾਦਨ ਕਰਨ ਵਾਲਿਆਂ, ਖੇਤ ਮਜ਼ਦੂਰਾਂ, ਆਦਿਵਾਸੀਆਂ ਤੇ ਮਹਿਲਾ ਕਿਸਾਨਾਂ ਦੇ ਸਾਰੇ ਖੇਤੀ ਕਰਜ਼ੇ ਮੁਆਫ਼ ਹੋਣੇ ਚਾਹੀਦੇ ਹਨ, ਉਹ ਭਾਵੇਂ ਨਿਜੀ ਭਾਵ ਗ਼ੈਰ-ਸੰਸਥਾਗਤ ਸਰੋਤਾਂ ਤੋਂ ਲਏ ਗਏ ਹੋਣ। ਉਨ੍ਹਾਂ ਦਾ ਨਿਬੇੜਾ ਹੋਣਾ ਚਾਹੀਦਾ ਹੈ ਜਾਂ ਉਨ੍ਹਾਂ ਦੀ ਅਦਲਾ-ਬਦਲੀ ਹੋਣੀ ਚਾਹੀਦੀ ਹੈ ਅਤੇ ਜਾਂ ਉਨ੍ਹਾਂ ਨੂੰ ਮੁਆਫ਼ ਕਰਨਾ ਚਾਹੀਦਾ ਹੈ। ਜਿਹੜੇ ਕਿਸਾਨ ਪਹਿਲਾਂ ਕੁਝ ਕਰਜ਼ਾ ਵਾਪਸ ਕਰਨ ਵਿਚ ਸਫ਼ਲ ਰਹੇ ਹਨ, ਉਨ੍ਹਾਂ ਨੂੰ ਇਸ ਕਰਜ਼ਾ ਮੁਆਫ਼ੀ ਦੀ ਪ੍ਰਕਿਰਿਆ ਵਿਚ ਬੈਂਕ ਖਾਤੇ ਵਿਚ ਓਨੀ ਹੀ ਰਕਮ ਦੀ ਛੋਟ ਮਿਲਣੀ ਚਾਹੀਦੀ ਹੈ। ਕੇਰਲ ਵਾਂਗ ਰਾਸ਼ਟਰ ਪੱਧਰ ਦਾ ਕਰਜ਼ਾ ਰਾਹਤ ਕਮਿਸ਼ਨ ਕਾਇਮ ਹੋਣਾ ਚਾਹੀਦਾ ਹੈ।

**ਇਹ ਦੋ ਵੱਖਰੀਆਂ ਮੰਗਾਂ ਨਹੀਂ ਹਨ:** ਨਿਯਮਿਤ ਤੇ ਯਕੀਨੀ ਮੁਨਾਫ਼ਿਆਂ ਤੋਂ ਬਗ਼ੈਰ ਕਰਜ਼ਾ-ਮੁਕਤੀ ਸੰਭਵ ਨਹੀਂ ਹੈ ਅਤੇ ਲਾਹੇਵੰਦ ਕੀਮਤਾਂ ਦਾ ਕੋਈ ਲਾਭ ਨਹੀਂ ਹੋਵੇਗਾ, ਜੇ ਸਾਡੇ ਸਿਰ ਵੱਡੇ ਕਰਜ਼ਿਆਂ ਦਾ ਬੋਝ ਹੈ। ਜੇ ਖੇਤੀਬਾੜੀ ਤੇ ਕਿਸਾਨਾਂ ਨੂੰ ਭਵਿੱਖ 'ਚ ਸੁਰੱਖਿਅਤ ਰੱਖਣਾ ਹੈ ਤਾਂ ਇਹ ਦੋਵੇਂ ਮੰਗਾਂ ਤੁਰੰਤ ਨਾਲੋ-ਨਾਲ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

# ਪੰਜਾਬ ਕੋਲ ਤਾਂ ਪਾਣੀ ਦੀ ਕੀਮਤ ਮੰਗਣ ਦਾ ਕੋਈ "ਕਾਨੂੰਨੀ ਹੱਕ" ਹੀ ਨਹੀਂ !

## *ਮਾਮਲਾ ਬੈਂਸ ਅਤੇ ਖਹਿਰਾ ਵੱਲੋਂ ਏਸ ਬਾਬਤ ਮੁੱਖ ਮੰਤਰੀ ਨੂੰ ਮਿਲਣ ਦਾ*

**ਗੁਰਪ੍ਰੀਤ ਸਿੰਘ ਮੰਡਿਆਣੀ**

ਪੰਜਾਬ ਵੱਲੋਂ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਜਾਂਦੇ ਨਹਿਰੀ ਪਾਣੀ ਦੀ ਕੀਮਤ ਵਸੂਲਣ ਦਾ ਮਾਮਲਾ ਇੱਕ ਵਾਰੀ ਮੁੜ ਚਰਚਾ



ਵਿੱਚ ਆਇਆ ਹੈ। ਬਾਦਲ ਸਰਕਾਰ ਮੌਕੇ 16 ਨਵੰਬਰ 2016 ਨੂੰ ਪੰਜਾਬ ਵਿਧਾਨ ਸਭਾ ਨੇ ਇੱਕ ਮਤਾ ਪਾਸ ਕਰਕੇ ਸੂਬਾ ਸਰਕਾਰ ਨੂੰ ਹੁਕਮ ਕੀਤਾ ਸੀ ਕਿ ਉਹ ਇਨ੍ਹਾਂ ਸੂਬਿਆਂ ਨੂੰ ਵਸੂਲੇ ਜਾ ਰਹੇ ਪਾਣੀ ਦਾ ਬਿੱਲ ਭੇਜੇ। ਉਦੋਂ ਬੈਂਸ ਭਰਾਵਾਂ ਨੇ ਵਿਧਾਨ ਸਭਾ ਵਿੱਚ ਪਾਣੀ ਦੀ ਕੀਮਤ ਵਸੂਲੇ ਜਾਣ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕ ਕੇ ਇੱਕ ਨਿੱਜੀ ਮਤਾ ਵਿਧਾਨ ਸਭਾ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ ਸੀ।

ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਸਪੀਕਰ ਨੇ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੂੰ ਜ਼ਬਰਦਸਤੀ ਹਾਊਸ 'ਚੋਂ ਕੱਢ ਦਿੱਤਾ ਸੀ। ਪਰ ਅਗਲੇ ਦਿਨ ਸਰਕਾਰ ਨੇ ਖੁਦ ਇਹੀ ਮਤਾ ਵਿਧਾਨ ਸਭਾ ਵਿੱਚੋਂ ਪਾਸ ਕਰਾਇਆ ਸੀ। ਹੁਣ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਬਣੇ ਉਹੀ ਬੈਂਸ ਭਰਾਵਾਂ ਨੇ ਇਸ ਮਾਮਲੇ ਨੂੰ ਦੁਬਾਰੇ ਫਿਰ ਚੁੱਕਦਿਆਂ ਬੀਤੇ ਦਿਨੀਂ ਪੰਜਾਬ ਸਕੱਤਰੇਤ ਮੂਹਰੇ ਧਰਨਾ ਮਾਰਿਆ ਸੀ। ਐਤਕੀਂ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਸਹਿਯੋਗੀ ਧਿਰ ਆਮ ਆਦਮੀ ਪਾਰਟੀ ਵੀ ਸ਼ਾਮਲ ਹੋ ਗਈ। ਬੈਂਸ ਭਰਾਵਾਂ ਨੇ ਧਮਕੀ ਦਿੱਤੀ ਸੀ ਕਿ ਉਹ ਪਹਿਲੀ ਵਿਧਾਨ ਸਭਾ ਵੱਲੋਂ ਪਾਣੀ ਦੀ ਕੀਮਤ ਵਸੂਲਣ ਦਾ ਮਤਾ ਲਾਗੂ ਕਰਾਉਣ ਖਾਤਰ ਹਰੇਕ ਮੰਗਲਵਾਰ ਨੂੰ ਮੁੱਖ ਮੰਤਰੀ ਦੀ ਕੋਠੀ ਮੂਹਰੇ ਧਰਨਾ ਦਿਆ ਕਰਨਗੇ। ਏਹਦੇ ਮੱਦੇਨਜ਼ਰ ਦੋਵਾਂ ਸਿਆਸੀ ਦਲਾਂ ਨੂੰ ਮੁੱਖ ਮੰਤਰੀ ਨੇ 20 ਨਵੰਬਰ ਨੂੰ ਗੱਲਬਾਤ ਲਈ ਸੱਦਿਆ ਸੀ। ਮੁਲਾਕਾਤ ਤੋਂ ਬਾਅਦ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਕੇਸ ਦੀ ਘੋਖ ਕਰਨ ਖਾਤਰ ਐਡਵੋਕੇਟ ਜਨਰਲ ਨੂੰ ਹਦਾਇਤਾਂ ਦਿੱਤੀਆਂ ਨੇ।

ਸਿਧਾਂਤਕ ਤੌਰ 'ਤੇ ਤਾਂ ਪੰਜਾਬ ਵੱਲੋਂ ਪਾਣੀ ਦੀ ਕੀਮਤ ਵਸੂਲਣੀ ਬੜੀ ਹੱਕ ਬਨਾਜਬ ਜਾਪਦੀ ਹੈ। ਕਿਉਂਕਿ ਰਿਪੇਰੀਅਨ ਅਸੂਲਾਂ ਅਤੇ ਭਾਰਤੀ ਸਵਿਧਾਨ ਮੁਤਾਬਿਕ ਪੰਜਾਬ ਦੇ ਪਾਣੀ 'ਤੇ ਹਰਿਆਣਾ, ਰਾਜਸਥਾਨ ਦਾ ਕੋਈ ਹੱਕ ਨਹੀਂ। ਹਰੇਕ ਸੂਬਾ ਆਪਦੇ ਕੁਦਰਤੀ ਖਜ਼ਾਨੇ ਦੀ ਕੀਮਤ ਵਸੂਲਦਾ ਹੈ। ਜਿਵੇਂ ਕੋਲਾ, ਲੋਹਾ, ਤੇਲ, ਸੰਗਮਰਮਰ ਪੈਦਾ ਕਰਨ ਵਾਲੇ ਸੂਬੇ ਏਹਨੂੰ ਮੁੱਲ ਵੇਚਦੇ ਨੇ ਤਾਂ ਫਿਰ ਪੰਜਾਬ ਦਾ ਕੁਦਰਤੀ ਖਜ਼ਾਨਾ ਦਰਿਆਈ ਪਾਣੀ ਦੀ ਕੀਮਤ ਕਿਉਂ ਨਹੀਂ ਮਿਲ ਸਕਦੀ।

ਪਰ ਗੱਲ ਏਨੀ ਸਿੱਧੀ ਨਹੀਂ ਜਿੰਨੀ ਦੇਖਣ ਨੂੰ ਜਾਪਦੀ। ਕੇਂਦਰ ਸਰਕਾਰ ਨੇ ਰਿਪੇਰੀਅਨ ਸਿਧਾਂਤ ਨੂੰ ਛਿੱਕੇ ਟੰਗ ਕੇ ਅਤੇ ਸਵਿਧਾਨ ਦੀ ਉਲੰਘਣਾ ਕਰਕੇ ਪੰਜਾਬ ਦੇ ਪਾਣੀ 'ਤੇ ਓਹਦਾ ਪੂਰਾ-ਸੂਰਾ ਹੱਕ ਖੋਹ ਲਿਆ ਹੈ। ਇਹ ਹੱਕ ਉਦੋਂ ਖੋਹਿਆ ਗਿਆ ਜਦੋਂ 1966 ਵਿੱਚ ਪੰਜਾਬ ਦੀ ਵੰਡ ਹੋਈ। ਵੰਡ ਕਰਨ ਵਾਲੇ



**ਪਾਣੀਆਂ ਦੇ ਮਸਲੇ 'ਤੇ ਸਿਮਰਜੀਤ ਸਿੰਘ ਬੈਂਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਮੁਖ ਮੰਤਰੀ ਅਮਰਿੰਦਰ ਸਿੰਘ ਨੂੰ ਮਿਲਦੇ ਹੋਏ।**

ਐਕਟ ਵਿੱਚ ਦਫਾ 78 ਪਾ ਕੇ ਪੰਜਾਬ ਦੇ ਪਾਣੀ ਸਣੇ ਬਿਜਲੀ ਵਿੱਚ ਹਰਿਆਣਾ ਅਤੇ ਰਾਜਸਥਾਨ ਨੂੰ ਵੀ ਹਿੱਸੇਦਾਰ ਬਣਾ ਦਿੱਤਾ ਗਿਆ। ਇਸ ਦਫਾ ਵਿੱਚ ਇਹ ਲਿਖਿਆ ਗਿਆ ਸੀ ਕਿ ਜੇ ਇਹ ਸੂਬੇ ਦੋ ਸਾਲਾਂ ਵਿੱਚ ਪਾਣੀ ਦੀ ਖੁਦ ਵੰਡ ਕਰ ਲੈਣ ਉਹ ਵੀ ਕੇਂਦਰ ਦੀ ਮਨਜ਼ੂਰੀ ਨਾਲ ਤਾਂ ਖਰੀ ਵਾਹ ਵਾਹ ਨਹੀਂ ਤਾਂ ਕੇਂਦਰ ਖੁਦ ਵੰਡ ਕਰੂਗਾ। ਕੇਂਦਰ ਸਰਕਾਰ 1976 ਵਿੱਚ ਇਹ ਵੰਡ ਕਰ ਦਿੱਤੀ ਤੇ ਏਹਨੂੰ ਫੇਰ 19-20 ਦੇ ਫਰਕ ਨਾਲ 31 ਦਸੰਬਰ 1981 ਨੂੰ ਮੁੜ ਸੋਧਿਆ। ਕੁੱਲ ਪਾਣੀ ਨੂੰ 15 ਹਿੱਸੇ ਮੰਨ ਕੇ ਰਾਜਸਥਾਨ ਨੂੰ ਸਾਢੇ 8 ਹਿੱਸਿਆਂ ਤੋਂ ਵੀ ਵੱਧ ਪਾਣੀ ਅਲਾਟ ਕੀਤਾ ਗਿਆ। ਹਰਿਆਣੇ ਨੂੰ ਸਾਢੇ 3 ਤੇ ਕੁਛ ਹਿੱਸਾ ਦਿੱਲੀ ਨੂੰ ਦਿੱਤਾ ਗਿਆ। ਬਾਕੀ ਪਾਣੀ ਪੰਜਾਬ ਦੇ ਹਿੱਸੇ ਆਇਆ। ਦਿੱਲੀ ਨੂੰ ਅਲਾਟ ਹੋਇਆ ਪਾਣੀ ਕਿਸੇ ਕਾਨੂੰਨ ਤੋਂ ਬਾਹਰੋ ਬਾਹਰ ਹੈ। ਏਹਤੋਂ ਇਲਾਵਾ ਚੰਡੀਗੜ੍ਹ ਨੂੰ ਬਿਨਾਂ ਕਿਸੇ ਅਲਾਟਮੈਂਟ ਤੋਂ ਪਾਣੀ ਮਿਲ ਰਿਹਾ ਹੈ। ਜਦਕਿ ਦਿੱਲੀ ਨੂੰ 29 ਜਨਵਰੀ 1955 ਨੂੰ ਹੋਏ ਇੱਕ ਸਮਝੌਤੇ ਤਹਿਤ ਪਾਣੀ ਮਿਲਦਾ ਹੈ। ਇਸ ਤਰ੍ਹਾਂ ਦਫਾ 78 ਨੇ ਸਭ ਕਾਸੇ ਨੂੰ ਉਲੰਘ ਕੇ (ਸੁਪਰਸੀਡ ਕਰਕੇ) ਹਰਿਆਣੇ ਤੇ ਰਾਜਸਥਾਨ ਨੂੰ ਜਦੋਂ ਪਾਣੀ ਦੀ ਮਾਲਕੀ ਵਿੱਚ ਕਾਨੂੰਨੀ ਹਿੱਸੇਦਾਰ ਬਣਾਇਆ ਹੈ ਤਾਂ ਇਸ ਹਿੱਸੇ ਦੀ ਕੀਮਤ ਪੰਜਾਬ ਕਿਵੇਂ ਮੰਗ ਸਕਦਾ ਹੈ। ਪੰਜਾਬ ਦੇ ਹਿਤੈਸ਼ੀਆਂ ਕੋਲ ਕੀਮਤ ਵਸੂਲਣ ਦੀਆਂ ਬੜੀਆਂ ਨਿੱਗਰ ਦਲੀਲਾਂ ਹੋਣ ਪਰ ਇਹ ਕਾਨੂੰਨ ਦੀ ਨਜ਼ਰ ਵਿੱਚ ਕੋਈ ਵੁੱਕਤ ਨਹੀਂ ਰੱਖਦੀਆਂ। ਪੰਜਾਬ ਵਿਧਾਨ ਸਭਾ ਦੇ ਮਤੇ ਮੁਤਾਬਿਕ ਭਾਵੇਂ ਪੰਜਾਬ ਸਰਕਾਰ ਇਨ੍ਹਾਂ ਸੂਬਿਆਂ ਨੂੰ ਪਾਣੀ ਦਾ ਬਿੱਲ ਘੱਲ ਦੇਵੇ ਪਰ ਇਹ ਕਾਨੂੰਨ ਦੀ ਨਜ਼ਰ ਵਿੱਚ ਹਾਸੋਹੀਣੀ ਗੱਲ ਹੋਵੇਗੀ।

ਜਿਵੇਂ ਕਿਸੇ ਖੇਤ ਦੇ ਕੁਦਰਤੀ ਮਾਲਕ ਦੀ ਮਾਲਕੀ ਕੋਈ ਦੂਜਾ ਬੰਦਾ ਗੈਰਕਾਨੂੰਨੀ ਢੰਗ ਨਾਲ ਆਪ ਦੇ ਨਾਂ ਕਰਾ ਜਾਵੇ ਤਾਂ ਕਾਨੂੰਨ ਦੀ ਨਜ਼ਰ ਵਿੱਚ ਦੂਜਾ ਬੰਦਾ ਹੀ ਓਹਦਾ ਮਾਲਕ ਮੰਨਿਆ ਜਾਵੇਗਾ। ਹੁਣ ਜੇ ਪਹਿਲਾ ਬੰਦਾ ਦੂਜੇ ਬੰਦੇ ਨੂੰ ਖੇਤ ਦੇ ਠੇਕੇ ਵਟਾਈ ਦਾ ਬਿੱਲ ਘੱਲੇ ਤਾਂ ਦੂਜਾ ਪਹਿਲੇ ਨੂੰ ਕਿਉਂ ਪੈਸੇ ਦਿਊਗਾ। ਭਾਵੇਂ ਪਹਿਲਾ ਬੰਦਾ ਲੱਖ ਦੁਹਾਈ ਪਾਈ ਜਾਵੇ ਕਿ ਖੇਤ ਦਾ ਅਸਲ ਮਾਲਕ ਤਾਂ ਮੈਂ ਹੀ ਹਾਂ। ਜਿਨ੍ਹਾਂ ਚਿਰ ਪਹਿਲਾ ਬੰਦਾ ਜਮਾਂਬੰਦੀ ਦੇ ਖਾਨਾ ਮਾਲਕੀ ਵਿੱਚੋਂ ਦੂਜੇ ਦਾ ਨਾਂਅ ਖਾਰਜ਼ ਕਰਾ ਕੇ ਆਪਦਾ ਨਹੀਂ ਪੁਆਉਂਦਾ ਓਨਾ ਚਿਰ ਦੂਜਾ ਬੰਦਾ ਪਹਿਲੇ ਨੂੰ ਧੇਲੇ ਦਾ ਵੀ ਦਵਾਲ ਨਹੀਂ। ਸੋ ਦਫਾ 78 ਨੂੰ ਜੜੋਂ ਪੁੱਟੇ ਬਿਨ੍ਹਾਂ ਪੰਜਾਬ ਨੂੰ ਕਿਸੇ ਨੇ ਆਨਾ ਵੀ ਨਹੀਂ ਦੇਣਾ। ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਬਜਟ ਸੈਸ਼ਨ ਵਿੱਚ ਦਫਾ 78 ਨੂੰ ਰੱਦ ਕਰਾਉਣ ਦੀ ਕੋਸ਼ਿਸ਼ ਵਜੋਂ ਜਿਹੜਾ ਨਿੱਜੀ ਬਿੱਲ੍ਹ (ਮਤਾ) ਸਪੀਕਰ ਕੋਲ ਦਰਜ਼ ਕਰਾਇਆ ਸੀ ਜੇ ਉਸੇ ਕੋਸ਼ਿਸ਼ ਨੂੰ ਅਗਾਂਹ ਵਧਾਉਣ ਦਾ ਉਦਮ ਕੀਤਾ ਜਾਂਦਾ ਤਾਂ ਹੀ ਉਹ ਇਸੇ ਦਿਸ਼ਾ ਵਿੱਚ ਸਹੀ ਕਦਮ ਹੋਣਾ ਸੀ। ਪਰ ਪੰਜਾਬ ਦੀ ਕੋਈ ਵੀ ਸਿਆਸੀ ਧਿਰ ਬੇਇਨਸਾਫੀ ਦੀ ਅਸਲ ਜੜ੍ਹ ਦਫਾ 78 ਦਾ ਨਾਂਅ ਲੈਣ ਨੂੰ ਵੀ ਤਿਆਰ ਨਹੀਂ।

**(ਸਿੱਖ ਸਿਆਸਤ ਤੋਂ ਧੰਨਵਾਦ ਸਹਿਤ)**

# ਕਿਸਾਨਾਂ ਵੱਲੋਂ ਨੰਗੇ ਧੜ ਰੋਸ ਮੁਜ਼ਾਹਰਾ



**ਗੰਨੇ ਦਾ ਭਾਅ ਵਧਾਉਣ ਲਈ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਨੰਗੇ ਧੜ ਹੋ ਕੇ ਸੂਬਾ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਦੇ ਹੋਏ।**

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼**

ਪੰਜਾਬ ਸਰਕਾਰ ਵੱਲੋਂ ਗੰਨੇ ਦਾ ਭਾਅ ਨਾ ਵਧਾਉਣ ਤੋਂ ਖ਼ਫ਼ਾ ਹੋਏ ਸੂਬੇ ਦੇ ਕਿਸਾਨਾਂ ਨੇ ਅੱਜ ਵੱਡੀ ਗਿਣਤੀ ਵਿੱਚ ਨੰਗੇ ਧੜ ਹੋ ਕੇ ਹੁਕਮਰਾਨਾਂ ਦਾ ਪਿੱਟ ਸਿਆਪਾ ਕੀਤਾ। ਪੰਜਾਬ ਦੇ ਵੱਖ ਵੱਖ ਹਿੱਸਿਆਂ 'ਚੋਂ ਇੱਥੇ ਪੁੱਜੇ ਕਿਸਾਨ ਗੁਰਦੁਆਰਾ ਅੰਬ ਸਾਹਿਬ ਦੇ ਬਾਹਰ ਇਕੱਠੇ ਹੋਏ, ਜਿੱਥੇ ਖੁੱਲ੍ਹੇ ਪੰਡਾਲ ਵਿੱਚ ਕਿਸਾਨਾਂ ਦੇ ਸਿਰ ਚੜ੍ਹੇ ਕਰਜ਼ੇ ਅਤੇ ਹੋਰ ਭਖਦੇ ਮੁੱਦਿਆਂ 'ਤੇ ਚਰਚਾ ਕਰਨ ਮਗਰੋਂ ਅਰਦਾਸ ਕੀਤੀ ਗਈ। ਉਪਰੰਤ ਵੱਡੇ ਕਾਫ਼ਲੇ ਦੇ ਰੂਪ ਵਿੱਚ ਮੁਹਾਲੀ ਦੀਆਂ ਸੜਕਾਂ 'ਤੇ ਰੋਸ ਮਾਰਚ ਕਰਦਿਆਂ ਕਿਸਾਨਾਂ ਨੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨ ਲਈ ਕੂਚ ਕੀਤਾ ਪਰ ਪੁਲੀਸ ਨੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਸੜਕ 'ਤੇ ਬੈਰੀਕੇਡ ਲਗਾ ਕੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕ ਲਿਆ, ਜਿਸ ਕਾਰਨ ਕਿਸਾਨ ਸੜਕ 'ਤੇ ਹੀ ਧਰਨਾ ਲਗਾ ਕੇ ਬੈਠ ਗਏ।

ਇਸ ਰੋਸ ਮੁਜ਼ਾਹਰੇ ਦੀ ਅਗਵਾਈ ਲੋਕ ਭਲਾਈ ਇਨਸਾਫ਼ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ, ਦੋਆਬਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਮਨਜੀਤ ਸਿੰਘ ਰਾਏ ਅਤੇ ਮਾਲਵੇ ਖੇਤਰ ਦੇ ਪ੍ਰਧਾਨ ਹਰਿੰਦਰ ਸਿੰਘ ਨੇ ਕੀਤੀ। ਉਧਰ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਸਮੇਤ ਕਈ ਹੋਰਨਾਂ ਜਥੇਬੰਦੀਆਂ ਨੇ ਵੀ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਜਥੇਬੰਦੀ ਦੇ ਆਗੂ ਹਰਿੰਦਰ ਸਿੰਘ ਲੱਖੋਵਾਲ, ਨਛੱਤਰ ਸਿੰਘ ਬੈਦਵਾਨ ਅਤੇ ਜਸਪਾਲ ਸਿੰਘ ਨਿਆਮੀਆਂ ਵੀ ਹਾਜ਼ਰ ਸਨ। ਇਸ ਮੌਕੇ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਕਿਸਾਨਾਂ ਨਾਲ ਧੱਕੇਸ਼ਾਹੀ ਤੇ ਬੇਇਨਸਾਫ਼ੀ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਖੰਡ ਮਿੱਲਾਂ ਨੂੰ ਲਾਭ ਪਹੁੰਚਾਉਣ ਦੀ ਮਨਸ਼ਾ ਨਾਲ ਕਿਸਾਨਾਂ ਦੇ ਹਿੱਤਾਂ ਨੂੰ ਕੁਚਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੰਨੇ ਦੀ ਪਿੜਾਈ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ, ਪਰ ਅਜੇ ਵੀ 45 ਕਰੋੜ ਰੁਪਏ ਮਿੱਲਾਂ ਵੱਲ ਬਕਾਇਆ ਖੜ੍ਹੇ ਹਨ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਗੰਨੇ ਦਾ ਉਚਿੱਤ ਭਾਅ ਪ੍ਰਤੀ ਕੁਇੰਟਲ 350 ਰੁਪਏ ਅਤੇ ਬਕਾਇਆ ਰਾਸ਼ੀ ਦਾ ਤੁਰੰਤ ਭੁਗਤਾਨ ਕੀਤਾ ਜਾਵੇ।

ਮੁਹਾਲੀ ਦੇ ਐਸਡੀਐਮ ਡਾ. ਆਰ.ਪੀ. ਸਿੰਘ ਨੇ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੁੱਖ ਮੰਤਰੀ ਦੇ ਨਾਂ ਲਿਖਿਆ ਮੰਗ ਪੱਤਰ ਹਾਸਲ ਕੀਤਾ। ਉਨ੍ਹਾਂ ਕਿਸਾਨਾਂ ਨੂੰ ਦੱਸਿਆ ਕਿ ਅੱਜ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਸਰਕਾਰ ਨੇ ਸਾਲ 2017-18 ਦੇ ਪਿੜਾਈ ਸੀਜ਼ਨ ਲਈ ਗੰਨੇ ਦੇ ਭਾਅ ਵਿੱਚ 10 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਕਿਸਾਨਾਂ ਨੇ ਅਧਿਕਾਰੀ ਦੀ ਗੱਲ ਮੰਨਦਿਆਂ ਧਰਨਾ ਖ਼ਤਮ ਕਰਨ ਦਾ ਐਲਾਨ ਕੀਤਾ।

# ਪੰਜ ਸਾਲਾਂ 'ਚ ਕਾਫ਼ੀ ਪਿਛੜ ਚਲਿਆ ਹੈ ਆਪ' ਦਾ ਸ਼ਫ਼ਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜ ਸਾਲ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੇ ਜ਼ੋਰਦਾਰ ਸ਼ੁਰੂਆਤ ਕੀਤੀ ਸੀ। ਪਰ ਉਨ੍ਹਾਂ ਦੇ ਵਿਕਾਸ ਦੀ ਕਹਾਣੀ ਉਸ ਕੰਪਨੀ ਦੇ ਸ਼ੇਅਰ ਨਾਲ ਕੀਤੀ ਜਾ ਸਕਦੀ ਹੈ ਜਿਸ ਦਾ ਆਈਪੀਓ ਤਾਂ ਧਮਾਕੇਦਾਰ ਰਿਹਾ ਪਰ ਹਰੇਕ ਵਰ੍ਹੇ ਉਸ ਦੇ ਸ਼ੇਅਰਾਂ 'ਚ ਉਤਾਰ-ਚੜ੍ਹਾਅ ਆਉਂਦਾ ਰਿਹਾ। ਪੰਜ ਸਾਲ ਪਹਿਲਾਂ 26 ਨਵੰਬਰ ਦੇ ਦਿਨ ਜਦੋਂ ਆਪ' ਦਾ ਗਠਨ ਹੋਇਆ ਸੀ ਤਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੇ ਆਪ ਨੂੰ ਆਮ ਆਦਮੀ ਦਾ ਚਿਹਰਾ ਗਰਦਾਨਿਆ ਸੀ। ਉਨ੍ਹਾਂ ਲੋਕਾਂ ਦੇ ਦਿਲਾਂ 'ਚ ਥਾਂ ਬਣਾਈ ਅਤੇ ਛੇਤੀ ਦਿੱਲੀ ਵਿਧਾਨ ਸਭਾ 'ਤੇ ਕਬਜ਼ਾ ਵੀ ਕਰ ਲਿਆ। ਸਮੇਂ ਦੇ ਨਾਲ ਹੁਣ ਕੇਜਰੀਵਾਲ ਦਾ ਪ੍ਰਭਾਵ ਲਗਾਤਾਰ ਘਟਦਾ ਜਾ ਰਿਹਾ ਹੈ ਅਤੇ ਉਹ ਕੌਮੀ ਰਾਜਧਾਨੀ ਤਕ ਸੀਮਤ ਰਹਿ ਗਏ ਹਨ। ਪਿਛਲੇ ਪੰਜ ਸਾਲਾਂ ਦੌਰਾਨ ਆਪ' ਨੇ ਚਾਰ ਵਿਧਾਨ ਸਭਾ ਚੋਣਾਂ ਲੜੀਆਂ ਜਿਨ੍ਹਾਂ 'ਚੋਂ 2013 ਅਤੇ 2015 'ਚ ਦਿੱਲੀ 'ਤੇ ਉਨ੍ਹਾਂ ਕਬਜ਼ਾ ਜਮਾਇਆ ਜਦਕਿ ਪੰਜਾਬ 'ਚ ਪਾਰਟੀ



**ਆਮ ਆਦਮੀ ਪਾਰਟੀ ਦੇ ਪੰਜਵੇਂ ਸਥਾਪਨਾ ਦਿਵਸ ਸਮਾਗਮ ਮੌਕੇ ਕਨਵੀਨਰ ਅਰਵਿੰਦ ਕੇਜਰੀਵਾਲ, ਭਗਵੰਤ ਮਾਨ , ਕੁਮਾਰ ਵਿਸ਼ਵਾਸ ਤੇ ਹੋਰ ਨੇਤਾ।**

ਵਿਰੋਧੀ ਧਿਰ ਬਣਨ 'ਚ ਕਾਮਯਾਬ ਰਹੀ ਅਤੇ ਗੋਆ 'ਚ ਤਾਂ ਭੱਠਾ ਹੀ ਬੈਠ ਗਿਆ। ਉਨ੍ਹਾਂ ਦੇ ਕੌਮੀ ਪਾਰਟੀ ਬਣਨ ਦੇ ਸੁਪਨਿਆਂ ਨੂੰ ਬੂਰ ਨਾ ਪਿਆ। ਕੇਜਰੀਵਾਲ ਦੀਆਂ ਨੀਤੀਆਂ ਕਰਕੇ ਪਾਰਟੀ ਦੇ ਸਹਿ ਬਾਨੀ ਪ੍ਰਸ਼ਾਂਤ ਭੂਸ਼ਣ ਅਤੇ ਯੋਗੇਂਦਰ ਯਾਦਵ ਵਰਗੇ ਵੱਡੇ ਆਗੂ ਉਨ੍ਹਾਂ ਤੋਂ ਦੂਰ ਹੋ ਗਏ। ਯੋਗੇਂਦਰ ਯਾਦਵ ਮੁਤਾਬਕ ਆਪ' ਕੋਈ ਵੀ ਵਾਅਦਾ ਪੂਰਾ ਕਰਨ 'ਚ ਨਾਕਾਮ ਰਹੀ। ਦਿੱਲੀ ਆਧਾਰਿਤ ਸੈਂਟਰ ਫਾਰ ਸਟੱਡੀ ਆਫ਼ ਡਵੈਲਪਿੰਗ ਸੁਸਾਇਟੀਜ਼ ਦੇ ਸਿਆਸੀ ਮਾਹਿਰ ਸੰਜੇ ਕੁਮਾਰ ਮੁਤਾਬਕ ਪਿਛਲੇ ਤਿੰਨ ਸਾਲਾਂ 'ਚ ਕੇਜਰੀਵਾਲ ਦਾ ਵੀ ਗਰਾਫ ਹੇਠਾਂ ਗਿਆ ਹੈ।

# ਬਰਤਾਨਵੀ ਪ੍ਰਿੰਸ ਹੈਰੀ ਤੇ ਅਮਰੀਕੀ ਅਦਾਕਾਰਾ ਮੇਘਨ ਮਰਕਲ ਦਾ ਸ਼ਾਹੀ ਵਿਆਹ ਅਗਲੇ ਵਰ੍ਹੇ

**ਲੰਡਨ/ਬਿਊਰੋ ਨਿਊਜ਼**, ਬ੍ਰਿਟੇਨ ਦੇ ਪ੍ਰਿੰਸ ਹੈਰੀ ਦਾ ਉਨ੍ਹਾਂ ਦੀ ਅਮਰੀਕੀ ਪ੍ਰੇਮਿਕਾ ਮੇਘਨ ਮਰਕਲ ਨਾਲ ਅਗਲੇ ਵਰ੍ਹੇ ਵਿਆਹ ਹੋਵੇਗਾ। ਸਰਕਾਰੀ ਐਲਾਨ ਮੁਤਾਬਕ ਇਸ ਮਹੀਨੇ ਦੇ ਸ਼ੁਰੂ 'ਚ ਦੋਹਾਂ ਦਾ ਮੰਗਣਾ ਹੋ ਗਿਆ ਸੀ। ਤਲਾਕਸ਼ੁਦਾ ਮਰਕਲ ਬਰਤਾਨਵੀ ਸਾਮਰਾਜ 'ਚ ਸ਼ਾਮਲ ਹੋਣ ਵਾਲਾ ਹੈਰਾਨੀ ਭਰਿਆ ਨਾਮ ਹੈ। ਹੈਰੀ ਦੇ ਪਿਤਾ ਪ੍ਰਿੰਸ ਚਾਰਲਸ ਦੀ ਤਰਫੋਂ ਜਾਰੀ ਬਿਆਨ 'ਚ ਮਰਕਲ ਨਾਲ ਉਸ ਦੇ ਮੰਗਣੇ ਦਾ ਐਲਾਨ ਕੀਤਾ ਗਿਆ। ਕਲੇਰੈਂਸ ਹਾਊਸ ਨੇ ਕਿਹਾ ਕਿ ਪ੍ਰਿੰਸ ਹੈਰੀ ਨੇ ਮਹਾਰਾਣੀ ਐਲਿਜ਼ਾਬੈੱਥ ਦੂਜੀ ਨੂੰ ਮਰਕਲ ਨਾਲ ਵਿਆਹ ਕਰਾਉਣ



ਦੀ ਜਾਣਕਾਰੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਉਸ ਨੇ ਮਰਕਲ ਦੇ ਮਾਪਿਆਂ ਤੋਂ ਵੀ ਆਸ਼ੀਰਵਾਦ ਲੈ ਲਿਆ ਸੀ। ਨਵਾਂ ਵਿਆਹਿਆ ਜੋੜਾ ਕੇਨਸਿੰਗਟਨ ਪੈਲੇਸ ਦੇ ਨੌਟਿੰਘਮ ਕਾਟੇਜ 'ਚ ਰਹੇਗਾ। ਹੈਰੀ ਅਤੇ ਮਰਕਲ ਜੁਲਾਈ 2016 ਤੋਂ ਇਕ-ਦੂਜੇ ਦੇ ਨਜ਼ਦੀਕ ਆਏ ਸਨ ਅਤੇ ਉਨ੍ਹਾਂ ਦੇ ਛੇਤੀ ਵਿਆਹ ਦੀਆਂ ਕਿਆਸਅਰਾਈਆਂ ਲਗਣੀਆਂ ਸ਼ੁਰੂ ਹੋ ਗਈਆਂ ਸਨ।

ਅਮਰੀਕੀ ਲੀਗਲ ਡਰਾਮਾ 'ਸੂਇਟਸ' ਦੀ ਅਦਾਕਾਰਾ ਮੇਘਨ ਪਿਛਲੇ ਹਫ਼ਤੇ ਹੀ ਕੇਨਸਿੰਗਟਨ ਪੈਲੇਸ 'ਚ ਆ ਗਈ ਸੀ ਅਤੇ ਚੈਲਸੀ 'ਚ ਖ਼ਰੀਦਦਾਰੀ ਦੀਆਂ ਉਸ ਦੀਆਂ ਤਸਵੀਰਾਂ ਨਸ਼ਰ ਹੋਈਆਂ ਸਨ। ਉਂਜ ਸ਼ਾਹੀ ਖਾਨਦਾਨ ਤਲਾਕਸ਼ੁਦਾ ਨਾਲ ਵਿਆਹ ਦੀ ਇਜਾਜ਼ਤ ਨਹੀਂ ਦਿੰਦਾ ਪਰ 2005 'ਚ ਮਹਾਰਾਣੀ ਨੇ ਪ੍ਰਿੰਸ ਚਾਰਲਸ ਨੂੰ ਕੈਮਿਲਾ ਨਾਲ ਵਿਆਹ ਕਰਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ ਜੋ ਤਲਾਕਸ਼ੁਦਾ ਸੀ।

## ਸਿੱਖ ਸਦਭਾਵਨਾ ਦਲ ਨੂੰ ਪਾਵਨ ਸਰੂਪ ਦੇਣ ਤੋਂ ਨਾਂਹ



ਖ਼ਾਲਸਾ ਮਾਰਚ ਮੌਕੇ ਵਿਚਾਰ-ਵਟਾਂਦਰਾ ਕਰਦੇ ਹੋਏ ਭਾਈ ਬਲਦੇਵ ਸਿੰਘ ਵਡਾਲਾ।

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼:** ਸਿੱਕਿਮ ਵਿਖੇ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਬਹਾਲੀ ਲਈ ਸਿੱਖ ਸਦਭਾਵਨਾ ਦਲ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਖ਼ਾਲਸਾ ਮਾਰਚ ਕੱਢਣ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨਾ ਦਿੱਤੇ ਜਾਣ ਕਾਰਨ ਸੰਗਤ ਵਿੱਚ ਰੋਸ ਹੈ। ਮਾਰਚ ਦੀ ਅਗਵਾਈ ਕਰ ਰਹੇ ਭਾਈ ਬਲਦੇਵ ਸਿੰਘ ਵਡਾਲਾ ਨੇ ਪਾਵਨ ਸਰੂਪ ਨਾ ਦਿੱਤੇ ਜਾਣ ਲਈ ਸ਼੍ਰੋਮਣੀ ਕਮੇਟੀ ਦੀ ਨਿਖੇਧੀ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਮਾਰਚ ਲਈ ਪਾਵਨ ਸਰੂਪ ਬਹਾਦਰਗੜ੍ਹ ਦੇ ਗੁਰਦੁਆਰੇ ਤੋਂ ਲਿਆਂਦੇ। ਭਾਈ ਵਡਾਲਾ ਨੇ ਦੱਸਿਆ ਕਿ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਨੇ 'ਉੱਪਰੋਂ ਪਾਵਨ ਸਰੂਪ ਨਾ ਦਿੱਤੇ ਜਾਣ ਦੇ ਹੁਕਮ ਹਨ' ਕਹਿ ਕੇ ਉਨ੍ਹਾਂ ਨੂੰ ਸਰੂਪ ਦੇਣ ਤੋਂ ਨਾਂਹ ਕਰ ਦਿੱਤੀ ਤੇ ਲਿਖਤੀ ਸਬੂਤਾਂ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਦਲ ਵੱਲੋਂ ਪਹਿਲਾਂ ਵੀ ਮਾਰਚ ਅਤੇ ਪੰਜ ਨਗਰ ਕੀਰਤਨ ਸਜਾਏ ਜਾ ਚੁੱਕੇ ਹਨ, ਪਰ ਉਦੋਂ ਉਨ੍ਹਾਂ ਤੋਂ ਕਿਸੇ ਵੀ ਤਰ੍ਹਾਂ ਦੇ ਸਬੂਤ ਦੀ ਮੰਗ ਨਹੀਂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਦੇਸ਼-ਵਿਦੇਸ਼ ਦੀ ਸੰਗਤ ਨੂੰ ਪਤਾ ਸੀ ਕਿ 27 ਨਵੰਬਰ ਨੂੰ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਬਹਾਲੀ ਲਈ ਖ਼ਾਲਸਾ ਮਾਰਚ ਕੱਢਿਆ ਜਾਣਾ ਸੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਮੇਟੀ ਦੀਆਂ ਇਨ੍ਹਾਂ 'ਵਧੀਕੀਆਂ' ਕਰ ਕੇ ਹੀ ਉਨ੍ਹਾਂ ਨੇ ਭਾਈ ਸੁਖਦੇਵ ਸਿੰਘ ਭੌਰ ਦੀ ਅਗਵਾਈ ਹੇਠ ਪੰਥਕ ਫਰੰਟ ਬਣਾਇਆ ਹੈ। ਉਨ੍ਹਾਂ ਮੰਗ ਕੀਤੀ ਕਿ ਪਾਵਨ ਸਰੂਪ ਦੇਣ ਤੋਂ ਇਨਕਾਰ ਕਰਨ ਵਾਲੇ ਮੁਲਾਜ਼ਮ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ। ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨਾਲ ਗੱਲ ਨਹੀਂ ਹੋ ਸਕੀ। ਇਸ ਸਬੰਧੀ ਗੁਰਦੁਆਰੇ ਦੇ ਮੈਨੇਜਰ ਭਾਈ ਜਸਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇਣ ਤੋਂ ਇਨਕਾਰ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਖ਼ਾਲਸਾ ਮਾਰਚ ਕੱਢੇ ਜਾਣ ਸਬੰਧੀ ਕੋਈ ਵੀ ਜਾਣਕਾਰੀ ਨਹੀਂ ਸੀ। ਉਨ੍ਹਾਂ ਨੇ ਮਾਰਚ ਦੇ ਪ੍ਰਬੰਧਕਾਂ ਨੂੰ ਲਿਖਤੀ ਰੂਪ ਵਿੱਚ ਅਰਜ਼ੀ ਦੇ ਕੇ ਪਾਵਨ ਸਰੂਪ ਮੰਗਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਇਹ ਕਦਮ ਚੁੱਕਿਆ ਗਿਆ ਹੈ।

### ਲੁਧਿਆਣਾ ਵਿੱਚ ਮਿਲੇ ਸੁਖਮਨੀ ਸਾਹਿਬ ਦੇ ਖਿੱਲਰੇ ਪੰਨੇ

ਲੁਧਿਆਣਾ: ਸਨਅਤੀ ਸ਼ਹਿਰ ਦੇ ਚੰਦਰ ਨਗਰ ਇਲਾਕੇ ਦੀ ਛੋਟੀ ਪੁਲੀ ਕੋਲ ਸੁਖਮਨੀ ਸਾਹਿਬ ਦੇ ਪੰਨੇ ਮਿਲੇ ਹਨ। ਲੋਕਾਂ ਨੇ ਪੰਨਿਆਂ ਨੂੰ ਇੱਕਠਾ ਕੀਤਾ ਤੇ ਥਾਣਾ ਡਿਵੀਜ਼ਨ ਨੰਬਰ 4 ਦੀ ਪੁਲੀਸ ਨੂੰ ਸ਼ਿਕਾਇਤ ਕੀਤੀ। ਪੁਲੀਸ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਘੋਖ ਰਹੀ ਹੈ। ਛੋਟੀ ਪੁਲੀ ਨੇੜੇ ਸਿੱਧੂ ਆਟੋ ਸਪੇਅਰ ਪਾਰਟਸ ਦੇ ਪ੍ਰਬੰਧਕ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਉਹ ਦੁਪਹਿਰ ਬਾਅਦ ਆਪਣੀ ਦੁਕਾਨ ਤੋਂ ਬਾਹਰ ਨਿਕਲੇ ਤਾਂ ਦੇਖਿਆ ਕਿ ਕਿ ਸੁਖਮਨੀ ਸਾਹਿਬ ਦੇ ਪੰਨੇ ਸੜਕ 'ਤੇ ਖਿਲਰੇ ਪਏ ਸਨ। ਉਨ੍ਹਾਂ ਤੇ ਸਤਵਿੰਦਰ ਸਿੰਘ ਨੇ ਪੰਨੇ ਇੱਕਠੇ ਕੀਤੇ। ਕੁਝ ਪੰਨੇ ਚੰਦਰ ਨਗਰ ਨਾਲੋਂ ਨਿਕਲ ਰਹੇ ਬੁੱਢੇ ਨਾਲੇ ਨੇੜਲੀ ਸੜਕ 'ਤੇ ਵੀ ਮਿਲੇ। ਸੂਚਨਾ ਮਿਲਣ 'ਤੇ ਪੁਲੀਸ ਟੀਮ ਨੇ ਪੜਤਾਲ ਸ਼ੁਰੂ ਕਰ ਦਿੱਤੀ।

## ਪੁਲਿਸ ਵਲੋਂ ਬਹਿਬਲ ਕਾਂਡ ਗੋਲੀਬਾਰੀ ਦੀ ਅਧੂਰੀ ਰਿਪੋਰਟ ਪੇਸ਼ ਕਰਨ 'ਤੇ ਅਦਾਲਤ ਨੇ 29 ਜਨਵਰੀ ਤਕ ਪੂਰੀ ਰਿਪੋਰਟ ਪੇਸ਼ ਕਰਨ ਦੇ ਦਿੱਤੇ ਹੁਕਮ

**ਫ਼ਰੀਦਕੋਟ/ ਸਿੱਖ ਸਿਆਸਤ ਬਿਊਰੋ:** ਸਾਲ 2015 'ਚ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਅਕਤੂਬਰ 2015 ਵਿੱਚ ਸ਼ਾਂਤਮਈ ਰੋਸ ਪ੍ਰਗਟਾਅ ਰਹੇ ਸਿੱਖਾਂ ਉੱਤੇ ਪੰਜਾਬ ਪੁਲਿਸ ਵਲੋਂ ਕੀਤੀ ਗਈ ਗੋਲੀਬਾਰੀ ਨਾਲ ਮਾਰੇ ਗਏ ਸਿੱਖਾਂ ਅਤੇ ਜ਼ਖਮੀਆਂ ਦੇ ਸਬੰਧ 'ਚ ਥਾਣਾ ਬਾਜਾਖਾਨਾ ਵਿੱਚ "ਅਣਪਛਾਤੇ" ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਦਰਜ ਹੋਏ ਕਤਲ ਅਤੇ ਇਰਾਦਾ ਕਤਲ ਦੇ ਮਾਮਲੇ ਵਿੱਚ ਅਦਾਲਤੀ ਹੁਕਮਾਂ ਦੇ ਬਾਵਜੂਦ ਪੁਲਿਸ ਨੇ ਮੁਕੰਮਲ ਰਿਪੋਰਟ ਅਦਾਲਤ ਵਿੱਚ ਪੇਸ਼ ਨਹੀਂ ਕੀਤੀ ਹੈ। ਪੁਲਿਸ ਦੀ ਸਟੇਟਸ ਰਿਪੋਰਟ ਨਾਲ ਅਸਹਿਮਤ ਹੁੰਦਿਆਂ ਜੁਡੀਸ਼ਲ ਮੈਜਿਸਟਰੇਟ ਸ਼ਵੇਤਾ ਦਾਸ ਨੇ ਪੁਲਿਸ ਨੂੰ ਹਦਾਇਤ ਕੀਤੀ ਹੈ ਕਿ 29 ਜਨਵਰੀ 2018 ਤੱਕ ਸਮੁੱਚੇ ਮਾਮਲੇ ਦੀ ਰਿਪੋਰਟ ਅਦਾਲਤ ਸਾਹਮਣੇ ਪੇਸ਼ ਕੀਤੀ ਜਾਵੇ।

ਮੀਡੀਆ ਦੀਆਂ ਖ਼ਬਰਾਂ ਅਤੇ ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਨੇ ਇਲਾਕਾ ਮੈਜਿਸਟ੍ਰੇਟ ਦੇ ਹੁਕਮਾਂ 'ਤੇ ਅਦਾਲਤ ਵਿੱਚ ਮੌਜੂਦਾ ਸਥਿਤੀ ਦੀ ਰਿਪੋਰਟ ਪੇਸ਼ ਕੀਤੀ ਸੀ। ਪੁਲਿਸ ਨੇ ਦਾਅਵਾ ਕੀਤਾ ਕਿ ਬਹਿਬਲ ਕਲਾਂ 'ਚ ਪੁਲਿਸ ਵਲੋਂ ਚਲਾਈ ਗਈ ਗੋਲੀ ਨਾਲ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਮਾਮਲੇ ਦੀ 'ਵਿਸ਼ੇਸ਼ ਜਾਂਚ ਟੀਮ' ਪੜਤਾਲ ਕਰ ਰਹੀ ਹੈ। ਪੁਲਿਸ ਵਲੋਂ ਚਲਾਈ ਗੋਲੀ ਨਾਲ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਵਿਸ਼ੇਸ਼ ਜਾਂਚ ਟੀਮ ਦੇ ਡਾਇਰੈਕਟਰ ਨੇ ਉੱਚ ਪੱਧਰੀ ਪੜਤਾਲ ਤੋਂ ਬਾਅਦ "ਅਣਪਛਾਤੇ ਪੁਲਿਸ" ਮੁਲਾਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਸੀ।



ਕ੍ਰਿਸ਼ਨ ਭਗਵਾਨ ਸਿੰਘ ਦੇ ਪਰਿਵਾਰ ਦੀ ਇੱਕ ਪੁਰਾਣੀ ਯਾਦ।

ਸਰਕਾਰ ਅਤੇ ਪੁਲਿਸ ਵੱਲੋਂ ਦੋਸ਼ੀਆਂ ਖ਼ਿਲਾਫ਼ ਲੰਮਾ ਸਮਾਂ ਕਾਰਵਾਈ ਨਾ ਕੀਤੇ ਜਾਣ ਤੋਂ ਪ੍ਰੇਸ਼ਾਨ ਪੀੜਤ ਪਰਿਵਾਰਾਂ ਨੇ ਦੋਸ਼ੀਆਂ ਵਿਰੁੱਧ ਅਦਾਲਤ ਵਿੱਚ ਇਸਤਗਾਸਾ ਦਾਇਰ ਕਰ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ। ਪੀੜਤਾਂ ਦੇ ਵਕੀਲ ਅਮਿਤ ਕੁਮਾਰ ਨੇ ਦੱਸਿਆ ਕਿ ਮੋਗਾ ਦੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ, ਐੱਸ.ਪੀ. ਬਿਕਰਮ ਸਿੰਘ ਤੇ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਖ਼ਿਲਾਫ਼ ਅਦਾਲਤ ਵਿੱਚ ਇਸਤਗਾਸਾ ਦਾਇਰ ਕੀਤਾ ਹੈ। ਇਸ ਕੇਸ ਵਿੱਚ ਹੁਣ ਤੱਕ ਕਰੀਬ ਅੱਧੀ ਦਰਜਨ ਗਵਾਹ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ। ਗਵਾਹਾਂ ਨੇ ਆਪਣੇ ਬਿਆਨਾਂ ਵਿੱਚ ਆਈ.ਜੀ. ਪੱਧਰ ਦੇ ਆਈ.ਪੀ.ਐੱਸ. ਅਧਿਕਾਰੀ ਨੂੰ ਵੀ ਗੋਲੀ ਕਾਂਡ ਲਈ ਦੋਸ਼ੀ ਠਹਿਰਾਇਆ ਹੈ।

## ਹਰਿਮੰਦਰ ਸਾਹਿਬ ਦੇ ਘੰਟਾ ਘਰ ਦੀ ਦਰਸ਼ਨੀ ਡਿਓਢੀ ਦੀ ਕਾਰ ਸੇਵਾ ਆਰੰਭ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸੱਚਖੰਡ ਸ੍ਰੀ ਹਰਿਮੰਦਰ ਦੇ ਮੁੱਖ ਪ੍ਰਵੇਸ਼ ਦੁਆਰ ਘੰਟਾ ਘਰ ਦੀ ਦਰਸ਼ਨੀ ਡਿਓਢੀ ਦੇ ਨਵੀਨੀਕਰਨ ਦੀ ਕਾਰ ਸੇਵਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ੁਰੂ ਕੀਤੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀ ਵਾਲਿਆਂ ਨੂੰ ਸੌਂਪੀ ਗਈ। ਕਾਰ ਸੇਵਾ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਸ੍ਰੀ ਅਨੰਦ ਸਾਹਿਬ ਦਾ ਪਾਠ ਅਤੇ ਅਰਦਾਸ ਕੀਤੀ। ਕਾਰ ਸੇਵਾ ਦੀ ਸ਼ੁਰੂਆਤ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਘੰਟਾ ਘਰ ਵਾਲੀ ਦਰਸ਼ਨੀ ਡਿਓਢੀ ਨੂੰ ਨਵਿਆਉਣ ਲਈ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਕਾਰ ਸੇਵਾ ਦਿੱਤੀ ਗਈ ਹੈ ਅਤੇ ਇਸ ਤਹਿਤ ਡਿਓਢੀ ਦਾ ਨਵਾਂ ਫਰਸ਼ ਲਗਾਉਣ, ਛੱਤ ਹੇਠਾਂ ਮੀਨਾਕਾਰੀ ਕਰਨ ਅਤੇ ਮੁੱਖ ਗੁੰਬਦ 'ਤੇ ਸੋਨਾ ਲਾਉਣ ਦਾ ਕਾਰਜ ਕੀਤਾ ਜਾਵੇਗਾ। ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਕਿਹਾ ਕਿ ਇਹ ਸੇਵਾ ਉਹ ਸੰਗਤਾਂ ਦੇ ਸਹਿਯੋਗ ਨਾਲ ਜਲਦੀ ਹੀ ਸੰਪੰਨ ਕਰਨਗੇ ਅਤੇ ਇਸ ਲਈ ਮਾਹਿਰਾਂ ਦੀ ਮਦਦ ਲਈ ਜਾਵੇਗੀ। ਡਿਓਢੀ ਦੇ ਨਵੀਨੀਕਰਨ ਦੌਰਾਨ ਅਪਾਹਜ ਅਤੇ ਬਜ਼ੁਰਗ ਸ਼ਰਧਾਲੂਆਂ ਵਾਸਤੇ ਪ੍ਰਕਰਮਾ ਵਿਚ ਜਾਣ ਲਈ ਦੋ ਲਿਫਟਾਂ ਦਾ ਵੀ ਪ੍ਰਬੰਧ ਹੋਵੇਗਾ। ਕੇਂਦਰੀ ਸਿੱਖ ਅਜਾਇਬ ਘਰ ਵਾਸਤੇ ਵੱਖਰੇ ਰਸਤੇ ਬਣਾਏ ਜਾ ਰਹੇ ਹਨ ਜਦੋਂਕਿ ਡਿਓਢੀ ਵਿਚੋਂ ਮੌਜੂਦ ਰਸਤੇ ਬੰਦ ਹੋ ਜਾਣਗੇ। ਇਸ ਮੌਕੇ ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਬਲਵਿੰਦਰ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ , ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਭਿੱਟੇਵਡ ਤੇ ਭਾਈ ਰਾਮ ਸਿੰਘ, ਭਾਈ ਮਨਜੀਤ ਸਿੰਘ, ਰਜਿੰਦਰ ਸਿੰਘ ਮਹਿਤਾ ਤੇ ਹੋਰ ਹਾਜ਼ਰ ਸਨ।



### ਬਿਕਰਮ ਮਜੀਠੀਏ ਵਿਰੁਧ ਲੱਗੇ ਦੋਸ਼ਾਂ ਦੀ ਜਾਂਚ ਜਾਰੀ-ਕੈਪਟਨ

*ਸਫ਼ਾ ਇਕ ਦੀ ਬਾਕੀ*

ਤੌਰ 'ਤੇ ਦੋਸ਼ ਲਾਉਂਦੇ ਰਹੇ ਹਨ ਅਤੇ ਇੱਕ ਦਿਨ ਪਹਿਲਾਂ ਉਨ੍ਹਾਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਪ੍ਰੈਸ ਕਾਨਫਰੰਸ ਮੌਕੇ ਦਾਅਵਾ ਕੀਤਾ ਸੀ ਕਿ ਇਸ ਮਾਮਲੇ ਵਿੱਚ ਉਨ੍ਹਾਂ ਕੋਲ ਸਬੂਤ ਹਨ। ਇੱਥੇ ਪੰਜਾਬ ਵਿਧਾਨ ਸਭਾ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦਾ ਮਾਮਲਾ ਬਹੁਤ ਗੰਭੀਰ ਹੈ। ਇਸ ਵਿੱਚ ਕਿਸੇ ਨੂੰ ਕਲੀਨ ਚਿੱਟ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਮਜੀਠੀਆ ਵਿਰੁੱਧ ਦੋਸ਼ਾਂ ਦੀ ਜਾਂਚ ਈ.ਡੀ., ਨਰਕੋਟਿਕਸ ਬਿਊਰੋ ਅਤੇ ਡੀਆਰਆਈ ਸਮੇਤ ਕੁਝ ਹੋਰ ਸਰਕਾਰੀ ਏਜੰਸੀਆਂ ਕਰ ਰਹੀਆਂ ਹਨ ਤੇ ਪੰਜਾਬ ਪੁਲੀਸ, ਕੇਂਦਰੀ ਜਾਂਚ ਏਜੰਸੀਆਂ ਨੂੰ ਸਹਿਯੋਗ ਦੇ ਰਹੀ ਹੈ। ਕੈਪਟਨ ਨੇ ਕਿਹਾ ਕਿ 'ਆਪ' ਆਗੂ ਸੁਖਪਾਲ ਖਹਿਰਾ ਬਾਰੇ ਨਸ਼ਿਆਂ ਦਾ ਮਾਮਲਾ ਅਦਾਲਤ ਵਿੱਚ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਨਸ਼ਿਆਂ ਦੀ ਸਮਗਲਿੰਗ ਦੇ ਦੋਸ਼ 'ਚ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਉਣ ਅਤੇ 'ਆਪ' ਵਿਧਾਇਕਾਂ ਵੱਲੋਂ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਗੰਭੀਰ ਮਸਲੇ ਦਾ ਮਜ਼ਾਕ ਉਡਾ ਰਹੀ ਹੈ। ਦੋਵਾਂ ਮਾਮਲਿਆਂ ਵਿੱਚ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ ਤੇ ਸਰਕਾਰ ਕੋਈ ਦਖ਼ਲਅੰਦਾਜ਼ੀ ਨਹੀਂ ਕਰੇਗੀ।

ਉਨ੍ਹਾਂ ਕਿਹਾ ਕਿ ਦੋਵੇਂ ਵਿਰੋਧੀ ਪਾਰਟੀਆਂ ਪਹਿਲੀ ਵਾਰ ਸਦਨ ਵਿੱਚ ਲੋਕਾਂ ਦੇ ਮੁੱਦੇ ਉਠਾਉਣ ਦੀ ਬਜਾਏ ਆਪਸ 'ਚ ਉਲਝ ਕੇ ਰਹਿ ਗਈਆਂ ਹਨ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ਪਾਰਟੀਆਂ ਸਦਨ ਦਾ ਸਮਾਂ ਵਧਾਉਣ ਦੀ ਮੰਗ ਕਰ ਰਹੀਆਂ ਹਨ ਤੇ ਆਪਸੀ ਦੂਸ਼ਣਬਾਜ਼ੀ ਵਿੱਚ ਸਦਨ ਦਾ ਕੀਮਤੀ ਸਮਾਂ ਬਰਬਾਦ ਕਰ ਰਹੀਆਂ ਹਨ। ਉਨ੍ਹਾਂ ਸਦਨ ਦੀ ਕਾਰਵਾਈ ਵਿੱਚ ਰੁਕਾਵਟ ਪਾ ਕੇ ਕੀਮਤੀ ਸਮਾਂ ਬਰਬਾਦ ਕਰਨ ਦੀ ਨਿਖੇਧੀ ਕੀਤੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਵਿਰੋਧੀ ਧਿਰ ਦੀ ਭੂਮਿਕਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਦਾ ਲੋਕ ਮਸਲਿਆਂ ਨਾਲ ਕੋਈ ਸਰੋਕਾਰ ਨਹੀਂ ਹੈ।

### ਕਰਜ਼ਾ ਮੁਆਫ਼ੀ ਦੀ ਪਹਿਲੀ ਕਿਸ਼ਤ 15 ਦਸੰਬਰ ਨੂੰ ਹੋਵੇਗੀ ਜਾਰੀ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਕਿਸਾਨ ਕਰਜ਼ਾ ਮੁਆਫ਼ੀ ਦੀ ਪਹਿਲੀ ਕਿਸ਼ਤ 15 ਦਸੰਬਰ ਨੂੰ ਜਾਰੀ ਕਰ ਕੇ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦੇਵੇਗੀ। ਇਸ ਸਬੰਧੀ ਸਮਾਗਮ ਬਠਿੰਡਾ ਵਿੱਚ ਕਰਵਾਉਣ ਦੀ ਸੰਭਾਵਨਾ ਹੈ। ਪਹਿਲੇ ਗੇੜ ਵਿੱਚ ਸਹਿਕਾਰੀ ਕਰਜ਼ੇ ਦੀ ਕਿਸ਼ਤ ਦਿੱਤੀ ਜਾਵੇਗੀ। ਕੌਮੀਕ੍ਰਿਤ ਬੈਂਕਾਂ ਅਤੇ ਪ੍ਰਾਈਵੇਟ ਬੈਂਕਾਂ ਦੇ ਕਰਜ਼ਈ ਕਿਸਾਨਾਂ ਦੀਆਂ ਸੂਚੀਆਂ ਤਿਆਰ ਹੋਣ 'ਚ ਅਜੇ ਦੋ ਹਫ਼ਤਿਆਂ ਦਾ ਹੋਰ ਸਮਾਂ ਲੱਗਣ ਦੇ ਆਸਾਰ ਹਨ।

### ਜਲੰਧਰ ਦੇ ਨੌਜਵਾਨ ਦਾ ਜੈਕਸਨ ਸ਼ਹਿਰ 'ਚ ਲੁਟੇਰਿਆ ਹੱਥੋਂ ਕਤਲ

ਜਿਉਂ ਹੀ ਉਹ ਕਾਰ ਵਿਚੋਂ ਉਤਰੇ, ਉਨ੍ਹਾਂ ਨੂੰ ਲੁਟੇਰਿਆਂ ਨੇ ਘੇਰ ਲਿਆ। ਉਨ੍ਹਾਂ ਦੇ ਹੱਥਾਂ ਵਿਚ ਹਥਿਆਰ ਸਨ। ਲੁਟੇਰਿਆਂ ਨੇ ਉਨ੍ਹਾਂ ਕੋਲੋਂ ਪੈਸੇ ਤੇ ਮੋਬਾਈਲ ਖੋਹ ਲਏ ਅਤੇ ਗੋਲੀਆਂ ਚਲਾਉਣ ਲੱਗ ਪਏ। ਗੋਲੀ ਸੰਦੀਪ ਦੇ ਲੱਗੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੰਦੀਪ ਪਰਿਵਾਰ ਵਿਚ ਇਕਲੌਤਾ ਪੁੱਤਰ ਸੀ। ਪ੍ਰਾਪਤ ਅਨੁਸਾਰ, ਸੰਦੀਪ ਸਿੰਘ ਚਾਰ ਸਾਲ ਪਹਿਲਾਂ ਟੂਰਿਸਟ ਵੀਜ਼ੇ 'ਤੇ ਅਮਰੀਕਾ ਆਇਆ ਸੀ ਤੇ ਹੁਣ ਉਸ ਨੂੰ ਗ੍ਰੀਨ ਕਾਰਡ ਮਿਲਣ ਵਾਲਾ ਸੀ। ਯਾਦ ਰਹੇ ਕਿ ਅਮਰੀਕਾ ਵਿਚ 15 ਨਵੰਬਰ ਨੂੰ ਪਿੰਡ ਖੋਥੜਾਂ ਦੇ ਨੌਜਵਾਨ ਧਰਮਪ੍ਰੀਤ ਸਿੰਘ ਦੀ ਵੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

### ਸੰਯੁਕਤ ਰਾਸ਼ਟਰ ਨੇ ਪੁਲੀਸ ਤਸ਼ੱਦਦ ਤੇ ਨਸਲਵਾਦ ਮਾਮਲੇ 'ਤੇ ਭਾਰਤ ਦੀ ਕੀਤੀ ਝਾਂੜ-ਝੰਬ

ਘਟਨਾ ਨੂੰ ਦੁਖਦਾਈ ਕਹਿ ਕੇ ਪੱਲਾ ਝਾੜ ਲਿਆ। ਭਾਰਤ ਨੇ ਇਸ ਨੂੰ ਨਸਲੀ ਹਮਲਾ ਮੰਨਣ ਤੋਂ ਵੀ ਨਾਂਹ ਕਰ ਦਿੱਤੀ ਸੀ। ਰਿਪੋਰਟ ਵਿੱਚ ਭਾਰਤ ਨੂੰ ਏਐਫਐਸਪੀਏ ਵਿੱਚ ਸੋਧ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ। ਹਥਲੀ ਰਿਪੋਰਟ ਪੰਜ ਮੁਲਕਾਂ ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਹੈ। ਇਨ੍ਹਾਂ ਮੁਲਕਾਂ ਦੇ ਨੁਮਾਇੰਦਿਆਂ ਨੇ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਭਾਰਤ ਦਾ ਗੇੜਾ ਲਾਇਆ ਸੀ। ਸਾਲ 2012 ਤੱਕ ਹਰੇਕ ਦੇਸ਼ ਨੂੰ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਆਪਣੇ ਆਪ ਰਿਪੋਰਟ ਦੇਣ ਦਾ ਹੱਕ ਦਿੱਤਾ ਗਿਆ ਸੀ, ਪਰ ਪੰਜ ਸਾਲ ਪਹਿਲਾਂ ਰਿਪੋਰਟ ਤਿਆਰ ਕਰਨ ਦਾ ਹੱਕ ਦੂਜੇ ਪੰਜ ਮੁਲਕਾਂ ਦੇ ਹਵਾਲੇ ਕਰਨ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਪੋਲ ਖੁੱਲ੍ਹਣ ਲੱਗੇ ਹਨ। ਇੱਕ ਹੋਰ ਜਾਣਕਾਰੀ ਅਨੁਸਾਰ ਯੂਐਨਓ ਨੇ ਵਿਸ਼ਵ ਦੇ ਹਰੇਕ ਨਾਗਰਿਕ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸ਼ਿਕਾਇਤ ਸੰਗਠਨ ਕੋਲ ਕਰਨ ਦਾ ਅਧਿਕਾਰ ਦਿੱਤਾ ਹੈ। ਪੁਲੀਸ, ਸਰਕਾਰ ਜਾਂ ਹੋਰ ਵੱਡੇ ਅਦਾਰਿਆਂ ਖ਼ਿਲਾਫ਼ ਸ਼ਿਕਾਇਤ ਪ੍ਰਵਾਨ ਕੀਤੀ ਜਾਵੇਗੀ, ਪਰ ਨਿੱਜੀ ਮਸਲਿਆਂ 'ਤੇ ਸ਼ਿਕਾਇਤਾਂ ਨਹੀਂ ਲਈਆਂ ਜਾਣਗੀਆਂ।ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਰੋਹਿਤ ਚਤਰਥ ਨੇ ਕਿਹਾ ਹੈ ਕਿ ਯੂਐਨਓ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸ਼ਿਕਾਇਤ ਦਾ ਹੱਕ ਆਮ ਨਾਗਰਿਕ ਨੂੰ ਦੇਣ ਬਾਰੇ ਜਾਣਕਾਰੀ ਹੈ। ਉਨ੍ਹਾਂ ਭਾਰਤ ਦੀ ਖਿਚਾਈ ਵਾਲੀ ਗੱਲ ਤੋਂ ਇਨਕਾਰ ਕੀਤਾ ਹੈ।

### ਉੱਦਮੀ ਔਰਤਾਂ ਦੇ ਕਾਰੋਬਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ-ਇਵਾਂਕਾ ਟਰੰਪ

ਨੂੰ ਉਤਸ਼ਾਹਿਤ ਕਰਨਾ ਨਾ ਕੇਵਲ ਸਾਡੇ ਸਮਾਜ ਲਈ ਚੰਗਾ ਹੈ ਸਗੋਂ ਇਹ ਸਾਡੀ ਆਰਥਿਕਤਾ ਲਈ ਵੀ ਵਧੀਆ ਹੈ। ਇਕ ਅਧਿਐਨ ਦੇ ਅਨੁਮਾਨਾਂ ਮੁਤਾਬਿਕ ਵਿਸ਼ਵ ਪੱਧਰ 'ਤੇ ਔਰਤਾਂ ਤੇ ਮਰਦਾਂ ਵਿਚਕਾਰ ਕਾਰੋਬਾਰ ਦਾ ਪਾੜਾ ਘਟਣ ਨਾਲ ਸਾਡੇ ਵਿਸ਼ਵ ਦੀ ਵਿਕਾਸ ਦਰ 2 ਫ਼ੀਸਦੀ ਵਧ ਸਕਦੀ ਹੈ ? ਕਾਰੋਬਾਰੀ ਔਰਤ, ਫੈਸ਼ਨ ਡਿਜ਼ਾਈਨਰ ਅਤੇ ਅਮਰੀਕੀ ਰਾਸ਼ਟਰਪਤੀ ਦੀ ਸਭ ਤੋਂ ਵੱਡੀ ਪੁੱਤਰੀ 36 ਸਾਲਾ ਇਵਾਂਕਾ ਟਰੰਪ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੂਨ ਮਹੀਨੇ ਵਾਈਟ ਹਾਊਸ ਦੀ ਫੇਰੀ ਦੌਰਾਨ ਸੰਮੇਲਨ ਵਿਚ ਭਾਸ਼ਣ ਦੇਣ ਲਈ ਸੱਦਾ ਦਿੱਤਾ ਸੀ। ਉਨ੍ਹਾਂ ਆਪਣਾ ਭਾਸ਼ਣ ਇਸ ਗੱਲ 'ਤੇ ਜ਼ੋਰ ਦਿੰਦਿਆਂ ਸ਼ੁਰੂ ਕੀਤਾ ਕਿ ਕਿਵੇਂ ਵਿਸ਼ਵ ਦੇ ਉਦਮੀ ਸਾਡੀਆਂ ਅਰਥਵਿਵਸਥਾਵਾਂ ਵਿਚ ਇਨਕਲਾਬ ਲਿਆ ਰਹੇ ਹਨ ਅਤੇ ਸਾਡੇ ਸਮਾਜ ਵਿਚ ਸੁਧਾਰ ਕਰ ਰਹੇ ਹਨ।

### ਇਵਾਂਕਾ-ਮੋਦੀ ਮੁਲਾਕਾਤ

ਇਥੇ ਵਿਸ਼ਵ ਉੱਦਮਤਾ ਸੰਮੇਲਨ ਵਿਚ ਹਿੱਸਾ ਲੈ ਰਹੀ ਅਮਰੀਕੀ ਰਾਸ਼ਟਰਪਤੀ ਦੀ ਪੁੱਤਰੀ ਇਵਾਂਕਾ ਟਰੰਪ ਦੇ ਸਵਾਗਤ ਸਰਕਾਰ ਦੇ ਨਾਲ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੱਬਾਂ ਭਾਰ ਨਜ਼ਰ ਆਏ। ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਦੀ ਵਿਸ਼ੇਸ਼ ਸਲਾਹਕਾਰ ਧੀ ਨੂੰ ਉਚੇਚਾ ਸਨਮਾਨ ਦਿੰਦਿਆਂ ਇੱਥੇ ਸੰਮੇਲਨ ਦੇ ਡੈਲੀਗੇਟਾਂ ਦੇ ਸਨਮਾਨ ਵਿੱਚ ਦਿੱਤੇ ਵਿਸ਼ੇਸ਼ ਡਿਨਰ ਮੌਕੇ ਇਵਾਂਕਾ ਨਾਲ ਬੈਠ ਕੇ ਭੋਜਨ ਖਾਧਾ।

ਇਵਾਂਕਾ ਨੇ ਇਥੇ ਪਹੁੰਚਣ ਪਿੱਛੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਗ਼ ਸਰਕਾਰ ਦੇ ਪ੍ਰੈਸ ਸੂਚਨਾ ਵਿਭਾਗ ਨੇ ਦੋਵਾਂ ਦੇ ਗਰਮਜੋਸ਼ੀ ਨਾਲ ਹੱਥ ਮਿਲਾਉਣ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਪਰ ਮੀਟਿੰਗ ਦੌਰਾਨ ਹੋਈ ਗੱਲਬਾਤ ਦੇ ਤੁਰੰਤ ਵੇਰਵੇ ਨਹੀਂ ਮਿਲ ਸਕੇ। ਉਹ ਸੰਮੇਲਨ ਵਿਚ ਅਮਰੀਕੀ ਉੱਦਮੀਆਂ ਦੇ ਗਰੁੱਪ ਦੀ ਅਗਵਾਈ ਕਰ ਰਹੀ ਹੈ ਗ਼ ਇਸ ਸੰਮੇਲਨ ਦਾ ਮੁੱਖ ਵਿਸ਼ਾ ਔਰਤ ਪਹਿਲਾਂ, ਸਾਰਿਆਂ ਲਈ ਖੁਸ਼ਹਾਲੀ' ਸੀ।

# ਗੁਰੂ ਦੇ ਹਮਸਫ਼ਰ ਤੇ ਗੁਰਮਤ ਸੰਗੀਤਕਾਰ ਭਾਈ ਮਰਦਾਨਾ ਜੀ

**ਸ਼ਫੀ ਮੁਹੰਮਦ**



ਗੁਰਮਤਿ ਸੰਗੀਤ ਇਕ ਸਨਮੁਖ ਸੰਗੀਤ ਹੈ ਜਿਸ ਦੀ ਲੀਹ ਸਭ ਤੋਂ ਪਹਿਲਾਂ ਭਾਈ ਮਰਦਾਨਾ ਜੀ ਨੇ ਤੋਰੀ। ਉਹ ਅਜਿਹਾ ਭਾਗਾਂ ਵਾਲਾ ਇਨਸਾਨ ਸੀ ਜਿਸ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਇਲਾਹੀ ਬਾਣੀ ਨੂੰ ਸੁਣਿਆ ਤੇ ਬਾਬੇ ਨਾਨਕ ਪਾਸੋਂ ਹੀ ਬਾਣੀ ਨੂੰ ਸੰਗੀਤਬੱਧ ਕਰਨ ਦੇ ਗੁਰ ਸਿੱਖੇ।

ਨਾਨਕ ਪਾਤਸ਼ਾਹ ਦਾ ਮਰਦਾਨੇ ਨੂੰ ਫੁਰਮਾਨ ਸੀ ਕਿ ਰਾਗ ਵਿਚ ਬਾਣੀ ਨੂੰ ਮਿਲਾ ਕੇ ਗਾਉਣ ਨਾਲ ਦੋਹੀਂ ਜਹਾਨੀਂ ਭਲਾ ਹੁੰਦਾ ਹੈ। ਭਾਈ ਮਰਦਾਨੇ ਨੂੰ ਗੁਰੂ ਘਰ ਦਾ ਪਹਿਲਾ ਰਬਾਬੀ ਤੇ ਸਰੋਤਾ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਗੁਰੂ ਨਾਨਕ ਜੀ ਬਾਣੀ ਸਿਰਜਣ ਮੌਕੇ ਭਾਈ ਮਰਦਾਨੇ ਨੂੰ ਕਹਿੰਦੇ, "ਮਰਦਾਨਿਆ ! ਰਬਾਬ ਵਜਾਇ ਬਾਣੀ ਆਈਏ", ਤਾਂ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਦੇ ਮੁਖਾਰਬਿੰਦ ਤੋਂ ਬਾਣੀ ਸੁਣ ਕੇ ਉਸ ਨੂੰ ਸੰਗੀਤਬੱਧ ਕਰਕੇ ਰਬਾਬ ਵਜਾਉਂਦੇ ਸਨ। ਮਿਸਾਲ ਵਜੋਂ ਗੁਰੂ ਨਾਨਕ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਗਾਉੜੀ ਮਹਲਾ ੧-ਸ਼ੁੱਧ ਰਾਗ-ਅੰਗ 154, ਗਾਉੜੀ ਚੇਤੀ ਮਹਲਾ ੧ ਛਾਇਆ ਲੰਗਤ ਰਾਗ ਅੰਗ-156 ਅਤੇ ਗਾਉੜੀ ਪੂਰਬੀ ਦੀਪਦੀ-ਸੰਕੀਰਣ ਰਾਗ-ਅੰਗ 157 ਰਾਗ ਗਾਉੜੀ ਵਿਚ ਤਿੰਨਾਂ ਕਿਸਮਾਂ ਵਿਚ ਬਾਣੀ ਦੀ ਸਿਰਜਣਾ ਕੀਤੀ ਹੈ। ਭਾਈ ਮਰਦਾਨਾ ਇਨ੍ਹਾਂ ਰਾਗ ਭੇਦਾਂ ਨੂੰ ਕੰਠ ਕਰਕੇ ਬਾਬੇ ਨਾਨਕ ਨਾਲ ਬਾਣੀ ਦਾ ਕੀਰਤਨ ਕਰਦੇ ਸਨ।

ਬਾਬੇ ਨਾਨਕ ਨੇ ਆਪਣੇ ਮੁਰੀਦ ਭਾਈ ਮਰਦਾਨੇ ਨੂੰ ਰਾਗ ਵਿੱਦਿਆ ਵਿਚ ਪ੍ਰਪੱਕ ਕਰਕੇ ਗੁਰੂ ਕੀਰਤਨ ਦੀ ਨੀਂਹ ਰੱਖੀ ਜਿਹੜੀ ਬਾਣੀ ਕੀਰਤਨ ਦੀ ਪਰੰਪਰਾ ਜ਼ਰੀਏ ਅੱਜ ਤੱਕ ਵੀ ਕਾਇਮ ਹੈ।

ਭਾਈ ਮਰਦਾਨੇ ਦਾ ਬਾਬੇ ਨਾਨਕ ਦੇ ਘਰ ਮੁੱਢ ਤੋਂ ਹੀ ਆਉਣਾ ਜਾਣਾ ਸੀ। ਭਾਈ ਮਰਦਾਨੇ ਦਾ ਜਨਮ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸੇਖੂਪੁਰ (ਹੁਣ ਪਾਕਿਸਤਾਨ) ਵਿਚ ਮਾਤਾ ਲੱਖੋ ਦੀ ਕੁੱਖੋਂ 1516 ਬਿਕਰਮੀ ਸੰਨ 1459 ਈ. ਨੂੰ ਪਿਤਾ ਮੀਰ ਬਾਦਰਾ ਦੇ ਗ੍ਰਿਹਿ ਵਿਖੇ ਹੋਇਆ।

ਭਾਈ ਮਰਦਾਨੇ ਦੀ ਬੰਸਾਵਲੀ ਅਨੁਸਾਰ ਭਾਈ ਮਰਦਾਨੇ ਦੇ ਦੋ ਪੁੱਤਰ ਰਜਾਦਾ ਅਤੇ ਸਜਾਦਾ ਤੇ ਇਕ ਪੁੱਤਰੀ ਸੀ ਜਿਸ ਦਾ ਵਿਆਹ ਬਾਬੇ ਨਾਨਕ ਨੇ ਆਪਣੇ ਹੱਥੀਂ ਬੜੇ ਚਾਅ ਨਾਲ ਕੀਤਾ ਸੀ। ਅੱਗੋਂ ਸਜਾਦਾ ਦੇ ਦੋ ਪੁੱਤਰ ਬਾਦੂ ਤੇ ਸਾਦੂ ਹੋਏ ਤੇ ਫਿਰ ਬਾਦੂ ਦੇ ਇਕ ਪੁੱਤਰ ਗੁਲਾਬਾ ਪੈਦਾ ਹੋਇਆ।

ਅੱਗੋਂ ਗੁਲਾਬਾ ਦੇ ਪੰਜ ਪੁੱਤਰ ਭਾਈ ਗਾਮੂ, ਬਾਈ ਰਹਿਮਤ ਅਲੀ, ਭਾਈ ਆਸ਼ਕ ਅਲੀ (ਲਾਲ ਜੀ), ਮੁਹੰਮਦ ਹੁਸੈਨ ਤੇ ਕਰਮ ਹੁਸੈਨ ਹੋਏ ਸਨ। ਮਰਦਾਨਾ ਪਰਿਵਾਰ ਦੀਆਂ ਇਨ੍ਹਾਂ ਸਾਰੀਆਂ ਪੁਸ਼ਤਾਂ ਨੇ ਕੀਰਤਨ ਦੀ ਸੇਵਾ ਨਾਲ ਸੰਗਤਾਂ ਨੂੰ ਨਿਹਾਲ ਕਰਕੇ ਆਪਣੀ ਸੰਗੀਤ ਕਲਾਂ ਨੂੰ ਅਮਰ ਕਰ ਲਿਆ।

ਭਾਈ ਮਰਦਾਨਾ ਨੇ ਲਗਪਗ 54 ਸਾਲ ਗੁਰੂ ਨਾਨਕ ਜੀ ਨਾਲ ਰਬਾਬ ਵਜਾਉਣ ਦੀ ਸੇਵਾ ਨਿਭਾਈ। ਉਸ ਦੀ ਰਬਾਬ ਅਦਾਇਗੀ ਕਾਬਲੇ ਤਾਰੀਫ ਸੀ। ਸੰਗੀਤ ਉਸ ਦੇ ਹੱਡੀਂ ਰਚਿਆ ਹੋਇਆ ਸੀ। ਉਸ ਦੀ ਵਾਦਨ ਕਲਾ ਸਿਰਮੌਰ ਸੀ। ਉਸ ਦੀ ਆਵਾਜ਼ ਸਾਧੀ ਹੋਈ ਸੀ। ਸੱਚਮੁੱਚ ਮਰਦਾਨਾ ਧੁਰੋਂ ਹੀ ਰਾਗ ਦਾ ਵਰੋਸਾਇਆ ਇਨਸਾਨ ਸੀ। ਉਹ ਗਾਇਕੀ ਦੇ ਅਤਿ ਸੂਖਮ ਭੇਦ ਟ੍ਰੰਬ, ਮੁਰਕੀ ਆਦਿ ਨੂੰ ਅਨੋਖੇ ਅੰਦਾਜ਼ ਵਿਚ ਪੇਸ਼ ਕਰਦਾ ਸੀ।

ਇਲਾਹੀ ਬਖਸ਼ਿਸ਼ ਸਦਕਾ ਬਾਬਾ ਨਾਨਕ ਜੀ ਨੂੰ ਜਦੋਂ ਧੁਰੋਂ ਬਾਣੀ ਆਉਂਦੀ ਤਾਂ ਭਾਈ ਮਰਦਾਨਾ ਨਾਲੋ-ਨਾਲ ਉਸ ਨੂੰ ਸੁਰਬੱਧ ਕਰ ਲਿਆ ਕਰਦੇ ਸਨ। ਬਾਬੇ ਨਾਨਕ ਦੀ ਸੰਗਤ ਵਿਚ ਰਹਿ ਕੇ ਮਰਦਾਨੇ ਨੇ 19 ਰਾਗ ਅਲਾਪੇ। ਉਨ੍ਹਾਂ ਨੇ ਕਵਿਤਾ ਤੇ ਰਾਗ ਨੂੰ ਇਕਮਿਕ ਕਰਕੇ ਕੀਰਤਨ ਦਾ ਨਾਮ ਦਿੱਤਾ। ਜੇ ਇਹ ਕਹਿ ਲਿਆ ਜਾਵੇ ਕਿ ਉਸਤਾਦ ਮੁਰਸ਼ਦ ਨੇ ਕਾਮਿਲ ਮੁਰੀਦ ਭਾਈ ਮਰਦਾਨਾ ਪੈਦਾ ਕੀਤਾ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਸਾਰੇ ਗੁਰ-ਇਤਿਹਾਸਕਾਰ ਤੇ ਸਾਖੀਕਾਰ ਇਸ ਵਿਚਾਰ ਨਾਲ ਇਕਮਤ ਹਨ ਕਿ ਭਾਈ ਮਰਦਾਨੇ ਦਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਪਹਿਲਾ ਮਿਲਾਪ 1480 ਈਸਵੀ ਵਿਚ ਹੋਇਆ, 54 ਸਾਲ ਦੇ ਇਸ ਲੰਮੇ ਸਮੇਂ ਦੌਰਾਨ ਉਹ ਚਾਰੇ ਉਦਾਸੀਆਂ ਮੌਕੇ ਗੁਰੂ ਜੀ ਨਾਲ ਰਹੇ। ਪਹਿਲੀ ਪ੍ਰਚਾਰ ਫੇਰੀ (ਉਦਾਸੀ) ਸਮੇਂ ਗੁਰੂ ਸਾਹਿਬ ਦੀ ਉਮਰ 31 ਸਾਲ ਅਤੇ ਭਾਈ ਮਰਦਾਨੇ ਦੀ ਉਮਰ 41 ਸਾਲ ਦੀ ਸੀ।

ਬਾਬੇ ਨਾਨਕ ਨੇ ਲੋਕ ਕਲਿਆਣ ਲਈ ਬੜੇ ਵਿਉਂਤਬੱਧ ਢੰਗ ਨਾਲ ਮਰਦਾਨੇ ਨੂੰ ਨਾਲ ਲੈ ਕੇ ਚਾਰ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕੀਤੀਆਂ। ਪਹਿਲੀ ਉਦਾਸੀ ਹਿੰਦੂਆਂ ਦੇ ਧਰਮ ਅਸਥਾਨਾਂ ਵੱਲ, ਦੂਜੀ ਉਦਾਸੀ ਬੁੱਧ ਧਰਮ ਦੇ ਅਸਥਾਨਾਂ ਵੱਲ, ਤੀਜੀ ਉਦਾਸੀ ਨਾਥਾਂ-ਜੋਗੀਆਂ ਤੇ ਡੇਰਿਆਂ ਵੱਲ ਅਤੇ ਚੌਥੀ ਉਦਾਸੀ ਇਸਲਾਮੀ ਧਰਮ ਅਸਥਾਨਾਂ ਵੱਲ ਕੀਤੀ।

ਇਸ ਸਮੇਂ ਦੌਰਾਨ ਭਾਈ ਮਰਦਾਨੇ ਨੇ ਅਨੇਕ ਪ੍ਰਕਾਰ ਦੇ ਕੌਤਕ ਦੇਖੇ। ਇਨ੍ਹਾਂ ਵਿੱਚ ਕੌਡੇ ਰਾਖਸ਼ ਤੇ ਸੱਜਣ ਠੱਗ ਵਰਗੇ ਦੁਸ਼ਟਾਂ ਨੂੰ ਸਿੱਧੇ ਰਾਹ ਪਾਉਣ, ਵਲੀ ਕੰਧਾਰੀ ਦਾ ਹੰਕਾਰ ਤੋੜਨ ਵਰਗੀਆਂ ਅਲੌਕਿਕ ਘਟਨਾਵਾਂ ਮੁੱਖ ਹਨ।

ਬਾਬੇ ਨਾਨਕ ਦੀ ਸੰਗਤ ਵਿਚ ਹੀ ਭਾਈ ਮਰਦਾਨੇ ਦੀ ਤਾਲੀਮ ਦਾ ਵਿਕਾਸ ਹੋਇਆ। ਉਸ ਅੰਦਰ ਆਗਿਆਕਾਰੀ, ਵਫਾਦਾਰੀ, ਇਮਾਨਦਾਰੀ, ਦਲੇਰੀ, ਸਿਰੜੀ, ਹਿੰਮਤੀ ਆਦਿ ਚੰਗੇ ਗੁਣ ਪੈਦਾ ਹੋਏ।

ਭਾਈ ਮਰਦਾਨਾ ਪਿਤਾ ਪੁਰਖੀ ਰਾਗ ਵਿੱਦਿਆ ਦਾ ਮਾਹਿਰ ਸੀ। ਬਾਬੇ ਨਾਨਕ ਦੀ ਸੰਗਤ ਸਦਕਾ ਹੀ ਭਾਈ ਮਰਦਾਨੇ ਨੂੰ ਸੰਗੀਤ ਦਾ ਸੁਆਮੀ ਕਿਹਾ ਜਾਂਦਾ ਹੈ। ਮੁਗ਼ਲ ਕਾਲ ਦੇ ਵਿਸ਼ਵ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਹਰਿਦਾਸ ਭਾਈ ਮਰਦਾਨਾ ਜੀ ਦੇ ਸ਼ਾਗਿਰਦ ਸਨ। ਅਸਲੋਂ ਹੀ ਭਾਈ ਮਰਦਾਨਾ ਧੁਰ ਦਰਗਾਹੋਂ ਸਾਜ਼-ਆਵਾਜ਼ ਦੇ ਧਨੀ ਸਨ।

ਗੁਰਮਿਤ ਸੰਗੀਤ ਦੀਆਂ ਕਲਾਤਮਿਕ ਬਰੀਕੀਆਂ ਅਤੇ ਸੂਖਮ ਤਰੰਗਾਂ ਨੂੰ ਮਿਲਾ ਕੇ ਸੰਗੀਤ ਤੇ ਬਾਣੀ ਦੀ ਇਕਸੁਰਤਾ ਦੀ ਸਿਖਲਾਈ ਲੈਣ ਦਾ ਪਹਿਲਾ ਮੌਕਾ ਭਾਈ ਮਰਦਾਨਾ ਜੀ ਨੂੰ ਹੀ ਨਸੀਬ ਹੋਇਆ ਹੈ। ਇਹ ਗੱਲ ਬੜੇ ਫ਼ਖ਼ਰ ਨਾਲ ਕਹੀ ਜਾ ਸਕਦੀ ਹੈ ਕਿ ਭਾਈ ਮਰਦਾਨਾ ਗੁਰਮਤਿ ਸੰਗੀਤ ਦਾ ਪਹਿਲਾ ਕੀਰਤਨੀਆ ਸੀ।

ਬਾਬਾ ਨਾਨਕ ਦੇ ਲਾਡਲੇ ਭਾਈ ਮਰਦਾਨਾ 1534 ਈਸਵੀ ਵਿਚ ਪ੍ਰਲੋਕ ਗਮਨ ਕਰ ਗਏ। ਉਨ੍ਹਾਂ ਦੀ ਇੱਛਾ ਮੁਤਾਬਿਕ ਉਨ੍ਹਾਂ ਦਾ ਸਸਕਾਰ ਬਾਬੇ ਨਾਨਕ ਨੇ ਆਪਣੇ ਹੱਥੀਂ ਕੀਤਾ। ਗੁਰੂ ਨਾਨਕ ਦਾ ਲਾਇਆ ਇਹ ਬੂਟਾ ਮੁਰਝਾਇਆ ਨਹੀਂ ਬਲਕਿ ਮਰਦਾਨੇ ਦੀ ਅੰਸ਼ 'ਚੋਂ ਭਾਈ ਲਾਲ ਜੀ ਅੱਜਕਲ੍ਹ ਵੀ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਭਾਈ ਮਰਦਾਨੇ ਦੇ ਵਾਰਸਾਂ ਨੂੰ ਅੱਜ ਦੇ ਸਿੱਖ ਆਗੂ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਆਗਿਆ ਨਹੀਂ ਦੇ ਰਹੇ।

ਭਾਈ ਮਰਦਾਨਾ ਜੀ, ਗੁਰੂ ਸੰਗ ਰਹਿ ਕੇ ਅਮਰ ਹੋ ਗਏ।

(ਪੱਤਰਕਾਰ ਗੁਰਪ੍ਰੀਤ ਲੱਕੀ ਸਰੋਤਾ ਦੇ ਫੇਸਬੁੱਕ ਸਫ਼ੇ ਤੋਂ ਧੰਨਵਾਦ ਸਹਿਤ)

## 'ਪਦਮਾਵਤੀ' ਦੇ ਵਿਦੇਸ਼ਾਂ ਵਿਚ ਰਿਲੀਜ਼ ਉੱਤੇ ਰੋਕ ਸਬੰਧੀ ਪਟੀਸ਼ਨ ਸੁਪਰੀਮ ਕੋਰਟ ਨੇ ਕੀਤੀ ਰੱਦ

**ਨਵੀਂ ਦਿੱਲੀ/ਬਿਊਰੋ ਨਿਊਜ਼,** ਸੁਪਰੀਮ ਕੋਰਟ ਨੇ ਫਿਲਮ ਪਦਮਾਵਤੀ ਖਿਲਾਫ ਉੱਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਵਲੋਂ ਦਿੱਤੇ ਬਿਆਨਾਂ 'ਤੇ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਇਹ ਟਿੱਪਣੀਆਂ ਫਿਲਮ 'ਤੇ ਪਹਿਲਾਂ ਹੀ ਫੈਸਲਾ ਸੁਣਾਉਣ ਵਾਲੀ ਗੱਲ ਹੈ ਜਿਸ ਨੂੰ ਅਜੇ ਸੈਂਸਰ ਬੋਰਡ ਨੇ ਪਾਸ ਕਰਨਾ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਤਾਜ਼ਾ ਪਟੀਸ਼ਨ ਖਾਰਜ ਕਰ ਦਿੱਤੀ ਜਿਸ ਵਿਚ ਪ੍ਰੋਡਿਊਸਰਾਂ 'ਤੇ ਵਿਦੇਸ਼ ਵਿਚ ਫਿਲਮ ਰਿਲੀਜ਼ ਕਰਨ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ। ਵਕੀਲ ਐਮ. ਐਲ. ਸ਼ਰਮਾ ਨੇ ਡਾਇਰੈਕਟਰ ਸੰਜੇ ਲੀਲਾ ਭੰਸਾਲੀ ਅਤੇ ਹੋਰਨਾਂ ਖ਼ਿਲਾਫ਼ ਮਾਣਹਾਨੀ ਅਤੇ ਸਿਨੇਮਾਟੋਗ੍ਰਾਫੀ ਐਕਟ ਸਮੇਤ ਵੱਖ ਵੱਖ ਜੁਰਮਾਂ ਤਹਿਤ ਕੇਸ ਦਰਜ ਕਰਨ ਲਈ ਸੀ. ਬੀ. ਆਈ. ਨੂੰ ਹਦਾਇਤ ਦੇਣ ਦੀ ਮੰਗ ਕੀਤੀ ਸੀ। ਬੈਂਚ ਜਿਸ ਵਿਚ ਜਸਟਿਸ ਏ. ਐਮ. ਖਾਨਵਿਲਕਰ ਅਤੇ ਜਸਟਿਸ ਡੀ. ਵਾਈ. ਚੰਦਰਚੂੜ ਸ਼ਾਮਿਲ ਸਨ ਨੇ ਸ਼ਰਮਾ ਵਲੋਂ ਦਾਇਰ ਤਾਜ਼ਾ ਪਟੀਸ਼ਨ ਵਿਚ ਬੇਨਤੀਆਂ ਨੂੰ ਗਲਤ ਆਖਦੇ ਹੋਏ ਕਿਹਾ ਕਿ ਅਦਾਲਤ ਇਕ ਫਿਲਮ ਬਾਰੇ ਪਹਿਲਾਂ ਕੋਈ ਫ਼ੈਸਲਾ ਨਹੀਂ ਕਰ ਸਕਦੀ ਜਿਸ ਨੂੰ ਅਜੇ ਸੈਂਸਰ ਬੋਰਡ ਨੇ ਪਾਸ ਕਰਨਾ ਹੈ। ਪਟੀਸ਼ਨ ਤੋਂ ਖਿਝੇ ਹੋਏ ਬੈਂਚ ਦੇ ਜੱਜਾਂ ਨੇ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਸ਼ਰਮਾ ਨੂੰ ਕੋਈ ਜੁਰਮਾਨਾ ਨਹੀਂ ਕੀਤਾ ਕਿ ਉਹ ਸੁਪਰੀਮ ਕੋਰਟ ਵਿਚ ਵਕਾਲਤ ਕਰਨ ਵਾਲੇ ਵਕੀਲ ਹਨ।

## 'ਪਦਮਾਵਤੀ' 'ਤੇ ਹਮਲੇ ਖ਼ਿਲਾਫ਼ ਫਿਲਮੀ ਭਾਈਚਾਰੇ ਨੇ ਦਿਖਾਈ ਏਕਤਾ




**ਮੁੰਬਈ/ਬਿਊਰੋ ਨਿਊਜ਼,** ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ' ਖ਼ਿਲਾਫ ਹੋ ਰਹੇ ਪ੍ਰਦਰਸ਼ਨਾਂ ਦਰਮਿਆਨ ਵੱਖ ਵੱਖ ਫਿਲਮ ਐਸੋਸੀਏਸ਼ਨਾਂ ਦੇ ਮੈਂਬਰਾਂ ਨੇ ਅੱਗੇ ਆ ਕੇ ਇਸ 'ਤੇ ਚਿੰਤਾ ਜ਼ਾਹਿਰ ਕਰਦਿਆਂ ਅਜਿਹੀਆਂ ਹਰਕਤਾਂ ਨੂੰ ਸਿਰਜਣਾਤਮਕਤਾ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਇੰਡੀਅਨ ਫਿਲਮਜ਼ ਐਂਡ ਟੀਵੀ ਡਾਇਰੈਕਟਰਜ਼ ਐਸੋਸੀਏਸ਼ਨ (ਆਈਐਫਟੀਡੀਏ) ਨੇ 19 ਹੋਰ ਜਥੇਬੰਦੀਆਂ ਨਾਲ ਮਿਲ ਕੇ ਐਤਵਾਰ ਨੂੰ 15 ਮਿੰਟ ਸ਼ੂਟਿੰਗ ਰੋਕ ਕੇ ਇਥੇ ਫਿਲਮ ਸਿਟੀ 'ਚ 'ਮੈਂ ਆਜ਼ਾਦ ਹੂੰ' ਪ੍ਰਦਰਸ਼ਨ 'ਚ ਸ਼ਮੂਲੀਅਤ ਕੀਤੀ। ਫਿਲਮਸਾਜ਼ ਅਤੇ ਆਈਐਫਟੀਡੀਏ ਦੇ ਕਨਵੀਨਰ ਅਸ਼ੋਕ ਪੰਡਿਤ ਨੇ ਕਿਹਾ ਕਿ ਅਜਿਹੇ ਪ੍ਰਦਰਸ਼ਨ 'ਪਦਮਾਵਤੀ' ਤਕ ਸੀਮਤ ਨਹੀਂ ਹਨ ਸਗੋਂ ਇਹ ਰੁਝਾਨ ਹੀ ਬਣ ਗਿਆ ਹੈ। ਉਨ੍ਹਾਂ ਕਿਹਾ,"ਇਹ ਪ੍ਰਗਟਾਵੇ ਦੀ ਆਜ਼ਾਦੀ, ਪੂਰੀ ਫਿਲਮ ਅਤੇ ਟੀਵੀ ਇੰਡਸਟਰੀ 'ਤੇ ਹਮਲਾ ਹੈ। ਅਸੀਂ ਸਦਮੇ 'ਚ ਹਾਂ ਕਿਉਂਕਿ ਫਿਲਮ ਪ੍ਰੇਮੀਆਂ ਨੂੰ ਛੱਡ ਕੇ ਸਾਨੂੰ ਕਿਤਿਉਂ ਵੀ ਹਮਾਇਤ ਨਹੀਂ ਮਿਲ ਰਹੀ। ਹਰ ਤਿੰਨ ਮਹੀਨਿਆਂ ਬਾਅਦ ਕੋਈ ਨਾ ਕੋਈ ਫਿਲਮ 'ਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਬਸ ਇਸੇ ਦਾ ਅਸੀਂ ਵਿਰੋਧ ਕਰ ਰਹੇ ਹਾਂ।" ਕਰਨੀ ਸੈਨਾ ਵੱਲੋਂ ਫਿਲਮ ਖ਼ਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ,"ਸਾਨੂੰ ਆਪਣੇ ਹਿਸਾਬ ਨਾਲ ਕੰਮ ਕਰਨ, ਲਿਖਣ ਅਤੇ ਫਿਲਮਾਂ ਬਣਾਉਣ ਦਿਉ ਕਿਉਂਕਿ ਜੇਕਰ ਇਹ ਰੁਝਾਨ ਸ਼ੁਰੂ ਹੋ ਗਿਆ ਤਾਂ ਕਰਨੀ ਸੈਨਾ ਅਤੇ ਹੋਰ ਉਨ੍ਹਾਂ ਵਰਗੀਆਂ ਜਥੇਬੰਦੀਆਂ ਤੈਅ ਕਰਨ ਲੱਗ ਪੈਣਗੀਆਂ ਕਿ ਪਟਕਥਾਵਾਂ ਕਿਵੇਂ ਲਿਖੀਆਂ ਜਾਣ।" ਉਨ੍ਹਾਂ ਕਿਹਾ ਕਿ ਜੇਕਰ ਕੋਈ ਫਿਲਮ ਨਹੀਂ ਦੇਖਣਾ ਚਾਹੁੰਦਾ ਤਾਂ ਉਹ ਅਦਾਲਤ ਤੋਂ ਉਸ ਖ਼ਿਲਾਫ਼ ਰੋਕ ਦੇ ਹੁਕਮ ਲੈ ਸਕਦਾ ਹੈ।

## ਮਾਲੀ ਸੰਕਟ ਦੀ ਮਾਰ ਨਾਲ ਜੂਝ ਰਹੇ ਨੇ ਗੁਰਬਾਣੀ ਦੇ ਪਹਿਲੇ ਕੀਰਤਨੀਏ ਭਾਈ ਮਰਦਾਨਾ ਦੇ ਵਾਰਸ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਗੁਰੂ ਘਰ ਤੇ ਗੁਰਮਤਿ ਸੰਗੀਤ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਹਾਸਿਲ ਕਰਨ ਵਾਲੇ ਭਾਈ ਮਰਦਾਨਾ ਦੀ 18ਵੀਂ ਤੇ 19ਵੀਂ ਪੀੜ੍ਹੀ ਦੇ ਵੰਸ਼ਜ ਲੰਬੇ ਅਰਸੇ ਤੋਂ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਇਹ ਵਾਕਿਆ ਹੀ ਅਫ਼ਸੋਸ ਵਾਲੀ ਗੱਲ ਹੈ ਕਿ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦੇ ਪੱਕੇ ਤੇ ਸੱਚੇ ਸ਼ਰਧਾਲੂ ਭਾਈ ਮਰਦਾਨਾ, ਜਿਨ੍ਹਾਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਗੁਰੂ ਸਾਹਿਬ ਨਾਲ ਬਿਤਾਇਆ, ਦੇ ਵਾਰਸਾਂ ਨੂੰ ਮੌਜੂਦਾ ਸਮੇਂ ਮਜ਼ਦੂਰੀ ਕਰ ਕੇ ਆਪਣੇ ਪਰਿਵਾਰਾਂ ਲਈ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨਾ ਪੈ ਰਿਹਾ ਹੈ। ਲਾਹੌਰ ਦੀ ਆਬਾਦੀ ਗਾਜ਼ੀਆਬਾਦ ਦੇ ਮੁਹੱਲਾ ਹੁਸੈਨਪੁਰਾ 'ਚ ਰਹਿੰਦੇ ਭਾਈ ਮਰਦਾਨਾ ਦੀ 17ਵੀਂ ਪੀੜ੍ਹੀ ਦੇ ਵੰਸ਼ਜ ਭਾਈ ਲਾਲ ਦੇ ਪੁੱਤਰ ਰਬਾਬੀ ਨਾਇਮ ਤਾਹਿਰ ਲਾਲ, ਮੁਹੰਮਦ ਹੁਸੈਨ, ਮੁਹੰਮਦ ਸਰਫ਼ਰਾਜ਼ ਅਤੇ ਉਨ੍ਹਾਂ ਦੇ ਪੋਤਰੇ ਮੁਹੰਮਦ ਅਸਵਰ ਨੇ ਕਿਹਾ ਕਿ ਉਹ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਈ ਵਾਰ ਭਾਰਤ ਆ ਕੇ ਕੀਰਤਨ ਕਰਨ ਦੀ ਅਪੀਲ ਕਰਦਿਆਂ ਭਾਈ ਮਰਦਾਨਾ ਦੀ ਕੀਰਤਨ ਪ੍ਰਥਾ ਨੂੰ ਬਚਾਉਣ ਦੀ ਗੁਹਾਰ ਲਗਾ ਚੁੱਕੇ ਹਨ, ਪਰ ਉਨ੍ਹਾਂ ਨੂੰ ਇਸ ਸੇਵਾ ਦਾ ਅਵਸਰ ਨਹੀਂ ਦਿੱਤਾ ਜਾ ਰਿਹਾ ?



ਉੱਧਰ ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਪ੍ਰਧਾਨ ਸਵਰਨ ਸਿੰਘ ਗਿੱਲ ਨੇ ਦੱਸਿਆ ਕਿ ਪਾਕਿਸਤਾਨ ਵਿਚ ਸਾਲ 'ਚ ਚਾਰ ਵਾਰ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ, ਵਿਸਾਖੀ, ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ ਤੇ ਬਰਸੀ ਮਹਾਰਾਜਾ ਰਣਜੀਤ ਸਿੰਘ 'ਤੇ ਸਿੱਖ ਜਥੇ ਦੇਸ਼-ਵਿਦੇਸ਼ ਤੋਂ ਪਾਕਿ ਭੇਜੇ ਜਾਂਦੇ ਹਨ। ਉਸ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੇਸ਼-ਵਿਦੇਸ਼ ਤੋਂ ਗਏ ਕੀਰਤਨੀ ਜਥਿਆਂ ਵਲੋਂ ਕੀਰਤਨ ਸਮਾਪਤ ਕੀਤੇ ਜਾਣ ਬਾਅਦ ਭਾਈ ਮਰਦਾਨਾ ਦੇ ਵਾਰਸਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਭਾਈ ਮਰਦਾਨਾ ਦੇ ਵਾਰਸਾਂ ਨੂੰ ਉਕਤ ਧਾਰਮਿਕ ਸਮਾਗਮਾਂ ਵਿਚਲੇ ਕੀਰਤਨਾਂ 'ਚ ਸ਼ਾਮਿਲ ਹੋਣ ਹਿੱਤ ਪਾਸ ਹਾਸਿਲ ਕਰਨ ਲਈ ਵੀ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਦਫ਼ਤਰ ਦੇ ਕਈ-ਕਈ ਚੱਕਰ ਲਗਾਉਣੇ ਪੈਂਦੇ ਹਨ। ਨਾਇਮ ਤਾਹਿਰ ਦੇ ਭਾਈ ਮੁਹੰਮਦ ਹੁਸੈਨ ਅਨੁਸਾਰ ਪਾਕਿਸਤਾਨ 'ਚ ਕੀਰਤਨ ਦੀ ਰੀਤ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਗੁਰਪੁਰਬਾਂ ਮੌਕੇ ਹੋਣ ਵਾਲੇ ਕੀਰਤਨਾਂ ਵਿਚ ਵੀ ਉਨ੍ਹਾਂ ਨੂੰ ਅਖ਼ੀਰ ਵਿਚ ਮੌਕਾ ਦਿੱਤਾ ਜਾਂਦਾ ਹੈ, ਜਿਸ ਨਾਲ ਨਾ ਤਾਂ ਉਨ੍ਹਾਂ ਦੀ ਕੀਰਤਨ ਕਰਨ ਦੀ ਰੀਝ ਪੂਰੀ ਹੁੰਦੀ ਹੈ ਅਤੇ ਨਾ ਹੀ ਆਰਥਿਕ ਤੌਰ 'ਤੇ ਕੋਈ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਕੀਰਤਨ ਦੇ ਇਲਾਵਾ ਕਿਸੇ ਹੋਰ ਖੇਤਰ ਵਿਚ ਨਹੀਂ ਜਾਣਾ ਚਾਹੁੰਦਾ ਅਤੇ ਨਾ ਹੀ ਉਹ ਬਾਬੇ ਨਾਨਕ ਦੀ ਬਾਣੀ ਤੋਂ ਇਲਾਵਾ ਹੋਰ ਕੁਝ ਗਾਉਂਦੇ ਹਨ, ਪਰ ਗੁਰੂਘਰ ਵਿਚ ਕੀਰਤਨ ਕਰਨ ਦਾ ਅਵਸਰ ਨਾ ਦਿੱਤੇ ਜਾਣ ਕਾਰਨ ਉਨ੍ਹਾਂ ਨੂੰ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਨਾ ਪੈ ਰਿਹਾ ਹੈ ? ਭਾਈ ਮਰਦਾਨਾ ਦੇ ਵਾਰਸਾਂ ਨੇ ਸਾਫ਼ ਤੌਰ 'ਤੇ ਕਿਹਾ ਕਿ ਉਨ੍ਹਾਂ ਨੂੰ ਫ਼ਿਰੋਜ਼ਪੁਰ ਦੀ ਭਾਈ ਮਰਦਾਨਾ ਯਾਦਗਾਰੀ ਸੇਵਾ ਸੁਸਾਇਟੀ ਅਤੇ ਨਨਕਾਣਾ ਸਾਹਿਬ ਸਿੱਖ ਯਾਤਰੀ ਜਥਾ ਆਦਿ ਦੇ ਇਲਾਵਾ ਕਦੇ ਹੋਰ ਕਿਸੇ ਭਾਰਤੀ ਸਿਰਕੱਢ ਸਿੱਖ ਸੰਸਥਾ ਨੇ ਆਰਥਿਕ ਸਹਾਇਤਾ ਨਹੀਂ ਦਿੱਤੀ ? ਉਨ੍ਹਾਂ ਪੀ. ਐਸ. ਜੀ. ਪੀ. ਸੀ. ਅਤੇ ਈ. ਟੀ. ਪੀ. ਬੀ. ਪਾਸੋਂ ਮੰਗ ਕੀਤੀ ਹੈ ਕਿ ਭਾਈ ਮਰਦਾਨਾ ਦੀ ਰਬਾਬ ਨਾਲ ਕੀਰਤਨ ਕਰਨ ਦੀ ਪ੍ਰਥਾ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਭਾਈ ਮਰਦਾਨਾ ਦੇ ਵਾਰਸਾਂ ਦੀ ਪੱਕੇ ਤੌਰ 'ਤੇ ਪਾਕਿ ਸਥਿਤ ਗੁਰਧਾਮਾਂ ਵਿਚ ਨਿਯੁਕਤੀ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਦਾ ਨਾਂਅ ਬੜੇ ਅਦਬ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਭਾਈ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਦਾ 19 ਰਾਗਾਂ ਵਿਚ ਗਾਇਣ ਕੀਤਾ ਅਤੇ ਗੁਰੂ ਸਾਹਿਬ ਨਾਲ ਦੇਸ਼-ਵਿਦੇਸ਼ ਵਿਚ ਚਾਰ ਉਦਾਸੀਆਂ ਦਾ ਸਫ਼ਰ ਤਹਿ ਕੀਤਾ ? ਭਾਈ ਮਰਦਾਨਾ ਦਾ ਦਿਹਾਂਤ ਹੋਣ 'ਤੇ ਗੁਰੂ ਸਾਹਿਬ ਨੇ ਆਪਣੇ ਹੱਥੀ ਉਨ੍ਹਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਸਨ ? ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਮਰਦਾਨਾ ਦੇ ਸ਼ਾਗਿਰਦ ਭਾਈ ਬਾਦੂ ਤੇ ਭਾਈ ਸਾਦੂ ਰਬਾਬੀ ਅੰਮਿ ?ਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਰਹੇ ਅਤੇ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਉਕਤ ਰਬਾਬੀਆਂ ਦੇ ਪਰਿਵਾਰ 'ਚੋਂ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ।

# Sir Speedy Tustin

Printers to the Community




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ.ਫਜ਼ਾਂ ਨੂੰ ਵੀ ਫੜਦੇ ਹਾਂ।



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 28)

## ਵੇ.....

ਇੱਥੇ ਹੀ ਰਹਿੰਦੇ ਹਨ – ਚੰਡੀਗੜ੍ਹ – ਬਖਤਾਵਰ ਸਿੰਘ ਚਾਚਾ ਜੀ ਸਾਡੇ ਕੋਲ। – ਮਾਸੀ ਜੀ ਪਿੰਡ ਹਨ (ਜਟਾਣੇ) ਪਰਿਵਾਰ ਸਮੇਤ – ਚਾਚਾ ਜੀ ਫੌਜ ਵਿਚ ਹਨ – ਹੁਣੇ ਹੁਣੇ ਆਏ ਹਨ ਬਦਲੀ ਹੋ ਕੇ, ਇੱਥੇ – ਹਰ ਸ਼ਨਿਚਾਰ, ਐਤਵਾਰ, ਉਹ ਪਿੰਡ ਚਲੇ ਜਾਂਦੇ ਹਨ ਤੇ ਅੱਜ ਵੀ।

ਸਰਦੀਆਂ ਦੇ ਦਿਨ ਹਨ – ਹਨੇਰਾ ਛੇਤੀ ਹੋ ਜਾਂਦਾ ਹੈ – ਛੁੱਟੀ ਕਰ ਘਰ ਨੂੰ ਜਾਂਦੇ ਹਨ – ਸਾਇਕਲ 'ਤੇ।

ਉਹ ਚਮਕੌਰ ਪੁੱਜ ਗਏ ਹਨ – ਸ਼ਹਿਰ ਤੋਂ ਬਾਹਰੋਂ ਬਾਹਰ ਐਧਰ ਨਹਿਰ ਵਾਲੇ ਪਾਸੇ – ਜੰਗਲ – ਕਿੱਕਰਾਂ, ਝਾੜੀਆਂ, ਝੂੰਡ (ਸਰਕੜਾ), ਉਜਾੜ, ਬੀਆਬਾਨ ਹੈ ਤੇ ਰਾਤ – ਚੰਨ ਚਾਨਣੀ ਹੈ।

ਚਾਚਾ ਜੀ ਦੱਸਦੇ ਹਨ – ਸੜਕ ਤੋਂ ਹਟ ਕੇ ਪਰ੍ਹਾਂ ਰਤਾ ਦੂਰ ਕਿੱਕਰ ਹੇਠ ਖੜਾ ਕੋਈ ਦਿਸਦਾ ਹੈ ਉਨ੍ਹਾਂ ਨੂੰ –

ਕਾਲੀ ਸਲਵਾਰ – ਚਿੱਟੇ ਝੱਗਾ– ਬਾਹਾਂ ਗੋਡਿਆਂ ਤੋਂ ਨੀਵੀਆਂ – ਸਿਰ ਖੁੱਲ੍ਹਾ ਹੈ – ਥੋੜ੍ਹਾ ਕੋਲ ਆ ਕੈਰਿਅਰ ਵਲ ਨੂੰ – ਅਵਾਜ਼ ਦਿੰਦੇ ਹੈ ਉਹ – "ਵੇ...."

"ਫਿੱਟ ਮਾਈ ਝਾ...." ਗਾਲ੍ਹ ਕੱਢ, ਚਾਚਾ ਜੀ ਸਾਇਲ ਤੇਜ਼ ਕਰ ਲੈਂਦੇ ਹਨ। –ਪਿੱਛੇ ਮੁੜਕੇ ਵੀ ਨਹੀਂ ਦੇਖਦੇ ਹਨ – ਡਰੇ ਡਰੇ, ਤ੍ਰੇਲੀਓ ਤ੍ਰੇਲੀ – ਸਾਇਕਲ ਭਜਾ ਲੈਂਦੇ ਹਨ – ਅਜੇ ਦੋ ਕੋਹ 'ਤੇ ਹੈ ਪਿੰਡ – ਸੂਏ ਦੇ ਨਾਲ ਨਾਨਾਲ ਦੁੜੀਓ ਦੁੜੀ ਆ ਰਹੇ ਹਨ – ਐਧਰ ਵੀ ਉਜਾੜ ਹੈ ਦੂਰ ਦੂਰ ਤੱਕ – ਤੇ ਸੜਕ, ਸੁੰਨ– ਸਾਨ।

ਪਿੰਡ ਕੋਲ ਆ, ਹੁਣ ਪਿੰਡ ਨੂੰ ਨਹੀਂ ਮੁੜਦੇ ਹਨ – ਸੂਆ ਉਤਰਦੇ ਤਾਂ ਮੂਹਰੇ ਫੇਰ ਸਿਵੇ ਹਨ – ਨਾ ਅੱਗੇ ਗਿਆਂ ਬਣੇ ਨਾ ਪਿੱਛੇ – ਪਿੱਛੇ ਤਾਂ ਮੁੜਕੇ ਉਹ ਦੇਖਦੇ ਹੀ ਨਹੀਂ ਹਨ – ਦੇਖਣਾ ਹੀ ਨਹੀਂ ਹੈ – ਹੁਣ ਸਿੱਧੇ 'ਬੇਲੇ' ਪਿੰਡ ਨੂੰ ਲੰਘ ਜਾਂਦੇ ਹਨ – ਦੂਸਰੇ ਰਾਹ ਨੂੰ ਜੋ ਘੁੰਮ ਕੇ ਪਿੰਡ ਆਉਂਦਾ ਹੈ – ਉਧਰੋਂ ਘਰ ਪੁੱਜਦੇ ਹਨ।

ਘਰ ਪੁੱਜਦੇ ਹਨ – ਘਬਰਾਏ ਘਬਰਾਏ ਜਿਵੇਂ ਬੁਖਾਰ ਚੜ੍ਹਿਆ ਹੋਇਆ ਹੋਵੇ – ਇਹ ਮਾਸੀ ਜੀ ਦਸਦੇ ਹਨ – ਪੁੱਛਣ ਤੇ ਕੁਝ ਨਹੀਂ ਦਸਦੇ ਤੇ ਸਵੇਰੇ ਸੁਣਾਉਂਦੇ ਹਨ ਰਾਤ ਵਾਲੀ ਸਾਰੀ–ਕਹਾਣੀ।

ਹੁਣ ਕੋਈ ਕੀ ਤਾਂ ਹੱਸੇ ਤੇ ਕੀ ਰੋਵੇ – ਅੱਖਰ – ਘੈਂਟ – ਸੁਭਾਅ ਦੇ ਚਾਚਾ ਜੀ ਤੇ ਉੱਤੋਂ ਫੌਜੀ –

ਹੁਣ ਅਸੀਂ ਚਾਚਾ ਜੀ ਦੀ ਹੱਡ–ਬੀਤੀ ਉਨ੍ਹਾਂ ਤੋਂ ਸੁਣ ਸੁਣ ਕਹਿ ਕਹਿ ਆਪਣੀ ਬਣਾ ਲੈਂਦੇ ਹਾਂ – ਜੱਗ ਬੀਤੀ – ਹੱਡ–ਬੀਤੀ –

ਉਂਜ ਅਸੀਂ ਸਭ ਉਨ੍ਹਾਂ ਤੋਂ ਉਨ੍ਹਾਂ ਦੇ ਸੁਭਾਅ ਤੋਂ ਬਹੁਤ ਡਰਦੇ ਹਾਂ ਪਰ ਜਦ ਕਦੀ ਉਹ ਸਾਨੂੰ ਚੰਗੇ ਰੌਅ ਵਿਚ ਲਗਦੇ, ਹੱਸ ਹੱਸ ਗੱਲਾਂ ਕਰਦੇ ਤਾਂ ਅਸੀਂ ਫੇਰ ਛੇੜ ਲੈਂਦੇ ਹਾਂ – ਮੁੱਢ ਤੋਂ ਉਹੋ ਕਹਾਣੀ –

ਚਾਚਾ ਜੀ –

"ਕਾਲੀ ਸਲਵਾਰ ਚਿੱਟਾ ਝੱਗਾ
ਬਾਹਾਂ ਗੋਡਿਆਂ ਤੋਂ ਨੀਵੀਆਂ...."
"ਵੇ....."
"ਫਿੱਟ ਮਾਈ ਝਾ......"

ਹੁਣ ਇਹ ਬੋਲ ਸਾਡੇ ਸਾਰੇ ਨਿਆਣਿਆਂ ਦਾ ਜਿਵੇਂ – ਤਕੀਆ–ਕਲਾਮ ਬਣ ਗਿਆ ਹੋਵੇ–ਇੱਕ ਮੂੰਹ ਚੜ੍ਹਿਆ ਮੁਹਾਵਰਾ।

## ਮੈਨੂੰ ਐਨਾ ਚਿਰ

ਕਪੜੇ ਪ੍ਰੈਸ ਕਰ ਰਹੀ ਹਾਂ ਮੈਂ – ਵਰਾਂਡੇ ਵਿਚ ਬੈਠੀ – ਭਾਪਾ ਜੀੋ ਮਸ਼ੀਨ ਡਾਹੀ ਬੈਠੇ ਹਨ –

ਉਂਜ ਹਰ ਐਤਵਾਰ ਜਾਂ ਛੁੱਟੀ ਵਾਲੇ ਦਿਨ ਅਕਸਰ ਉਹ ਮਸ਼ੀਨ ਡਾਹ ਲੈਂਦੇ ਹਨ – ਕੁਝ ਨਵਾਂ ਸੀਣ ਲਈ ਜਾਂ ਕੁਝ ਮੁਰੰਮਤ ਕਰਨ ਲਈ – ਪਰ ਜਦੋਂ ਵੀ ਉਨ੍ਹਾਂ ਕੁਝ ਨਵਾਂ ਸਾਉਣਾ ਹੁੰਦਾ ਉਹ ਉਸ ਨੂੰ ਪਹਿਲ ਦਿੰਦੇ–ਮੁਰੰਮਤ ਵਾਲਾ ਕੰਮ ਬਾਅਦ ਵਿਚ ਦੂਜੇ ਨੰਬਰ ਤੇ ਕਰਦੇ ਹਨ – ਪਤਾ ਨਹੀਂ ਕਿਉਂ–

ਮਸ਼ੀਨ ਦਾ ਕੰਮ ਉਹ ਬਹੁਤ ਵਧੀਆ ਜਾਣਦੇ ਹਨ – ਅੰਗਰੇਜ਼ਾਂ ਵੇਲੇ ਉਹ ਮੇਰਠ ਛਾਉਣੀ ਵਿਚ ਵਰਦੀਆਂ ਸੀਉਣ ਦਾ ਕੰਮ ਵੀ ਕਰਦੇ ਰਹੇ ਹਨ – ਉਂਜ ਗਰਮ ਸੂਟ, ਐਚਕਨਾਂ, ਬਰਾਂਡੀਆਂ ਬਿਰਜਿਸਾਂ ਤੋਂ ਲੈ ਸਧਾਰਨ ਕਪੜੇ ਤੱਕ ਸਭ ਕੁਝ ਉਨ੍ਹਾਂ ਦੀ ਪਹੁੰਚ ਦੇ ਅੰਦਰ ਆ ਜਾਂਦਾ ਹੈ – ਉਹ ਦਸਦੇ ਹਨ, ਇਹ ਸਾਰਾ ਕੁਝ ਉਨ੍ਹਾਂ, ਲਹੌਰ ਵਿਚ ਰਹਿ ਕਿਸੀ ਕਾਰੀਗਰ ਤੋਂ ਸਿੱਖਿਆ ਹੈ –

ਉਂਜ ਬਾਅਦ ਵਿਚ ਆਪਣੇ ਸੂਟ ਤੇ ਨਿੱਕੇ ਵੱਡੇ ਕਪੜੇ ਸੀਉਣ ਮੈ ਭਾਜਾ ਜੀ ਤੋਂ ਹੀ ਸਿੱਖਦੀ ਹਾਂ– ਗਰਾਫ ਬਣਾ ਬਣਾ ਕੇ।

ਡੱਡੂ ਮਾਜਰੇ ਪਿੰਡ ਦੇ ਪੰਚ – ਸਰਦਾਰ ਜੁਗਿੰਦਰ ਸਿੰਘ – ਥੋੜੀ ਜਾਣ ਪਹਿਚਾਣ ਮਗਰੋਂ ਹੁਣ ਭਾਪਾ ਜੀ ਨੇ ਨਿੱਘੇ ਮਿੱਤਰ ਹਨ – ਸਾਡਾ ਸਭ ਦਾ 'ਚਾਚਾ' – ਅੱਜ ਘਰ ਆਉਂਦੇ ਹਨ – ਬੂਹੇ ਵੜਦੇ ਹੀ – ਮੈਨੂੰ ਪ੍ਰੈਸ ਕਰਦੀਨੂੰ ਦੇਖ – ਮਸਕਰਾ ', ਵਿਅੰਗਆਤਮ ਅੰਦਾਜ਼ ਵਿਚ ਕਹਿੰਦੇ ਹਨ –

"ਕਰਤਾਰ ਸਿਆਂ! ਮੈਨੂੰ ਐਨਾ ਚਿਰ ਹੋ ਗਿਆ 'ਦਾਰੂ ਖ਼ਲਾਫੇ' ਵਿਚ ਆਉਂਦਿਆਂ ਪਰ ਕਦੇ ਕਿਸੇ ਨੇ ਨਹੀਂ ਪੁੱਛਿਆ – ਜੁਗਿੰਦਰ ਸਿਆਂ, ਭਾਈ ਨੂੰ ਕਪੜੇ ਪ੍ਰੈਸ ਕਰਕੇ ਕਿਉਂ ਨੀ ਪਾਏ!"

ਬੰਦਾ ਕਾਹਦਾ – ਨਿਰਾ ਪਿਆਰ ਦਾ ਮੁਜੱਸਮਾ – ਹਸਮੁੱਖ – ਖੁੱਲ੍ਹ ਦਿਲਾ– ਅਤਿ ਮਿੱਠਾ ਸੁਭਾਅ– ਅਤਿ ਸਧਾਰਨ ਮਨੁੱਖ – ਚਿੱਟੇ ਕੁੜਤਾ – ਪਜਾਮਾ – ਚਿੱਟਾ ਸਾਫ਼ਾ –ਪੈਰੀਂ ਕਾਲੀ ਗੁਰਗਾਬੀ – ਉਂਜ ਮੈਨੂੰ ਉਨ੍ਹਾਂ ਦੀ ਗੱਲ ਅਕੀਬ ਨਹੀਂ ਲਗਦੀ – ਇ ਦਿਨ ਖਰੜ ਵੀ ਤਾਂ ਇੰਜ ਹੀ ਹੋਇਆ – ਗੁਰਮੀਤ (ਗੀਤਾ) ਦਲਜੀਤ (ਗੁੱਡੀ) ਤਾਇਆ ਜੀ ਦੇ ਦੋਨੋਂ ਪੁੱਤਰ ਖਾਲਸਾ ਸਕੂਲ ਵਿਚ ਪੜ੍ਹਦੇ ਹਨ, ਇੱਥੇ – ਬਿਨਾਂ ਪ੍ਰੈਸ ਕਰੇ ਕਪੜੇ ਪਾ – ਸਕੂਲ ਜਾਂਦੇ ਹਨ – ਤੇ ਜਦੋਂ ਮੈਂ ਪੁੱਛਦੀ ਹਾਂ " ਤੁਸੀਂ ਕਪੜੇ ਪ੍ਰੈਸ ਕਰਕੇ ਪਾਕੇ ਕਿਉਂ ਨਹੀਂ ਜਾਂਦੇ" – ਪੁੱਛਣ ਤੇ ਗੁਰਮੀਤ ਹੱਸਦਾ ਹੈ – "ਜੇ ਕੱਪੜੇ ਪ੍ਰੈਸ ਕਰਕੇ ਪਾਕੇ ਜਾਈਏ ਤਾਂ ਮੁੰਡੇ ਮਖੌਲਾਂ ਕਰਦੇ ਆ!"



ਡੱਡੂ ਮਾਜਰੇ ਪਿੰਡ ਵਿਚ ਸਰਦਾਰ – ਜੁਗਿੰਦਰ ਸਿੰਘ ਹੋਰਾਂ ਦਾ ਵੱਡਾ ਪਰਿਵਾਰ ਹੈ – ਵੱਡਾ ਭਰਾ – ਸਦਾ ਰਾਮ ਪਿੰਡ ਦੇ ਸਰਪੰਚ – ਇਕ ਹੋਰ ਫੌਜੀ ਭਰਾ ਹੈ (ਜੋ ਹੁਣ ਨਹੀਂ ਹੈ) ਪਰ ਉਸ ਦਾ ਪਰਿਵਾਰ ਹੈ, ਲੜਕਾ ਲੜਕੀ ਤੇ ਪਤਨੀ – ਇਕ ਛੋਟਾ ਭਰਾ ਸਰਦਾਰ ਗਰਜਾ ਸਿੰਘ, ਸੂਰਜਪੁਰ ਸੀਮੇਂਟ ਫੈਕਟਰੀ ਵਿਚ ਕੰਮ ਕਰਦੇ ਹਨ – ਇਨ੍ਹਾਂ ਦੇ ਦੋ ਬੱਚੇ – ਸੁਰਜੀਤ – ਧੀ – ਦਿਲਾਵਰ, ਬੇਟਾ – ਦੋਨੋ ਹੀ ਚੰਡੀਗੜ੍ਹ ਪੜ੍ਹਦੇ ਹਨ – ਚੰਗੀ ਖਾਸੀ ਮਲਾਜ਼ੇਦਾਰੀ ਹੈ – ਇਸ ਪਰਿਵਾਰ ਨਾਲ।

ਡੱਡੂ ਮਾਜਰੇ ਦੇ ਆਸ ਪਾਸ ਤੇ ਨਦੀ ਪਾਰ ਵੀ ਜ਼ਮੀਨ ਹੈ, ਇਨ੍ਹਾਂ ਦੀ – ਤੇ ਅੰਬਾਂ ਦੇ ਬਾਗ਼ ਵੀ – ਜਿਸ ਸਾਲ 'ਤਰਵੰਜਾ' ਵਿਚ ਅਸੀਂ ਇੱਥੇ (ਚੰਡੀਗੜ੍ਹ) ਆਉਂਦੇ ਹਾਂ – ਅੰਤ ਨਹੀਂ ਹੈ, ਅੰਬਾਂ ਦਾ – ਆਨੇ ਦੇ ਆਨੇ ਸੇਰ, ਮਿਲ ਜਾਂਦੇ ਹਨ, ਆਮ – ਦੇਸੀ ਅੰਬ।

"ਐਤਕੀਂ ਤਾਂ, ਕਰਤਾਰ ਸਿੰਘ ਐਨਾ ਫਲ਼ ਪਿਆ, ਬੂਟਿਆਂ ਨੂੰ, ਕਿ ਗਧੇ ਵੀ ਨੀ ਕਰਦੇ ਅੰਬਾਂ ਵੱਲ ਨੂੰ ਮੂੰਹ!" – ਤੇ ਜਦ ਜੁਗਿੰਦਰ ਸਿੰਘ ਹੋਣੀ ਟੋਕਰੇ ਜਾਂ ਝੋਲੇ ਭਰ ਅੰਬਾਂ ਦੇ ਲੈ ਕੇ ਆਉਂਦੇ ਅਸੀਂ ਹੱਸ ਹੱਸ ਦੂਹਰੇ ਹੋਣ ਲਗਦੇ – ਕਈ ਤਰ੍ਹਾਂ ਦੇ ਦੇਸੀ ਅੰਬ, ਉਨ੍ਹਾਂ ਦੇ ਆਪਣੇ ਬੂਟਿਆਂ ਦੇ – ਹਰੇ, ਪੀਲੇ, ਸੌਫੀਆ, ਸੰਧੂਰੀ, ਨਿੱਕੇ ਵੱਡੇ – ਭਾਂਤੇ – ਸੁਭਾਂਤੇ– ਰਲੇ ਮਿਲੇ – ਅਸੀਂ ਰੱਜ ਰੱਜ ਚੂਪਦੇ ਤੇ ਬਾਕੀਆਂ ਦਾ ਬਣਾ ਲੈਂਦੇ – ਆਪ – ਪਾਪੜ – ਸੁਕਾ ਕੇ।

ਉਂਜ ਸਾਰਾ ਸਾਲ, ਸਾਗ, ਭਾਜੀ, ਅੰਨ ਦਾਣਾ, ਆਲੂ ਪਿਆਜ਼ ਗੁੜ ਗੰਨੇ ਨਹੀਂ ਮੁੱਕਣ ਦਿੰਦੇ ਉਹ, ਸਾਡੇ ਘਰ – ਛੱਲੀਆਂ ਦਾ ਮੌਸਮ ਛੱਲੀਆਂ ਆ ਰਹੀਆਂ ਹਨ – ਛੋਲੀਏ ਦਾ ਮੌਸਮ ਛੋਲੀਆ ਤੇ ਗੰਨਿਆਂ ਦਾ ਮੌਸਮ ਗੰਨੇ – ਗੁੜ (ਟਿੱਕੀ ਸਣੇ) ਸ਼ੱਕਰ, ਰਸ–ਸ਼ਹਿਰ ਰਹਿੰਦੇ ਵੀ ਅਸੀਂ ਪਿੰਡਾਂ ਵਾਲੀਆਂ ਸਾਰੀਆਂ ਨਿਆਮਤਾਂ ਨਾਲ ਰੱਜੇ ਪੁੱਜੇ ਰਹਿੰਦੇ ਸਦਾ–

ਇਸ ਘਰ ਵਿਚ ਇਸ ਪਰਿਵਾਰ ਵਿਚ ਅਸੀਂ ਅੱਗੇ ਪਿੱਛੇ ਕਈ ਵਿਆਹ ਵੇਖੇ ਹਨ –

ਪਹਿਲਾ ਵਿਆਹ – ਸਰਪੰਚ ਸਦਾ ਰਾਮ ਜੀ ਵੀ ਵੱਡੀ ਧੀ ਦਾ – ਬਰਾਤ ਭਾਂਖਰਪੁਰ ਪਿੰਡ ਤੋਂ ਆਉਂਦੀ ਹੈ – ਸਵੇਰ ਦੀ ਚਾਹ ਪੁਰਾਣੇ ਰਿਵਾਜ਼ਾਂ ਤੋਂ ਹੱਟ ਕੇ – ਗਿਲਾਸਾਂ ਦੀ ਥਾਂ ਕੱਪ, ਪਲੇਟਾਂ ਵਿਚ ਦਿੱਤੀ ਜਾਂਦੀ ਹੈ –

"ਭਾਈ ਆਹ ਚੱਕ ਲੋ ਆਪਣੀ 'ਦਿਉੜੀਆਂ' (ਦੀਵੇ) ਸੀ – ਇਨ ਤੇ ਮਹਾਰਾ ਕੁਝ ਨੀ ਬਣਨਾ – ਹਮੇ ਤਾਂ ਚਾਹ ਗਲਾਸਾਂ ਮਾ ਈ ਪੀਊਂਗੇ!" ਬਰਾਤੀ ਕਹਿੰਦੇ ਹਨ। ਹਾਸਾ, ਠੱਠਾ, ਅਸੀਂ ਮੂੰਹ ਦੇਖ ਰਹੇ ਹਾਂ – ਅੰਤ ਨੂੰ ਬਰਾਤ ਦੀ ਸੇਵਾ ਪਿੱਤਲ ਦੇ ਗਲਾਸਾਂ ਵਿਚ ਚਾਹ ਵਰਤਾ ਕੇ ਕੀਤੀ ਜਾਂਦੀ ਹੈ–

ਦੂਜਾ ਵਿਆਹ ਸਰਦਾਰ ਜੁਗਿੰਦਰ ਸਿੰਘ ਹੋਰਾਂ ਦੀ ਵੱਡੀ ਧੀ ਚਰਨੋ ਦਾ – ਐਡੀ ਬਰਾਤ – ਐਡਾ ਮੇਲ – ਮੈਂ ਤਾਂ ਪਹਿਲਾਂ ਕਦੇ ਨਹੀਂ ਦੇਖਿਆ – ਜਿਵੇਂ ਮੇਲਾ ਲੱਗਾ ਹੋਵੇ ਕੋਈ। ਨਾਲ ਨਾਲ ਦੇ ਕਈ ਪਿੰਡਾਂ ਦੇ ਪੰਚ ਸਰਪੰਚ, ਆੜਤੀਏ ਦੁਕਾਨਦਾਰਾਂ ਤੋਂ ਬਿਨਾਂ ਹੋਰ ਨਾਮਾਵਰ ਪਤਵੰਤੇ ਸੱਜਣ – ਪਰ ਜੋ ਮੈਨੂੰ ਸਭ ਤੋਂ ਵਧੀਆ ਗੱਲ ਲੱਗਦੀ ਹੈ – ਸਾਰੀ ਬਾਰਾਤ ਵਿਚ ਆਏ – ਬੱਚੇ ਤੋਂ ਬੱਢੇ ਤੱਕ ਸਾਰਿਆਂ ਦੀ ਸੇਵਾ – ਇਕ ਇਕ ਪਿੱਤਲ ਦਾ ਗਲਾਸ ਤੇ ਨਾਲ ਚਾਂਦੀ ਦਾ ਰੁਪਈਆ ਦੇ ਕੇ ਮਾਣ ਵਡਿਆਈ ਕਰਨਾ – ਮੈਂ ਆਪਣੀ ਸੋਝੀ ਵਿਚ ਪਹਿਲਾਂ ਕਦੇ ਨਹੀਂ ਦੇਖਿਆ ਇੰਜ – ਆਪਣੇ ਪਿੰਡ ਵੀ ਨਹੀਂ ਕਦੇ –

ਤੀਜਾ ਵਿਆਹ ਇਨ੍ਹਾਂ ਦੇ ਫੌਜੀ ਭਰਾ ਦੀ ਬੇਟੀ ਦਾ – ਉਹੋ ਰੌਣਕਾਂ ਉਹੋ ਸੱਭੋ ਕੁਝ – ਪਿਤਾ ਨਹੀਂ ਹਨ ਬੱਚੀ ਦੇ ਪਰ ਤਾਇਆਂ ਚਾਚਿਆਂ ਨੇ – ਨਾ ਹੋਣ ਤੇ ਵੀ ਜਿਵੇਂ ਉਨ੍ਹਾਂ ਨੂੰ ਉੱਥੇ ਸਦਾ ਹਾਜ਼ਰ ਰੱਖੀ ਰਖਿਆ ਹੋਵੇ – ਸਾਡੇ ਨਿਆਣਿਆਂ ਲਈ – ਸਭ ਤੋਂ ਅਚੰਭੇ ਦੀ ਗੱਲ – ਅਸੀਂ ਤਾਂ ਆਪਣੇ ਘਰਾਂ ਵਿਚ 'ਆਨੰਦ ਕਾਰਜ' ਦੀ ਰਸਮ ਹੀ ਦੇਖੀ ਹੈ ਸਦਾ – ਪਰ ਇੱਥੇ ਵੇਦੀ ਤੇ ਫੇਰੇ – ਪਹਿਲੀ ਵਾਰ –

ਭਾਵੇਂ ਸਿੱਖ ਪਰਿਵਾਰ ਹੈ ਇਹ ਪਰ ਕਹਿੰਦੇ ਹਨ ਪਹਿਲੇ ਵੇਲਿਆਂ ਤੋਂ ਹੀ ਇੱਥੇ ਇਨ੍ਹਾਂ ਘਰਾਂ ਵਿਚ ਇਵੇਂ ਹੀ ਹੁੰਦਾ ਆਇਆ ਹੈ–

ਪਹਿਰ ਰਾਤ ਦੀਆਂ ਰੌਣਕਾਂ – ਗੀਤ, ਰਸਮਾਂ, ਹਾਸੇ, ਮਖੌਲ – ਸਾਡੇ ਲਈ ਤਾਂ ਮਾਨੋ ਇਕ ਖੇਡ ਹੈ ਇਹ – ਸਭ ਕੁਝ ਨਵਾਂ ਨਵਾਂ – ਕੋਈ ਰੋਸ਼ਨੀਆਂ ਨਹੀਂ ਹਨ – ਚੰਨ ਚਾਨਣੀ ਰਾਤ ਹੈ ਬੱਸ – ਸਾਰਾ ਕੁਝ ਹੀ ਮੰਤਰ ਮੁਗਧ ਕਰਨ ਵਾਲਾ – ਦੇਖ ਦੇਖ ਸਾਡਾ ਤਾਂ ਚਾਓ ਹੀਂ ਨਹੀਂ ਠਲ੍ਹਿਆ ਜਾ ਰਿਹਾ – ਤੇ ਇਹ ਬਣ ਜਾਂਦੀ ਹੈ – ਸਾਡੇ ਸਾਰਿਆਂ ਲਈ ਇਕ ਅਭੁੱਲ ਯਾਦ, ਜੀਹਨੂੰ ਕਈ ਦਿਨ ਕਈ ਕਈ ਵਾਰ ਗੱਲਾਂ ਕਰ ਕਰ ਦੁਹਰਾਉਂਦੇ ਨਾ ਥੱਕਦੇ ਅਸੀਂ–

ਤੇ ਇਕ ਵਿਆਹ ਦੇਖਦੇ ਹਾਂ ਇਥੇ ਇਸ ਪਿੰਡ 'ਸ਼ਾਹਪੁਰ' ਵਿਚ – ਜਿੱਥੇ ਅੱਜ ਦਾ ਸੈਕਟਰ ਅਠੱਤੀ ਵਸਿਆ ਹੋਇਆ ਹੈ – ਇੱਥੇ ਗਿਆਨੀ ਸਰਵਣ ਸਿੰਘ ਹੋਰਾਂ ਦੇ ਘਰ– ਇਹ ਇਕ ਜੱਟ ਪਰਿਵਾਰ ਹੈ – ਗਿਆਨੀ ਜੀ ਹੋਰੀਂ ਤਿੰਨ ਭਰਾ ਹਨ ਪਰ ਸਿਰਫ਼ ਵੱਡਾ ਭਰਾ ਹੀ ਵਿਆਹਿਆ ਹੋਇਆ ਹੈ – ਖ਼ਵਰੇ ਇਹੋ ਰਿਵਾਜ਼ ਹੈ – ਉਸ ਦਾ ਹੀ ਪਰਿਵਾਰ ਹੈ – ਬੱਚੇ ਹਨ।

ਗਿਆਨੀ ਜੀ ਦੇ ਭਤੀਜੇ ਦਾ ਵਿਆਹ ਦੇਖਦੇ ਹਾਂ – ਜੰਨ ਚੜ੍ਹਦੀ ਹੈ – ਇਸੇ ਗੁਰਦੁਆਰੇ 'ਚ ਇੱਥੇ ਹੀ ਖੂਹ 'ਤੇ (ਜੋ ਹੁਣ ਪੂਰ ਦਿੱਤਾ ਗਿਆ ਹੈ) ਇੱਥੇ ਹੀ ਟੋਭੇ ਤੇ – (ਸੈਕਟਰ ਅੱਠਤੀ ਦੀ ਮਾਰਕੀਟ ਹੈ ਜਿੱਥੇ) ਸਮਾਧਾਂ 'ਤੇ ਮੱਥਾ ਟੇਕਣੇ – ਸੁੱਖਾਂ ਸੁੱਖਣੀਆਂ ਮੰਨਤਾਂ ਮਨੌਤੀਆਂ, ਅਰਦਾਸਾਂ ਜੋੜਦੀਆਂ – ਸ਼ਗਨ – ਸਭ ਕੁਝ – ਸ਼ੁਭ ਕਾਰਜ ਦੀ ਪੂਰਤੀ ਲਈ ਹੁੰਦਾ ਹੈ –

ਇਹ ਵਿਆਹ ਮੈਨੂੰ ਨਹੀਂ ਭੁੱਲਦਾ – ਭੁੱਲ ਸਕਦਾ ਹੀ ਨਹੀਂ – ਜਿਸ ਮੁੰਡੇ ਦਾ ਵਿਆਹ ਹੁੰਦਾ ਹੈ ਅਜੇ ਸਾਲ ਕੁ ਪਹਿਲਾਂ – ਦੇਖਦੇ ਹਾਂ ਅਸੀਂ ਸਾਰਾ ਕੁਝ –

ਇਕ ਦਿਨ ਅਚਾਨਕ ਖੇਤਾਂ ਵਿਚ ਕੰਮ ਕਰਦੇ ਦੇ ਸੱਪ ਲੜ ਕੇ ਮੌਤ ਹੋ ਜਾਂਦੀ ਹੈ। ਇਕ ਅਜੇਹੀ ਅਣਹੋਣੀ ਜਿਸ ਦਾ ਦੂਜਾ ਕੋਈ ਬਦਲ ਨਹੀਂ ਹੈ – ਦੂਸਰਾ ਮੁੰਡਾ ਅਜੇ ਬਹੁਤ ਛੋਟਾ ਹੈ – ਨਿਆਣਾ – ਭਾਬੀ ਵਿਧਵਾ ਹੋ ਗਈ ਹੈ –

– ਹੁਣ ਇਕ ਲੰਮੀ ਉਡੀਕ – ਖ਼ਵਰੇ ਕਿੰਨੇ ਵਰ੍ਹੇ – ਕਦ ਉਹ ਗੱਭਰੂ ਹੁੰਦਾ ਹੈ – ਕਦ ਉਸੇ ਭਾਬੀ ਨੂੰ ਉਸ ਦੇ ਘਰ ਬਿਠਾਇਆ ਜਾਂਦਾ ਹੈ – ਉਹ ਮਾਵਾਂ ਵਰਗੀ ਭਾਬੀ ਨੂੰ – ਸੋਚ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ – ਪਰ ਸਭ ਵਾਪਰਦਾ ਹੈ ਇਸੇ ਤਰ੍ਹਾਂ, ਇੰਜ ਹੀ –

ਅੱਜ ਉਸੇ ਪਿੰਡ ਦੀ ਉਸੇ ਧਰਤੀ 'ਤੇ ਬੈਠੀ ਹਾਂ ਮੈਂ – ਆਪਣੇ ਖੱਟੇ ਮਿੱਠੇ ਜਜ਼ਬਿਆਂ ਵਿਚ ਘੁਲੀ – ਇੱਥੇ ਹੀ ਕੋਈ ਘਰ, ਕੋਈ ਖੇਤ ਹੋਵੇਗਾ ਜੋ ਮੈਨੂੰ 'ਬਦਲ' ਵਿਚ ਮਿਲਿਆ ਹੈ – 'ਤਾਈ ਸੌ ਉਨਤਾਲੀ' ਅੰਕ ਬਣ ਕੇ – ਜਿੱਥੇ ਬੈਠ ਉਪਰੋਕਤ ਸਤਰਾਂ – ਬੋਲ – ਸਾਂਝੇ ਕਰ ਰਹੀ ਹਾਂ – ਆਪ ਸਭ ਨਾਲ – ਆਪ ਸਭ ਦੇ ਸਨਮੁੱਖ ਹੋ –

ਆਪਣੇ ਉਨ੍ਹਾਂ ਵਰ੍ਹਿਆਂ ਦੀ ਦਾਸਤਾਂ – ਜੋ ਅੱਜ ਵੀ ਕਿਤੇ ਰੌਂਦੂ ਹਨ, ਜਿੱਹਨ, ਚਾਮ੍ਹਲੇ ਹੋਏ ਹਨ – ਲਾਡ–ਲਡਿਕੜੇ ਨਿਆਣਿਆਂ ਵਾਂਗ – ਮੇਰੀ ਕਨ੍ਹੇੜੀ ਚੜ੍ਹੇ ਬੈਠੇ ਹਨ –

– ਤੇ ਖ਼ਵਰੇ ਚੜ੍ਹੇ ਹੀ ਰਹਿਣਗੇ – ਜਦ ਤੱਕ ਗੋਢਣੀਆਂ ਭਾਰ ਹੋਈ ਮੈਂ ਉਨ੍ਹਾਂ ਨੂੰ ਚੁੱਕੀ ਫਿਰਦੀ ਰਹਾਂਗੀ ਜਾਂ ਜਦ ਤੱਕ ਫਿਰਨ ਦੇ ਕਾਬਲ ਨੀ ਨਾ ਰਹਾਂਗੀ ਜਾਂ ਜਦ ਤਕ ਵੀ ਜਦ ਤੱਕ...ਜਦ....।

## ਤੇ ਬਸ....

ਉਹ ਚੇਤੇ ਜੋ ਅੱਚਣਚੇਤੇ –

ਕਣਤਾਉਂਦੇ ਸਤਾਉਂਦੇ ਤੇ ਤੜਪਾਉਂਦੇ ਰਹੇ ਮੈਨੂੰ ਸਦਾ – ਜਾਣੇ ਅਣਜਾਣੇ, ਉੱਠਦੇ–ਬੈਠਦੇ, ਸੌਂਦੇ–ਜਾਗਦੇ–

ਖ਼ਾਸ ਕਰ ਮੇਰੇ ਵਿਹਲੇ ਪਲਾਂ 'ਚ – ਆ ਖੜਦੇ ਮੇਰੇ ਸਿਰਾਣੇ– – ਤੇ ਕਦੀ ਰਿਹਾੜ ਕਰੀ ਜਾਂਦੇ – ਚਾਮ੍ਹਲੇ ਨਿਆਣਿਆਂ ਵਾਂਗ –

ਕਰੀ ਜਾਂਦੇ, ਮੇਰੀ ਧੂ–ਘੜੀਸ – ਤੇ ਲੇ ਜਾਂਦੇ ਮੈਨੂੰ ਅਤੀਤ ਦੀਆਂ ਬਰੂਹਾਂ 'ਤੇ

ਜਿੱਥੇ ਪੁੱਜ ਮੈਂ ਅੰਤਾਂ ਦੀ ਉਦਾਸ ਹੋ ਜਾਂਦੀ ਤੇ ਬੇਚੈਨ ਵੀ– ਉਨ੍ਹਾਂ ਪਲਾਂ ਨੂੰ ਫੜਦੀ ਫੜਦੀ, ਉਨ੍ਹਾਂ ਮਗਰ ਦੌੜਦੀ ਦੌੜਦੀ ਕਦ ਪੁੱਜ ਗਈ ਮੈਂ ਇੱਥੇ – ਉਨ੍ਹਾਂ ਨੂੰ ਸਾਂਭਣ ਲਈ ਸੰਜੋਣ ਲਈ – ਨਹੀਂ ਜਾਣਦੀ ਹਾਂ ਮੈਂ –

ਉਂਜ ਜਿੰਨੀ ਕੋਸ਼ਿਸ਼ ਕਰਦੀ – ਉਹ ਘੜੀਆਂ, ਉਹ ਪਲ, ਹੋਰ ਪਰ੍ਹਾਂ ਨੂੰ ਹੋਰ ਪਰ੍ਹਾਂ ਨੂੰ ਤਿਲਕਦੇ ਹੀ ਚਲੇ ਜਾਂਦੇ – ਕਲ਼ ਕਲ਼ ਕਰਦੇ ਪਾਣੀਆਂ ਵਾਂਗ – ਮੈਂ ਉਨ੍ਹਾਂ ਨੂੰ ਤਲੀਆਂ 'ਤੇ ਬੋਚਦੀ – ਮੁੱਠੀਆਂ 'ਚ ਭਰਨ ਦੀ ਕੋਸ਼ਿਸ਼ ਕਰਦੀ ਤਾਂ ਐਂ ਲਗਦਾ – ਜੋ ਹੱਥ ਆ ਰਿਹਾ ਹੈ ਉਹ ਤਾਂ ਨਿਰਾ 'ਕਬਲੂਤ' ਹੈ ਉਨ੍ਹਾਂ ਪਲਾਂ ਦਾ – ਰੂਹ ਤਾਂ ਅਜੇ ਵੀ ਕਿਤੇ ਦੂਰ ਖੜੀ ਹੈ, ਬਹੁਤ ਦੂਰ – ਖ਼ਬਰੇ ਕਿਤੇ ਮੇਰੀ ਪਹੁੰਚ ਤੋਂ ਬਾਹਰ।

ਕਦੇ ਕਦੇ ਇੰਜ ਲੱਗਣ ਲੱਗਦਾ ਐਡਾ ਬੋਝ ਲੈ ਕੇ ਕੀਕਣ ਮਰ ਸਕਾਂਗੀ ਮੈਂ – ਮੈਂ ਤਾਂ ਚੱਜ ਨਾਲ ਜੀਉ ਵੀ ਨਹੀਂ ਰਹੀ ਹਾਂ – ਬਸ ਉਨ੍ਹਾਂ ਪਲਾਂ ਨੂੰ ਜਾਣੇ ਅਣਜਾਣੇ ਕੰਨ੍ਹੇੜੀ ਚੁੱਕ ਮੈਂ ਆਪਣੇ ਮਨ ਦਾ ਬੋਝ ਹਲਕਾ ਕਰ ਰਹੀ ਹਾਂ, ਅੱਜ – ਇਹ ਇੱਕ ਨਿੱਕਾ ਜਿਹਾ ਉਪਰਾਲਾ – ਤੇ ਬਸ।

ਜੋ ਲਿਖਿਆ ਹੈ – ਜਾਣੇ ਆਣਜਾਣੇ – ਆਪ ਮੁਹਾਰੇ ਉਤਰਦਾ ਗਿਆ ਇਨ੍ਹਾਂ ਪੰਨਿਆਂ 'ਤੇ – ਐਨ ਬਚਪਨ 'ਚ ਕੱਚੀ ਮਿੱਟੀ 'ਤੇ ਪਾਏ – ਘੁੱਗੂ ਘਾਂਗੜਿਆਂ ਵਾਂਗ –

ਪਾਠਕ ਕਿਵੇਂ ਲੈਣਗੇ ਕਿਵੇਂ ਸੋਚਣਗੇ – ਨਹੀਂ ਜਾਣਦੀ ਹਾਂ ਮੈਂ – ਉਂਜ ਇਹ ਸੋਚਕੇ ਤਾਂ ਲਿਖਿਆ ਹੀ ਨਹੀਂ ਹੈ – ਇਹ ਸੋਚ ਕੇ ਤਾਂ ਲਿਖਿਆ ਹੀ ਨਹੀਂ ਸੀ ਜਾਣਾ – ਇਕ ਅੱਖਰ ਵੀ ਨਹੀਂ – ਤੇ ਜਦ ਲਿਖਣ ਬੈਠ ਗਈ – ਫੇਰ ਕੀ – ਫੇਰ

ਬਾਕੀ ਸਫ਼ਾ 33 'ਤੇ

## ਬਾਦਲਾਂ ਦੇ 'ਲਿਫਾਫੇ' ਚੋਂ ਫਿਰ ਪ੍ਰਗਟ ਹੋਇਆ ਸ਼੍ਰੋਮਣੀ ਕਮੇਟੀ ਪ੍ਰਧਾਨ

ਜਨਰਲ ਸਕੱਤਰ ਗਿਆਨੀ ਰੂਪ ਸਿੰਘ ਨੇ ਨਵੇਂ ਪ੍ਰਧਾਨ ਤੇ ਹੋਰਨਾਂ ਅਹੁਦੇਦਾਰਾਂ ਦੀ ਚੋਣ ਦਾ ਏਜੰਡਾ ਪੇਸ਼ ਕਰਦਿਆਂ ਸਮੁੱਚੀ ਕਾਰਵਾਈ ਦੀ ਬਕਾਇਦਾ ਸ਼ੁਰੂਆਤ ਕੀਤੀ।

ਨਵੇਂ ਪ੍ਰਧਾਨ ਦੀ ਚੋਣ ਭਾਈ ਲੌਂਗੋਵਾਲ ਦਾ ਨਾਂਅ ਕਈ ਵਰ੍ਹੇ ਪਹਿਲਾਂਅਪਣੀ ਧੀ ਦੇ ਕਤਲ ਕੇਸ ਕਾਰਨ ਅਹੁਦਾ ਛੱਡਣ ਲਈ ਮਜਬੂਰ ਹੋਈ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਪੇਸ਼ ਕੀਤਾ।

ਮਰਹੂਮ ਅਕਾਲੀ ਨੇਤਾ ਅਤੇ 80ਵਿਆਂ ਦੇ ਸ਼ੁਰੂ 'ਚ ਧਰਮਯੁੱਧ ਮੋਰਚੇ ਦੇ ਡਿਕਟੇਟਰ ਰਹੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਕੱਤਰ ਰਹੇ ਗੋਬਿੰਦ ਸਿੰਘ ਲੌਂਗੋਵਾਲ ਬੜੇ ਨਿਮਰ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਕਾਫ਼ੀ ਸਮਾਂ ਅਕਾਲੀ ਦਲ (ਬਰਨਾਲਾ) ਦੇ ਸਰਗਰਮ ਮੈਂਬਰ ਰਹੇ ਹਨ।

ਸਿੱਖਾਂ ਵਲੋਂ ਅਥਾਹ ਕੁਰਬਾਨੀਆਂ ਬਾਅਦ ਹੋਂਦ ਵਿੱਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਰਾਜਸੀ ਪਰਿਵਾਰ ਦੇ ਹੱਥਾਂ ਦੀ ਕਠਪੁਤਲੀ ਬਣੇ ਰਹਿਣ ਦਾ ਅਮਲ ਬਾਦਸਤੂਰ ਜਾਰੀ ਹੈ। ਸਿੱਖਾਂ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਇਸ ਸਰਬਉੱਚ ਸਿੱਖ ਧਾਰਮਿਕ ਸੰਸਥਾ ਦੇ ਸੌੜੇ ਹਿੱਤਾਂ ਲਈ ਸਿਆਸੀਕਰਨ ਨਾਲ ਸਿੱਖ ਪੰਥ ਨੂੰ ਪਿਛਲੇ ਸਮਿਆਂ ਦੌਰਾਨ ਜਿਹੜੀ ਢਾਹ ਲਾਈ ਹੈ ਉਸਦੇ ਬਹੁਤ ਘਾਤਕ ਸਿੱਟੇ ਸਾਹਮਣੇ ਆ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਦੂਸਰੇ ਅਹੇਦੇਦਾਰਾਂ ਦੀ ਚੋਣ ਲਈ ਹਰ ਸਾਲ ਲਿਫਾਫੇ 'ਚੋਂ ਪ੍ਰਧਾਨ ਕੱਢਣ ਦਾ ਜਿਹੜਾ ਡਰਾਮਾ ਰਚਿਆ ਜਾਂਦਾ ਹੈ ਉਸੇ ਅਧੀਨ ਬੁੱਧਵਾਰ 29 ਨਵੰਬਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿੱਚ ਤੇਜਾ ਸਮੁੰਦਰੀ ਹਾਲ ਵਿੱਚਲੀ ਕਾਰਵਾਈ ਸਿੱਖਾਂ ਦੇ ਅੱਖੀਂ ਘੱਟਾ ਪਾਉਣ ਵਾਲੇ ਕਰਮ ਦਾ ਦੁਹਰਾਓ ਕਿਹਾ ਜਾ ਸਕਦਾ ਹੈ। ਦੱਸਣਯੋਗ ਹੈ ਕਿ ਬੀਤੇ ਦਿਨ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪ੍ਰਧਾਨ ਤੇ ਹੋਰ ਅਹੁਦੇਦਾਰ ਚੁਣਨ ਦੇ ਅਧਿਕਾਰ ਸਰਬਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਨੂੰ ਸੌਂਪੇ।

## ਮੈਂਬਰਾਂ ਨੇ ਸੁਖਬੀਰ ਬਾਦਲ ਦੇ ਹੱਥ ਫੜਾ ਦਿੱਤੀਆਂ ਸੀ ਅਪਣੀਆਂ ਵੋਟਾਂ

ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਧੜੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਬੰਧੀ ਇਜਲਾਸ ਤੋਂ ਇੱਕ ਦਿਨ ਪਹਿਲਾਂ ਬੁਲਾਈ ਮੀਟਿੰਗ ਦੌਰਨ ਅਪਣੀਆਂ ਵੋਟਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘਬਵਾਦਲ ਦੇ ਹੱਥਾਂ ਫੜਾ ਦਿੱਤੀਆਂ ਸਨ।

ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਇਸ ਮੀਟਿੰਗ ਵਿਚ 100 ਤੋਂ 125 ਦੇ ਕਰੀਬ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਭਾਗ ਲਿਆ । ਹਾਜ਼ਰ ਮੈਂਬਰਾਂ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨ ਦੇ ਸਾਰੇ ਅਧਿਕਾਰ ਸਰਬਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਨੂੰ ਸੌਂਪੇ ਗਏ । ਇਸ ਬੈਠਕ ਦੀ ਅਰੰਭਤਾ ਕਰਦਿਆਂ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ: ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਪੁਰਾਤਨ ਪ੍ਰੰਪਰਾ ਅਨੁਸਾਰ ਹੀ ਕੀਤੀ ਜਾਵੇਗੀ । ਇਸਤਰੀ ਅਕਾਲੀ ਦਲ ਦੀ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪਰੰਪਰਾ ਅਨੁਸਾਰ ਇਸ ਵਾਰ ਵੀ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਸਬੰਧੀ ਸਾਰੇ ਅਧਿਕਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਸੌਂਪੇ ਜਾਂਦੇ ਹਨ । ਇਸ ਦੌਰਾਨ ਹਾਲ ਵਿਚ ਹਾਜ਼ਰ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣੇ ਹੱਥ ਖੜ੍ਹੇ ਕਰਕੇ ਚੋਣ ਦੇ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸਾਪਣ ਦੀ ਪ੍ਰਵਾਨਗੀ ਦਿੱਤੀ । ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਸਮੂਹ ਮੈਂਬਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ । ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵਲੋਂ ਬੀਤੇ ਇਕ ਸਾਲ ਦੌਰਾਨ ਧਰਮ ਪ੍ਰਚਾਰ ਅਤੇ ਸ਼੍ਰੋਮਣੀ ਕਮੇਟੀ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ । ਬੈਠਕ ਉਪਰੰਤ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਵਲੋਂ ਸੁਖਬੀਰ ਸਿੰਘ ਬਾਦਲ ਨੂੰ ਸਨਮਾਨਿਤ ਕੀਤਾ ਗਿਆ ਤੇ ਜੈਕਾਰਿਆਂ ਦੀ ਗੂੰਜ ਨਾਲ ਬੈਠਕ ਨੂੰ ਸਮਾਪਤ ਕੀਤਾ ਗਿਆ । ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਕੁੱਲ 191 ਮੈਂਬਰ ਹਨ ਜਿਨ੍ਹਾਂ 'ਚ ਪੰਜ ਤਖ਼ਤ ਸਾਹਿਬ ਦੇ ਜਥੇਦਾਰ ਤੇ ਇਕ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੋਂ ਇਲਾਵਾ 170 ਮੈਂਬਰ ਵੋਟਾਂ ਰਾਹੀਂ ਚੁਣੇ ਗਏ ਤੇ 15 ਨਾਮਜ਼ਦ ਕੀਤੇ ਮੈਂਬਰ ਸ਼ਾਮਿਲ ਹਨ । ਇਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ 157 ਮੈਂਬਰ ਹਨ ਜਦ ਕਿ ਵਿਰੋਧੀ ਧਿਰ ਦੇ ਕੁੱਲ 13 ਮੈਂਬਰ ਹਨ । ਇਨ੍ਹਾਂ ਮੈਂਬਰਾਂ ਵਿਚੋਂ ਬੈਠਕ 'ਚ 100 ਤੋਂ 125 ਦੇ ਕਰੀਬ ਮੈਂਬਰ ਸ਼ਾਮਿਲ ਹੋਏ ।

## ਪੰਜਾਬ ਵਿਧਾਨ ਸਭਾ 'ਚ ਕਾਵਾਂਰੌਲੀ ਦੌਰਾਨ ਫਿਰ ਰੁਲੇ ਲੋਕ ਮਸਲੇ

ਨੇ ਸਦਨ ਦਿਨ ਭਰ ਲਈ ਉਠਾ ਦਿੱਤਾ। ਪ੍ਰਸ਼ਨ ਕਾਲ ਤੋਂ ਬਾਅਦ ਸਪੀਕਰ ਨੂੰ ਰੌਲੇ ਰੱਪੇ ਕਾਰਨ ਹੀ ਸਦਨ ਦੀ ਕਾਰਵਾਈ ਅੱਧੇ ਘੰਟੇ ਲਈ ਮੁਲਤਵੀ ਕਰਨੀ ਪਈ । ਬਾਅਦ ਵਿੱਚ ਜਦੋਂ ਸਦਨ ਜੁੜਿਆ ਤਾਂ ਆਪ' ਦੇ ਵਿਧਾਇਕਾਂ ਨੇ ਰੋਸ ਵਜੋਂ ਸਦਨ 'ਚੋਂ ਵਾਕਆਊਟ ਕਰ ਦਿੱਤਾ। ਆਪ' ਅਤੇ ਅਕਾਲੀ ਦਲ ਵੱਲੋਂ ਵੱਖੋ ਵੱਖਰੇ ਮੁੱਦਿਆਂ 'ਤੇ ਸਪੀਕਰ ਨੂੰ ਕੰਮ ਰੋਕੂ ਮਤੇ ਲਿਆਉਣ ਲਈ ਨੋਟਿਸ ਦਿੱਤਾ ਗਿਆ। ਸਪੀਕਰ ਨੇ ਦੋਹਾਂ ਧਿਰਾਂ ਦੇ ਕੰਮ ਰੋਕੂ ਪ੍ਰਸਤਾਵ ਰੱਦ ਕਰ ਦਿੱਤੇ। ਇਸ ਤੋਂ ਬਾਅਦ ਦੋਹਾਂ ਹੀ ਪਾਰਟੀਆਂ ਨੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਦਾ ਅਮਲ ਜਾਰੀ ਰੱਖਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀ ਧਿਰ ਦੇ ਰਵੱਈਏ ਦੀ ਨਿੰਦਾ ਕੀਤੀ ਹੈ। ਸਦਨ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ 'ਤੇ ਬਹਿਸ ਤੋਂ ਭੱਜਣ ਅਤੇ ਕਿਸਾਨਾਂ ਨਾਲ ਧੋਖਾਦੇਹੀ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਆਪ' ਦਾ ਏਜੰਡਾ ਖਹਿਰਾ ਨੂੰ ਬਚਾਉਣਾ ਹੀ ਹੈ।

ਸਿਫਰ ਕਾਲ ਦੌਰਾਨ ਬੋਲਣ ਦਾ ਮੌਕਾ ਮਿਲਣ 'ਤੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਸਿਆਸੀ ਵਿਰੋਧੀਆਂ 'ਤੇ ਸਾਜਿਸ਼ ਘੜਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਆਡੀਓ ਕਲਿੱਪ ਨੇ ਸਾਰੀ ਸਾਜ਼ਿਸ ਤੋਂ ਪਰਦਾ ਲਾਹ ਦਿੱਤਾ ਹੈ। ਉਨ੍ਹਾਂ ਸਾਰੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ। ਸ੍ਰੀ ਖਹਿਰਾ ਨੇ ਸਾਜਿਸ਼ ਪਿੱਛੇ ਅਕਾਲੀ ਦਲ ਤੇ ਕਾਂਗਰਸ ਦੇ ਨੇਤਾਵਾਂ ਦਾ ਹੱਥ ਹੋਣ ਦੀ ਗੱਲ ਵੀ ਕਹੀ।

ਜ਼ਿਕਰਯੋਗ ਹੈ ਕਿ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਆਪ' ਦੇ ਵਿਧਾਇਕਾਂ ਨੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਹੇਠ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤੇ ਖਹਿਰਾ ਦੇ ਮਾਮਲੇ 'ਤੇ ਬਹਿਸ ਦੀ ਮੰਗ ਕਰਦਿਆਂ ਸਾਰੇ ਵਿਧਾਇਕ ਸਦਨ ਦੇ ਵਿਚਕਾਰ ਆ ਗਏ। ਸਪੀਕਰ ਨੇ ਵਿਧਾਇਕਾਂ ਨੂੰ ਵਾਰ-ਵਾਰ ਸੀਟਾਂ 'ਤੇ ਜਾਣ ਦੀ ਅਪੀਲ ਕੀਤੀ ਪਰ ਉਨ੍ਹਾਂ ਨੇ ਰੌਲਾ ਜਾਰੀ ਜੱਖਿਆ। ਇਨ੍ਹਾਂ ਵਿਧਾਇਕਾਂ ਦਾ ਸਾਥ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਨੇ ਵੀ ਦਿੱਤਾ। ਆਪ' ਵਿਧਾਇਕਾਂ ਨੇ ਕਾਂਗਰਸ ਦੇ ਨਾਲ-ਨਾਲ ਅਕਾਲੀ ਦਲ ਦੇ ਆਗੂਆਂ ਖਾਸ ਕਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲ ਹੀ ਨਿਸ਼ਾਨਾ ਸੇਧੀ ਰੱਖਿਆ ਜਦੋਂ ਕਿ ਅਕਾਲੀ ਵਿਧਾਇਕ ਕਿਸਾਨੀ ਮੰਗਾਂ ਅਤੇ ਕਰਜ਼ਾ ਮੁਆਫ਼ੀ ਦੇ ਨਾਅਰੇ ਲਾਉਂਦਿਆਂ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਕੇ ਰੌਲਾ ਪਾਉਂਦੇ ਰਹੇ।

ਇਸ 'ਤੇ ਆਪ' ਦੇ ਵਿਧਾਇਕ ਸਪੀਕਰ ਮੂਹਰੇ ਸਦਨ ਦੇ ਵਿਚਾਲੇ ਚਲੇ ਗਏ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਆਪ' ਅਤੇ ਅਕਾਲੀ ਦਲ-ਭਾਜਪਾ ਦੇ ਵਿਧਾਇਕ ਵੈੱਲ ਵਿੱਚ ਹੀ ਇੱਕ-ਦੂਸਰੇ ਦੇ ਆਹਮੋ-ਸਾਹਮਣੇ ਹੋ ਗਏ। ਇਸ ਦੌਰਾਨ ਸ੍ਰੀ ਖਹਿਰਾ ਸ੍ਰੀ ਮਜੀਠੀਏ ਦੀਆਂ ਡਰੱਗ ਮਾਫੀਆ ਨਾਲ ਫੋਟੋਆਂ ਦਾ ਪੋਸਟਰ ਅਕਾਲੀ ਵਿਧਾਇਕਾਂ ਮੂਹਰੇ ਲਹਿਰਾ ਕੇ ਨਾਅਰੇਬਾਜ਼ੀ ਕਰਨ ਲੱਗ ਪਏ। ਦੋਵਾਂ ਆਗੂਆਂ ਵਿਚਾਲੇ ਗਰਮਾ-ਗਰਮੀ ਵੀ ਹੋਈ। ਉਂਜ ਪਿਛਲੇ ਕੁਝ ਸਮੇਂ ਤੋਂ ਸ੍ਰੀ ਖਹਿਰਾ ਤੋਂ ਦੂਰੀ ਬਣਾਈ ਬੈਠੇ ਆਪ' ਵਿਧਾਇਕ ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ ਤੇ ਅਮਰਜੀਤ ਸਿੰਘ ਸੰਦੋਆ ਪੋਸਟਰ ਲਹਿਰਾਉਣ 'ਚ ਮੋਹਰੀ ਸਨ। ਦੂਜੇ ਪਾਸੇ ਅਕਾਲੀ ਦਲ ਤੇ ਭਾਜਪਾ ਦੇ ਵਿਧਾਇਕ ਨਾਅਰੇ ਲਾ ਕੇ ਸਪੀਕਰ ਕੋਲੋਂ ਕਿਸਾਨਾਂ ਦੇ ਕਰਜ਼ਿਆਂ ਦੇ ਮੁੱਦੇ ਉਪਰ ਬਹਿਸ ਕਰਾਉਣ ਦੀ ਮੰਗ ਕਰ ਰਹੇ ਸਨ। ਇਸ ਦੌਰਾਨ ਭਾਵੇਂ ਸਪੀਕਰ ਵਾਰ-ਵਾਰ ਆਪ' ਦੇ ਵਿਧਾਇਕਾਂ ਨੂੰ ਪ੍ਰਸ਼ਨ ਕਾਲ ਚੱਲਣ ਦੇਣ ਅਤੇ ਆਪਣੀ ਗੱਲ ਸਿਫ਼ਰ ਕਾਲ ਦੌਰਾਨ ਕਹਿਣ ਦੀ ਨਸੀਹਤ ਦਿੰਦੇ ਰਹੇ ਪਰ ਮੁੱਖ ਵਿਰੋਧੀ ਧਿਰ ਉਪਰ ਇਸ ਦਾ ਕੋਈ ਅਸਰ ਨਹੀਂ ਹੋਇਆ। ਫਿਰ ਸਪੀਕਰ ਨੇ ਰੌਲੇ-ਰੱਪੇ ਦੌਰਾਨ ਹੀ ਪ੍ਰਸ਼ਨ ਕਾਲ ਸ਼ੁਰੂ ਕਰਵਾ ਦਿੱਤਾ।

ਪ੍ਰਸ਼ਨ ਕਾਲ ਦੌਰਾਨ ਤਰਨ ਤਾਰਨ ਤੋਂ ਵਿਧਾਇਕ ਡਾ. ਧਰਮਬੀਰ ਅਗਨੀਹੋਤਰੀ ਦੇ ਇੱਕ ਸਵਾਲ ਦੇ ਜਵਾਬ ਵਿੱਚ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਕਿ ਸਰਹੱਦੀ ਖੇਤਰਾਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਵਧਾਉਣ ਲਈ ਅਧਿਆਪਕਾਂ ਦਾ ਵੱਖਰਾ ਸਰਹੱਦੀ ਖੇਤਰ ਕਾਡਰ' ਬਣਾਇਆ ਜਾਵੇਗਾ। ਇਸ ਕਾਡਰ ਦੇ ਅਧਿਆਪਕਾਂ ਦੀ ਨਿਯੁਕਤੀ, ਬਦਲੀ ਅਤੇ ਤਰੱਕੀ ਉਪਰੰਤ ਨਿਯੁਕਤੀ ਕੇਵਲ ਸਰਹੱਦੀ ਖੇਤਰਾਂ ਦੇ ਸਕੂਲਾਂ ਵਿੱਚ ਹੋਵੇਗੀ।

ਖੰਨਾ ਦੇ ਕਾਂਗਰਸੀ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਦੇ ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਮਾਲਖਾਨਿਆਂ ਵਿੱਚ ਵੱਡੇ ਪੱਧਰ 'ਤੇ ਜ਼ਬਤ ਕੀਤੇ ਵਾਹਨਾਂ ਨੂੰ ਛੱਡਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਵਿਧਾਇਕ ਡਾ. ਧਰਮਬੀਰ ਅਗਨੀਹੋਤਰੀ ਦੇ ਸਵਾਲ ਦੇ ਜਵਾਬ ਵਿੱਚ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਦੱਸਿਆ ਕਿ ਜਨਮ ਤੇ ਮੌਤ ਦੇ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ ਸੁਖਾਲੀ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਡਾ. ਸੁਖਵਿੰਦਰ ਕੁਮਾਰ, ਸੰਤੋਖ ਸਿੰਘ, ਕੁਲਜੀਤ ਸਿੰਘ ਨਾਗਰਾ, ਤਰਸੇਮ ਸਿੰਘ ਡੀਸੀ ਤੇ ਸੋਮ ਪ੍ਰਕਾਸ਼ ਨੇ ਵੀ ਸਵਾਲ ਰੱਖੇ।

ਪ੍ਰਸ਼ਨਕਾਲ ਦੌਰਾਨ ਦੋਵੇਂ ਵਿਰੋਧੀ ਧਿਰਾਂ ਵੱਲੋਂ ਸੱਤਾਧਾਰੀ ਧਿਰ ਨੂੰ ਘੇਰਨ ਦੀ ਥਾਂ ਆਪਸ ਵਿੱਚ ਹੀ ਉਲਝਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਸਾਰੇ ਕਾਂਗਰਸੀ ਵਿਧਾਇਕ ਮੁਸਕਰਾ ਕੇ ਦੋਵੇਂ ਵਿਰੋਧੀ ਧਿਰਾਂ ਦਾ ਤਮਾਸ਼ਾ ਦੇਖਦੇ ਰਹੇ।

ਸਰਕਾਰ ਵਲੋਂ ਪੇਸ਼ ਕੀਤੇ ਦੋ ਬਿਲ ਰੌਲੇ ਰੱਪੇ ਦੌਰਾਨ ਹੀ ਪਾਸ ਹੋਏ।

### ਰੌਲੇ ਤੋਂ ਦੂਰ ਰਹੇ ਫੂਲਕਾ

ਵਿਧਾਨ ਸਭਾ ਵਿੱਚ ਜਦੋਂ ਪ੍ਰਸ਼ਨ ਕਾਲ ਦੌਰਾਨ ਹੀ ਆਪ' ਦੇ ਵਿਧਾਇਕ ਸ੍ਰੀ ਖਹਿਰਾ ਦੇ ਮੁੱਦੇ ਉਪਰ ਨਾਅਰੇ ਲਾਉਂਦੇ ਹੋਏ ਵੈੱਲ ਵਿੱਚ ਚਲੇ ਗਏ ਤਾਂ ਐਚ.ਐਸ. ਫੂਲਕਾ ਆਪਣੇ ਬੈਂਚ ਨੇੜੇ ਖੜ੍ਹੇ ਰਹੇ ਪਰ ਵੈੱਲ ਤੱਕ ਨਹੀਂ ਗਏ। ਇਸ ਦੌਰਾਨ ਉਨ੍ਹਾਂ ਨੇ ਨਾ ਤਾਂ ਆਪਣੇ ਸਾਥੀਆਂ ਨਾਲ ਨਾਅਰੇ ਲਾਏ ਅਤੇ ਨਾ ਹੀ ਹੱਥ ਵਿੱਚ ਪੋਸਟਰ ਫੜਿਆ। ਉਹ ਰੌਲੇ-ਰੱਪੇ ਦੌਰਾਨ ਬਾਅਦ ਵਿੱਚ ਸਦਨ 'ਚੋਂ ਬਾਹਰ ਚਲੇ ਗਏ।

### ਪੰਜਾਬੀ ਪ੍ਰੇਮੀਆਂ ਖਿਲਾਫ਼ ਪਰਚੇ ਵਾਪਸ ਲੈਣ ਦਾ ਭਰੋਸਾ

ਪੰਜਾਬ ਵਿਧਾਨ ਸਭਾ 'ਚ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਭਰੋਸਾ ਦਿਵਾਇਆ ਕਿ ਜਰਨੈਲੀ ਸੜਕਾਂ 'ਤੇ ਅੰਗਰੇਜ਼ੀ ਦੇ ਸਾਈਨ ਬੋਰਡਾਂ 'ਤੇ ਕੂਚੀ ਫੇਰਨ ਵਾਲਿਆਂ ਵਿਰੁੱਧ ਦਰਜ ਮਾਮਲੇ ਵਾਪਸ ਲੈ ਲਏ ਜਾਣਗੇ। ਸਾਈਨ ਬੋਰਡਾਂ 'ਤੇ ਮਾਤ ਭਾਸ਼ਾ ਪੰਜਾਬੀ ਨੂੰ ਪ੍ਰਮੁੱਖਤਾ ਨਾ ਦੇਣ ਸਬੰਧੀ ਧਿਆਨ ਦਿਵਾਊ ਮਤਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ, ਰੁਪਿੰਦਰ ਕੌਰ ਰੂਬੀ ਅਤੇ ਬਲਦੇਵ ਸਿੰਘ ਵੱਲੋਂ ਲਿਆਂਦਾ ਗਿਆ ਸੀ। ਵਿਰੋਧੀ ਧਿਰ ਦੇ ਨੇਤਾ ਨੇ ਬਠਿੰਡਾ ਨਾਲ ਸਬੰਧਤ ਵਿਵਾਦਤ ਨੌਜਵਾਨ ਆਗੂ ਲੱਖਾ ਸਿਧਾਣਾਂ 'ਤੇ ਦਰਜ ਕੇਸ ਵੀ ਵਾਪਸ ਲੈਣ ਦੀ ਮੰਗ ਕੀਤੀ। ਸ੍ਰੀ ਮਹਿੰਦਰਾ ਨੇ ਸਦਨ ਨੂੰ ਕੇਸ ਵਾਪਸ ਲੈਣ ਦਾ ਭਰੋਸਾ ਦਿੱਤਾ। ਫਾਇਰ ਬ੍ਰਿਗੇਡ ਅਮਲੇ ਦੀ ਘਾਟ ਸਬੰਧੀ ਧਿਆਨ ਦਿਵਾਊ ਮਤੇ ਦੇ ਜਵਾਬ ਵਿੱਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜਲਦੀ ਹੀ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ ਤੇ ਫਾਇਰ ਕਰਮੀਆਂ ਦੇ ਪਹਿਨਣ ਲਈ ਲੋੜੀਂਦਾ ਸਾਜੋ ਸਾਮਾਨ ਖ਼ਰੀਦਣ ਲਈ 8 ਕਰੋੜ ਰੁਪਏ ਖਰਚੇ ਜਾਣਗੇ। ਡੇਂਗੂ ਦੇ ਬੀਮਾਰੀ ਸਬੰਧੀ ਧਿਆਨ ਦਿਵਾਊ ਮਤੇ ਦੇ ਜਵਾਬ ਵਿੱਚ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਦੱਸਿਆ ਕਿ ਇਸ ਸਾਲ ਪੰਜਾਬ 'ਚ ਡੇਂਗੂ ਨਾਲ ਚਾਰ ਮੌਤਾਂ ਹੋਈਆਂ ਹਨ।

## ਰਾਜ-ਧ੍ਰੋਹ ਦੇ ਜੁਰਮ ਦਾ ਪਿਛੋਕੜ ਅਤੇ ਵਰਤਮਾਨ

ਗਹਿਰਾਈ ਨਾਲ ਵਿਚਾਰੇ ਗਏ। ਦੋਹਾਂ ਕਾਨੂੰਨਾਂ ਵਿੱਚ ਸੰਤੁਲਨ ਬਣਾਉਂਦੇ ਹੋਏ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਦਿੱਤਾ ਗਿਆ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਕ ਨਹੀਂ ਹੈ। ਜਿੱਥੇ ਸਰਕਾਰ ਦੀਆਂ ਨੀਤੀਆਂ ਅਤੇ ਕੰਮ-ਕਾਜ ਦੀ ਸਖ਼ਤ ਤੋਂ ਸਖ਼ਤ ਅਲੋਚਨਾ ਜਾਇਜ਼ ਹੈ ਉੱਥੇ ਇਸ ਅਧਿਕਾਰ ਨੂੰ ਸਰਕਾਰ ਦੀ ਸੁਰੱਖਿਆ ਅਤੇ ਲੋਕ ਵਿਵਸਥਾ (ਪਬਲਿਕ ਆਰਡਰ) ਨੂੰ ਖਤਰਾ ਖੜ੍ਹਾ ਕਰਨ ਲਈ ਲਾਇਸੈਂਸ ਦੇ ਤੌਰ 'ਤੇ ਵੀ ਨਹੀਂ ਵਰਤਿਆ ਜਾ ਸਕਦਾ। ਸੁਪਰੀਮ ਕੋਰਟ ਨੇ ਅਗਾਂਹ ਕਿਹਾ ਕਿ ਸਰਕਾਰ ਦੀ ਅਲੋਚਨਾ ਇੰਨੇ ਸਖ਼ਤ ਸ਼ਬਦਾਂ ਵਿੱਚ ਹੋ ਸਕਦੀ ਹੈ ਜਿਸ ਨਾਲ ਸਰਕਾਰ ਪ੍ਰਤੀ ਨਫ਼ਰਤ ਅਤੇ ਉਸ ਨੂੰ ਬਦਲਣ ਲਈ ਲੋਕ ਰਾਇ ਬਣ ਸਕੇ। ਪਰ ਇਹ ਬਦਲਾਅ ਹਿੰਸਾ ਦੀ ਥਾਂ ਕਾਨੂੰਨੀ ਪ੍ਰਕ੍ਰਿਆ (ਚੋਣਾਂ ਆਦਿ) ਰਾਹੀਂ ਹੋਣਾ ਚਾਹੀਦਾ ਹੈ।

ਕੇਦਾਰ ਨਾਥ ਸਿੰਘ ਵਾਲੇ ਕੇਸ ਵਿੱਚ 26.05.1953 ਨੂੰ ਬਿਹਾਰ ਦੇ ਪਿੰਡ ਬਰੌਨੀ ਵਿੱਚ ਫਾਰਵਰਡ ਕਮਿਊਨਿਸਟ ਪਾਰਟੀ ਦੇ ਨੇਤਾ ਕੇਦਾਰ ਨਾਥ ਸਿੰਘ ਵੱਲੋਂ ਆਪਣੇ ਸਮਰਥਕਾਂ ਦੇ ਇਕੱਠ ਵਿੱਚ ਇੱਕ ਭਾਸ਼ਣ ਦਿੱਤਾ ਗਿਆ। ਉਸ ਵੱਲੋਂ ਕਿਹਾ ਗਿਆ ਕਿ ਕਾਂਗਰਸ ਸਰਕਾਰ ਵੀ ਅੰਗਰੇਜ਼ ਸਰਕਾਰ ਵਰਗੀ ਹੀ ਹੈ। ਕੇਵਲ ਇਨ੍ਹਾਂ ਦੀਆਂ ਚਮੜੀਆਂ ਦੇ ਰੰਗ ਹੀ ਬਦਲੇ ਹਨ। ਸਰਕਾਰ ਰਿਸ਼ਵਤਖੋਰੀ, ਕਾਲਾਬਜ਼ਾਰੀ ਅਤੇ ਭ੍ਰਿਸ਼ਟਾਚਾਰ ਵਿੱਚ ਗ੍ਰਸਤ ਹੈ। ਕਾਂਗਰਸ ਸਰਕਾਰ ਵੱਲੋਂ ਮਜ਼ਦੂਰਾਂ ਅਤੇ ਕਿਸਾਨਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੈ। ਕਾਂਗਰਸੀ ਗੁੰਡੇ ਹਨ। ਉਨ੍ਹਾਂ ਦੀ ਸਰਕਾਰ ਲੁਟੇਰੀ ਹੈ। ਸਾਡੀ ਪਾਰਟੀ ਦਾ ਵੋਟਾਂ ਵਿੱਚ ਵਿਸ਼ਵਾਸ ਨਹੀਂ ਹੈ। ਅਸੀਂ ਇਨਕਲਾਬ ਵਿਚ ਵਿਸ਼ਵਾਸ ਰੱਖਦੇ ਹਾਂ। ਇਨਕਲਾਬ ਦੀਆਂ ਲਾਟਾਂ ਵਿਚ ਪੂੰਜੀਪਤੀ ਜ਼ਿਮੀਂਦਾਰ ਅਤੇ ਕਾਂਗਰਸੀ ਗੁੰਡੇ ਸਵਾਹ ਹੋ ਜਾਣਗੇ। ਹੇਠਲੀ ਅਦਾਲਤ ਵਲੋਂ ਦੋਸ਼ੀ ਨੂੰ ਇੱਕ ਸਾਲ ਦੀ ਕੈਦ ਦੀ ਸਜ਼ਾ ਕੀਤੀ ਜੋ ਹਾਈ ਕੋਰਟ ਵੱਲੋਂ ਬਹਾਲ ਰੱਖੀ ਗਈ।) ਅਪੀਲ ਸੁਪਰੀਮ ਕੋਰਟ ਗਈ। ਸੁਪਰੀਮ ਕੋਰਟ ਵਲੋਂ ਕੇਦਾਰ ਨਾਥ ਸਿੰਘ ਦੀ ਅਪੀਲ ਇਸ ਆਧਾਰ 'ਤੇ ਖਾਰਜ ਕਰ ਦਿੱਤੀ ਗਈ ਕਿ ਦੋਸ਼ੀ ਵੱਲੋਂ ਸਰਕਾਰ ਦਾ ਤਖ਼ਤਾ ਪਲਟ ਕਰਨ ਲਈ ਇਨਕਲਾਬ ਸ਼ਬਦ ਦੀ ਵਰਤੋਂ ਕੀਤੀ ਗਈ। ਸ਼ਬਦ ਇਨਕਲਾਬ ਵਿੱਚ ਹੀ ਹਿੰਸਾ ਰਾਹੀਂ ਸਰਕਾਰ ਦਾ ਤਖ਼ਤਾ ਪਲਟ ਦੇ ਅਰਥ ਛੁਪੇ ਹੋਏ ਹਨ।

ਬਾਅਦ ਦੇ ਫ਼ੈਸਲਿਆਂ ਵਿੱਚ ਸੁਪਰੀਮ ਕੋਰਟ ਵੱਲੋਂ ਹੋਰ ਸਪੱਸ਼ਟ ਕੀਤਾ ਗਿਆ ਕਿ ਕੇਵਲ ਸ਼ਬਦਾਂ ਦੇ ਅਧਾਰ 'ਤੇ ਭਾਵੇਂ ਉਹ ਕਿੰਨੇ ਵੀ ਭੜਕਾਊ ਕਿਉਂ ਨਾ ਹੋਣ ਇਸ ਜੁਰਮ ਅਧੀਨ ਸਜ਼ਾ ਨਹੀਂ ਹੋ ਸਕਦੀ। ਉਦਾਹਰਣ ਲਈ ਬਲਵੰਤ ਸਿੰਘ (ਬਲਵੰਤ ਸਿੰਘ ਬਨਾਮ ਪੰਜਾਬ ਸਰਕਾਰ, ਸੁਪਰੀਮ ਕੋਰਟ, ਫ਼ੈਸਲੇ ਦੀ ਮਿਤੀ:) ਵਾਲੇ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਕੀਤੀ ਵਿਆਖਿਆ ਦੇਖੀ ਜਾ ਸਕਦੀ ਹੈ। ਇਸ ਕੇਸ ਵਿੱਚ ਬਲਵੰਤ ਸਿੰਘ, ਜੋ ਕਿ ਡੀ.ਪੀ.ਆਈ. ਪੰਜਾਬ, ਚੰਡੀਗੜ੍ਹ ਦੇ ਦਫ਼ਤਰ ਵਿਚ ਸਹਾਇਕ ਸੀ, ਅਤੇ ਭੁਪਿੰਦਰ ਸਿੰਘ, ਜੋ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿੱਚ ਸੀਨੀਅਰ ਕਲਰਕ ਸੀ, ਵੱਲੋਂ 31 ਅਕਤੂਬਰ 1984 ਨੂੰ, (ਜਿਸ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ) ਆਪਣੇ ਦਫ਼ਤਰਾਂ ਵਿੱਚੋਂ ਵਾਪਸ ਆਉਂਦੇ ਹੋਏ ਨੀਲਮ ਸਿਨਮਾ ਸਾਹਮਣੇ ਜੁੜੀ ਭੀੜ ਸਾਹਮਣੇ "ਖਾਲਿਸਤਾਨ ਜ਼ਿੰਦਾਬਾਦ, ਰਾਜ ਕਰੇਗਾ ਖਾਲਸਾ ,ਹਿੰਦੂਆਂ ਨੂੰ ਪੰਜਾਬ ਵਿਚੋਂ ਕੱਢ ਕੇ ਛੱਡਾਂਗੇ ਅਤੇ ਹੁਣ ਮੌਕਾ ਆਇਆ ਹੈ ਰਾਜ ਕਾਇਮ ਕਰਨ ਦਾ" ਨਾਅਰੇ ਲਾਏ ਗਏ ਸਨ। ਸੁਪਰੀਮ ਕੋਰਟ ਵੱਲੋਂ ਕਿਹਾ ਗਿਆ ਕਿ ਕਿਉਂਕਿ ਦੋਸ਼ੀਆਂ ਵੱਲੋਂ ਕੇਵਲ ਨਾਅਰੇਬਾਜ਼ੀ ਹੀ ਕੀਤੀ ਸੀ ਅਤੇ ਕਿਉਂਕਿ ਨਾਅਰੇਬਾਜ਼ੀ ਨਾਲ ਕੋਈ ਹਿੰਸਾ ਨਹੀਂ ਭੜਕੀ, ਇਸ ਲਈ ਕੇਵਲ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਾਰਨ ਦੋਸ਼ੀਆਂ 'ਤੇ ਰਾਜਧ੍ਰੋਹ ਜੁਰਮ ਨਹੀਂ ਬਣਦਾ। ਸੁਪਰੀਮ ਕੋਰਟ ਵੱਲੋਂ ਕਾਨੂੰਨ ਦੀ ਇਸੇ ਵਿਆਖਿਆ ਕਾਰਨ ਇਸ ਜੁਰਮ ਦੇ ਦੋਸ਼ ਵਿੱਚ ਫੜੇ ਬਹੁਤੇ ਵਿਅਕਤੀ ਬਰੀ ਹੁੰਦੇ ਹਨ।

ਕਦੇ ਕਦੇ ਹਾਈ ਕੋਰਟਾਂ ਵੱਲੋਂ ਪ੍ਰੀਵੀ ਕੌਂਸਲ ਵੱਲੋਂ ਕੀਤੀ ਇਸ ਕਾਨੂੰਨ ਦੀ ਵਿਆਖਿਆ ਨੂੰ ਆਧਾਰ ਬਣਾ ਕੇ ਵੀ ਫ਼ੈਸਲੇ ਕੀਤੇ ਜਾਂਦੇ ਹਨ, ਪਰ ਅਜਿਹਾ ਮੁੱਕਦਮੇ ਦੀਆਂ ਮੁੱਢਲੀਆਂ ਸੁਣਵਾਈਆਂ ਸਮੇਂ ਹੀ ਹੁੰਦਾ ਹੈ। ਜਿਵੇਂ ਕਿ ਐੱਫਆਈਆਰ ਖ਼ਾਰਜ ਕਰਾਉਣ ਸਮੇਂ। ਗੁਜਰਾਤ ਦੇ ਪਾਟੀਦਾਰ ਨੇਤਾ ਹਾਰਦਿਕ ਪਟੇਲ (ਹਾਰਦਿਕ ਪਟੇਲ ਬਨਾਮ ਗੁਜਰਾਤ ਸਰਕਾਰ, ਗੁਜਰਾਤ ਹਾਈ ਕੋਰਟ, ਫ਼ੈਸਲੇ ਦੀ ਮਿਤੀ:27.10.2015) ਵਾਲੇ ਮੁੱਕਦਮੇ ਵਿੱਚ ਇਸੇ ਤਰ੍ਹਾਂ ਹੋਇਆ। ਹਾਰਦਿਕ ਪਟੇਲ ਉੱਪਰ ਦੋਸ਼ ਸਨ ਕਿ ਉਸ ਵੱਲੋਂ ਪਾਟੀਦਾਰ ਸਮੂਹ ਲਈ ਸਰਕਾਰੀ ਨੌਕਰੀਆਂ ਆਦਿ ਵਿੱਚ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤੇ ਗਏ। ਪ੍ਰਦਰਸ਼ਨਾਂ ਵਿੱਚ ਸ਼ਾਮਲ ਭੀੜ ਵੱਲੋਂ ਬਹੁਤ ਸਾਰੇ ਥਾਣਿਆਂ, ਸਰਕਾਰੀ ਬੱਸਾਂ ਆਦਿ ਨੂੰ ਸਾੜਿਆ ਗਿਆ। ਸਰਕਾਰ ਦੀ ਹੋਰ ਜਾਇਦਾਦ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਗਿਆ। ਦੰਗਿਆਂ ਕਾਰਨ ਬਹੁਤ ਸਾਰੇ ਬੇਕਸੂਰ ਲੋਕ, ਜਿਨ੍ਹਾਂ ਵਿੱਚ ਇੱਕ ਪੁਲੀਸ ਅਫ਼ਸਰ ਵੀ ਸੀ, ਦੀਆਂ ਜਾਨਾਂ ਗਈਆਂ। ਇਹ ਸਭ ਹਾਰਦਿਕ ਪਟੇਲ ਵੱਲੋਂ ਦਿੱਤੇ ਉਕਸਾਊ ਭਾਸ਼ਣਾਂ ਕਾਰਨ ਹੋਇਆ। ਗੁਜਰਾਤ ਹਾਈ ਕੋਰਟ ਵੱਲੋਂ ਉਸ ਦੀ ਐੱਫਆਈਆਰ ਨੂੰ ਖ਼ਾਰਜ ਕਰਨ ਦੀ ਪਟੀਸ਼ਨ ਨੂੰ ਰੱਦ ਕਰਦੇ ਹੋਏ ਕਿਹਾ ਗਿਆ ਕਿ ਹਾਰਦਿਕ ਪਟੇਲ ਵੱਲੋਂ ਜੋ ਭਾਸ਼ਣ ਦਿੱਤੇ ਗਏ, ਉਨ੍ਹਾਂ ਦੀ ਤੰਜ ਤੋਂ ਇਹ ਨਤੀਜਾ ਭਲੀ-ਭਾਂਤ ਨਿਕਲਦਾ ਹੈ ਕਿ ਉਸ ਦੀ ਨੀਅਤ ਸਰਕਾਰ ਵਿਰੁੱਧ ਨਫ਼ਰਤ ਫੈਲਾਉਣਾ ਸੀ। ਉਸ ਨਫ਼ਰਤ ਕਾਰਨ ਭਾਰੀ ਹਿੰਸਾ ਫੈਲੀ ਅਤੇ ਕਾਨੂੰਨ ਵਿਵਸਥਾ ਵਿਗੜੀ। ਇਸ ਲਈ ਐਫ. ਆਈ.ਆਰ. ਖ਼ਾਰਜ ਨਹੀਂ ਹੋ ਸਕਦੀ ਜਾਂ ਫੇਰ ਜ਼ਮਾਨਤ ਦੀ ਅਰਜ਼ੀ ਦੀ ਸੁਣਵਾਈ ਸਮੇਂ ਵੀ ਅਜਿਹੀ ਵਿਆਖਿਆ ਕੀਤੀ ਜਾਂਦੀ ਹੈ ਜਿਵੇਂ ਕਨ੍ਹਈਆ ਕੁਮਾਰ (ਕਨ੍ਹਈਆ ਕੁਮਾਰ ਬਨਾਮ ਦਿੱਲੀ ਐਨ.ਸੀ.ਟੀ., ਦਿੱਲੀ ਹਾਈ ਕੋਰਟ, ਫੈਸਲੇ ਦੀ ਮਿਤੀ:02.03.2016) ਦੇ ਮੁੱਕਦਮੇ ਵਿੱਚ ਹੋਇਆ। ਕਨ੍ਹਈਆ ਕੁਮਾਰ ਉੱਪਰ ਦੋਸ਼ ਸੀ ਕਿ ਕਸ਼ਮੀਰੀ ਅਤਿਵਾਦੀ ਅਫਜ਼ਲ ਗੁਰੂ ਦੀ ਪਹਿਲੀ ਬਰਸੀ 'ਤੇ ਜੇਐਨਯੂ ਵਿੱਚ ਉਸ ਨੇ ਅਤੇ ਹੋਰ ਵਿਦਿਆਰਥੀਆਂ ਨੇ ਅਫਜ਼ਲ ਗੁਰੂ ਦੇ ਹੱਕ ਵਿੱਚ ਨਾਅਰੇ ਲਾਏ। ਕਨ੍ਹਈਆ ਕੁਮਾਰ ਵੱਲੋਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰਾਉਣ ਲਈ ਦਿੱਤੀਆਂ ਦਲੀਲਾਂ ਵਿੱਚੋਂ ਇੱਕ ਦਲੀਲ ਇਹ ਸੀ ਕਿ ਉਸ ਨੂੰ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਸਵਿੰਧਾਨ ਹੱਕ ਹੈ। ਉਸ ਨੇ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕੀਤੀ ਹੈ। ਦਿੱਲੀ ਹਾਈ ਕੋਰਟ ਵਲੋਂ ਇਸ ਤਰਕ ਨਾਲ ਅਸਹਿਮਤੀ ਪ੍ਰਗਟਾਉਂਦੇ ਹੋਏ ਇਹ ਫ਼ੈਸਲਾ ਦਿੱਤਾ ਗਿਆ ਕਿ ਅਜਿਹੇ ਨਾਅਰਿਆਂ ਨਾਲ ਫ਼ੌਜ ਦੇ ਜਵਾਨਾਂ ਅਤੇ ਅਤਿਵਾਦ ਵਿਰੁੱਧ ਲੜਦੇ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਦੇ ਹੌਂਸਲੇ ਪਸਤ ਹੁੰਦੇ ਹਨ। ਉਂਝ, ਬੁੱਧੀਜੀਵੀ ਅਤੇ ਵਿਦਿਆਰਥੀ ਹੋਣ ਕਾਰਨ ਕਨ੍ਹਈਆ ਕੁਮਾਰ ਨੂੰ ਆਰਜ਼ੀ ਜਮਾਨਤ ਦੇ ਦਿੱਤੀ ਗਈ ਸੀ।

ਧੜਾਧੜ ਮੁਕੱਦਮੇ ਦਰਜ ਕਰਨ ਵਾਲੀਆਂ ਸਰਕਾਰਾਂ ਅਤੇ ਪੁਲੀਸ ਅਫ਼ਸਰਾਂ ਨੂੰ ਸੁਪਰੀਮ ਕੋਰਟ ਦੇ ਇਨ੍ਹਾਂ ਫ਼ੈਸਲਿਆਂ ਬਾਰੇ ਚੰਗੀ ਤਰ੍ਹਾਂ ਪਤਾ ਹੈ। ਇਸ ਧੱਕੜਸ਼ਾਹੀ ਦਾ ਇੱਕ ਕਾਰਨ ਸਾਡੇ ਕਾਨੂੰਨ ਦਾ ਨੁਕਸਦਾਰ ਹੋਣਾ ਹੈ। ਇਹ ਇਸ ਲਈ ਨੁਕਸਦਾਰ ਹੈ ਕਿਉਂਕਿ ਇਹ ਬ੍ਰਿਟਿਸ਼ ਸਰਕਾਰ ਦਾ ਬਣਾਇਆ ਹੋਇਆ ਹੈ। ਅਸੀਂ ਉਸੇ ਤਰ੍ਹਾਂ ਇਸ ਨੂੰ ਅਪਣਾ ਲਿਆ ਹੈ। ਮੁਕੱਦਮੇ ਵਿੱਚ ਬਰੀ ਹੋਣ ਬਾਅਦ ਨਾਜਾਇਜ਼ ਹਿਰਾਸਤ ਵਿਚ ਰਹੇ ਜਾਂ ਜੇਲ੍ਹ ਕੱਟ ਕੇ ਆਏ ਵਿਅਕਤੀ ਨੂੰ ਮੁਆਵਜ਼ਾ ਦੇਣ ਦੀ ਕਾਨੂੰਨ ਵਿੱਚ ਕੋਈ ਵਿਵਸਥਾ ਨਹੀਂ ਹੈ। ਗਲਤ ਮੁਕੱਦਮੇ ਬਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਤੱਕ ਨਹੀਂ ਹੁੰਦੀ। ਅਜਿਹੇ ਕਾਰਨਾਂ ਕਰਕੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਖ਼ੁਦ ਹੀ ਕਾਨੂੰਨ ਦੀ ਧੱਜੀਆਂ ਉਡਾਉਣ ਲਈ ਉਤਸ਼ਾਹਿਤ ਹੁੰਦੀਆਂ ਹਨ। ਸਮੇਂ ਦੀ ਲੋੜ ਇਸ ਕਾਨੂੰਨ ਨੂੰ ਹੀ ਨਹੀਂ ਸਮੁੱਚੇ ਫ਼ੌਜਦਾਰੀ ਨਿਆਂ-ਪ੍ਰਬੰਧ ਨੂੰ ਨਵੇਂ ਸਿਰਿਓਂ ਵਿਵਸਥਿਤ ਕਰਨ ਦੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

×ਲੇਖਕ ਉੱਘਾ ਗਲਪਕਾਰ ਅਤੇ ਸੇਵਾਮੁਕਤ ਡਿਸਟ੍ਰਿਕਟ ਅਟਾਰਨੀ ਹੈ। ਸੰਪਰਕ: 098556-31777

# ਹਵਾ ਵਿਚਲੇ ਪ੍ਰਦੂਸ਼ਣ ਬਾਰੇ ਨਵੀਂ ਖੋਜ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
(ਫੋਨ ਨੰ: 0175-2216783)

ਹਵਾ ਵਿਚਲਾ ਪ੍ਰਦੂਸ਼ਣ ਕਰੋੜਾਂ ਮੌਤਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਹਵਾ ਵਿਚਲਾ ਪ੍ਰਦੂਸ਼ਣ ਨਾ ਸਿਰਫ਼ ਇਨਸਾਨਾਂ ਉੱਤੇ, ਬਲਕਿ ਕੀੜਿਆਂ, ਜਾਨਵਰਾਂ, ਪਾਣੀ, ਧਰਤੀ, ਵਨਸਪਤੀ, ਹਰ ਚੀਜ਼ ਉੱਤੇ ਜਾਨਲੇਵਾ ਅਸਰ ਛੱਡ ਰਿਹਾ ਹੈ।



ਇਰਾਨ ਦੇ ਤਹਿਰਾਨ ਤੇ ਭਾਰਤ ਦੀ ਦਿੱਲੀ ਨੂੰ ਦੁਨੀਆ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਥਾਵਾਂ ਮੰਨ ਲੈਣ ਬਾਅਦ ਵਿਸ਼ਵ ਸਿਹਤ ਸੰਸਥਾ ਨੇ ਪ੍ਰਦੂਸ਼ਿਤ ਹਵਾ ਨਾਲ ਹੋ ਰਹੇ ਮਾੜੇ ਅਸਰਾਂ ਬਾਰੇ ਖੋਜ ਕਰਨ ਦਾ ਫ਼ੈਸਲਾ ਕੀਤਾ।

ਇਰਾਨ ਦੀ ਮੈਡੀਕਲ ਯੂਨੀਵਰਸਿਟੀ ਵਿਚਲੇ ਮੈਡੀਕਲ ਤਕਨਾਲੋਜੀ ਰਿਸਰਚ ਸੈਂਟਰ, ਵਿਖੇ ਮੈਡੀਸਨ ਵਿਭਾਗ ਦੇ ਸਪੈਸ਼ਲਿਸਟਾਂ ਵੱਲੋਂ ਖੋਜ ਕਰ ਕੇ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਲਿਆ ਧਰੇ ਹਨ।

ਸਭ ਤੋਂ ਪਹਿਲਾਂ ਹਵਾ ਵਿਚਲੇ ਕਣ ਜੋ ਪ੍ਰਦੂਸ਼ਣ ਕਹਾਏ ਜਾਂਦੇ ਹਨ, ਉਨ੍ਹਾਂ ਬਾਰੇ ਜਾਣੀਏ:-

1. ਕਾਰਬਨ ਮੋਨੋਆਕਸਾਈਡ
2. ਸਲਫਰ ਡਾਈਆਕਸਾਈਡ
3. ਓਜ਼ੋਨ
4. ਨਾਈਟਰੋਜਨ ਡਾਈਆਕਸਾਈਡ
5. ਪ੍ਰਦੂਸ਼ਿਤ ਕਣ

ਇਨ੍ਹਾਂ ਦੀ ਹਵਾ ਵਿਚਲੀ ਮਾਤਰਾ ਦੇ ਹਿਸਾਬ ਨਾਲ ਹਵਾ ਸਹੀ ਜਾਂ ਜ਼ਹਿਰੀਲੀ ਗਿਣੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਵੀ ਹੋਰ ਅਨੇਕ ਜ਼ਹਿਰੀਲੀਆਂ ਗੈਸਾਂ ਤੇ ਕਣ ਹਨ ਜੋ ਵਾਤਾਵਰਨ ਨੂੰ ਗੰਧਲਾ ਕਰ ਰਹੇ ਹਨ।

ਸਿਫ਼ਰ ਤੋਂ ਲੈ ਕੇ 500 ਤਕ ਦੀ ਮਿਣਤੀ ਅਨੁਸਾਰ ਹਵਾ ਨੂੰ ਪ੍ਰਦੂਸ਼ਿਤ ਗਿਣਿਆ ਜਾਂਦਾ ਹੈ ਕਿ ਇਹ ਹਵਾ ਕਿਸੇ ਇਨਸਾਨ ਲਈ, ਜਾਨਵਰ ਲਈ, ਕੀਟਾਣੂਆਂ ਲਈ ਜਾਂ ਬੂਟਿਆਂ ਲਈ ਕਿੰਨੀ ਹਾਨੀਕਾਰਕ ਹੈ!

ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਲਈ ਇੱਕ ਸਿਗਰਟ ਦਾ ਵੀ ਰੋਲ ਹੁੰਦਾ ਹੈ। ਕੁਦਰਤੀ ਤੌਰ ਉੱਤੇ ਫਟਣ ਵਾਲੇ ਜਵਾਲਾਮੁਖੀ, ਗੱਡੀਆਂ, ਮੋਟਰਾਂ, ਹਵਾਈ ਜਹਾਜ਼ਾਂ ਦੇ ਇੰਜਣਾਂ ਤੇ ਫੈਕਟਰੀਆਂ ਵਿੱਚੋਂ ਲਗਾਤਾਰ ਨਿਕਲਦੀ ਗੰਦਗੀ ਸਮੇਤ ਜੰਗਲਾਂ ਨੂੰ ਅੱਗਾਂ ਲੱਗਣੀਆਂ ਵੀ ਇਸ ਦਾ ਕਾਰਨ ਬਣਦੇ ਜਾ ਰਹੇ ਹਨ।

ਪ੍ਰਦੂਸ਼ਿਤ ਹਵਾ ਨਾਲ ਕੀ ਨੁਕਸਾਨ ਹੋ ਚੁੱਕੇ ਹਨ ਤੇ ਹੋ ਰਹੇ ਹਨ ?

1. ਕਈ ਕਿਸਮਾਂ ਦੇ ਕੁਦਰਤੀ ਮਦਦਗਾਰ ਕੀਟਾਣੂ ਹਮੇਸ਼ਾ ਲਈ ਖ਼ਤਮ ਹੋ ਚੁੱਕੇ ਹਨ।

2. ਹਰ ਸਾਲ 43 ਲੱਖ ਮੌਤਾਂ ਘਰ ਅੰਦਰਲੇ ਧੂੰਏ ਨਾਲ ਹੋ ਰਹੀਆਂ ਹਨ।

3. ਹਵਾ ਵਿਚਲਾ ਵਧਦਾ ਪ੍ਰਦੂਸ਼ਣ ਹਰ ਸਾਲ 37 ਲੱਖ ਮੌਤਾਂ ਦਾ ਕਾਰਨ ਬਣ ਰਿਹਾ ਹੈ।

ਇਕੱਲੇ ਤਹਿਰਾਨ ਵਿਚ ਸੰਨ 2013 ਵਿਚ 4460 ਮੌਤਾਂ ਹਵਾ ਦੇ ਪ੍ਰਦੂਸ਼ਿਤ ਹੋ ਜਾਣ ਨਾਲ ਹੋਈਆਂ ਕਿਉਂਕਿ ਉਸ ਸਾਲ ਲੰਡਨ ਦੀ ਹਵਾ ਨਾਲੋਂ 13 ਗੁਣਾ ਵੱਧ ਗੰਦਗੀ ਤਹਿਰਾਨ ਦੀ ਹਵਾ ਵਿਚ ਲੱਭੀ।

4. ਕਈ ਤਰ੍ਹਾਂ ਦੇ ਜਾਨਵਰ ਹੌਲੀ-ਹੌਲੀ ਲੁਪਤ ਹੁੰਦੇ ਜਾ ਰਹੇ ਹਨ ਤੇ ਖੋਜਾਂ ਰਾਹੀਂ ਪਤਾ ਲੱਗਿਆ ਹੈ ਕਿ ਉਸ ਦਾ ਕਾਰਨ ਪ੍ਰਦੂਸ਼ਿਤ ਹਵਾ ਵਿਚਲੇ ਜ਼ਹਿਰ ਦਾ ਬੂਟਿਆਂ ਤੇ ਧਰਤੀ ਵਿਚਲੇ ਪਾਣੀ ਵਿਚ ਰਲ ਜਾਣਾ ਹੈ।

5. ਹਵਾ ਵਿਚਲੇ ਲੋੜੋਂ ਵੱਧ ਮਾੜੇ ਕਣ ਜੋ ਪੱਤਿਆਂ ਉੱਤੇ ਜੰਮ ਕੇ ਉਨ੍ਹਾਂ ਵਿੱਚੋਂ ਨਾਰਮਲ ਗੈਸਾਂ ਦਾ ਆਦਾਨ ਪ੍ਰਦਾਨ ਹੋਣ ਤੋਂ ਰੋਕ ਦਿੰਦੇ ਹਨ, ਉਸੇ ਗੰਦਗੀ ਤਹਿਤ ਦਰਖ਼ਤ ਹਵਾ ਵਿੱਚੋਂ ਗੰਦਗੀ ਨੂੰ ਸਾਫ ਕਰਨ ਵਿਚ ਅਸਮਰਥ ਹੋ ਜਾਂਦੇ ਹਨ। ਇਸੇ ਕਰਕੇ ਕਈ ਤਰ੍ਹਾਂ ਦੀ ਵਨਸਪਤੀ ਦੀ ਹੋਂਦ ਵੀ ਜਾਨਵਰਾਂ ਵਾਂਗ ਖ਼ਤਰੇ ਵਿਚ ਪੈ ਚੁੱਕੀ ਹੈ ਤੇ ਕੁੱਝ ਕਿਸਮਾਂ ਲੁਪਤ ਹੋ ਚੁੱਕੀਆਂ ਹਨ।

6. ਵਿਸ਼ਵ ਸਿਹਤ ਸੰਸਥਾ ਅਨੁਸਾਰ ਓਜ਼ੋਨ, ਸਲਫਰ ਡਾਈਓਕਸਾਈਡ, ਨਾਈਟਰੋਜਨ ਆਕਸਾਈਡ, ਲੈੱਡ (ਸਿੱਕਾ) ਤੇ ਪ੍ਰਦੂਸ਼ਿਤ ਕਣ ਜਿਵੇਂ ਮਿੱਟੀ-ਘੱਟਾ, ਪਰਾਲੀ ਦਾ ਸਾੜਨਾ, ਜੰਗਲਾਂ ਦਾ ਸੜਨਾ, ਫੈਕਟਰੀਆਂ ਦਾ ਧੂੰਆਂ, ਹਾਈਡਰੋਕਾਰਬਨ, ਹੈਲੋਜਨ, ਵਿਸਫੋਟਕ ਧੂੰਆਂ, ਆਦਿ ਸਰੀਰ ਉੱਤੇ ਹੌਲੀ-ਹੌਲੀ ਮਾਰੂ ਅਸਰ ਕਰ ਕੇ ਕੈਂਸਰ ਕਰ ਦਿੰਦੇ ਹਨ।

7. ਇਕੱਲੇ ਈਰਾਨ ਵਿਚ ਪ੍ਰਦੂਸ਼ਿਤ ਹਵਾ ਨਾਲ ਹੋਈਆਂ ਬੀਮਾਰੀਆਂ ਦੇ ਇਲਾਜ ਵਿਚ ਇੱਕ ਸਾਲ ਵਿਚ ਲੋਕਾਂ ਦੇ 16 ਬਿਲੀਅਨ ਡਾਲਰ ਖਰਚ ਹੋਏ ਹਨ।

8. ਫੈਕਟਰੀਆਂ, ਗੱਡੀਆਂ, ਬੱਸਾਂ, ਕਾਰਾਂ ਆਦਿ ਵਿੱਚੋਂ ਨਿਕਲੀ ਪ੍ਰਦੂਸ਼ਿਤ ਗੈਸ ਡੀ.ਐਨ.ਏ. ਵਿਚ ਸਦੀਵੀ ਨੁਕਸ ਪਾਉਣ ਦੇ ਸਮਰੱਥ ਹੈ। ਓਜ਼ੋਨ, ਇਲੈਕਟਰੋਨ ਨੂੰ ਖਿੱਚ ਕੇ ਸਾਹ ਦੀਆਂ ਨਾਲੀਆਂ ਵਿਚਲੇ ਸੈੱਲਾਂ ਦੀ ਪਰਤ ਹੇਠਲੇ ਫੈੱਟੀ ਏਸਿਡ ਨਾਲ ਛੇੜਛਾੜ ਕਰ ਕੇ ਹੌਲੀ-ਹੌਲੀ ਦਮੇ ਦਾ ਪੱਕਾ ਰੋਗੀ ਬਣਾ ਦਿੰਦੀ ਹੈ। ਫੇਰ ਹਾਈਡਰੋਜਨ ਪਰਆਕਸਾਈਡ ਤੇ ਐਲਡੀਹਾਈਡ ਬਣਾ ਕੇ ਸੈੱਲਾਂ ਦੀ ਪਰਤ ਵਿਚ ਤਬਦੀਲੀ ਲਿਆ ਕੇ, ਡੀ.ਐਨ.ਏ. ਵਿਚ ਬਦਲਾਓ ਲਿਆ ਦਿੰਦੀ ਹੈ। ਇੰਜ ਨਾ ਸਿਰਫ਼ ਸੈੱਲਾਂ ਦੇ ਕੰਮ ਕਾਰ, ਬਣਤਰ, ਬੀਮਾਰੀ ਨਾਲ ਲੜਨ ਦੀ ਸਮਰੱਥਾ, ਬਲਕਿ ਉਨ੍ਹਾਂ ਅੰਦਰਲੀਆਂ ਬਾਇਓਕੈਮੀਕਲ ਸੋਧਾਂ ਵਿਚ ਵੀ ਗੜਬੜੀ ਕਰ ਦਿੰਦੀ ਹੈ। ਇੰਜ ਸਰੀਰ ਧੁਆਂਖੀ ਲੱਕੜ ਵਾਂਗ ਹੌਲੀ-ਹੌਲੀ ਰੋਗੀ ਬਣਦਾ ਜਾਂਦਾ ਹੈ ਪਰ ਕਿਸੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਉਂ ਕੁੱਝ ਸਾਲਾਂ ਬਾਅਦ ਫੈਲੇ ਹੋਏ ਕੈਂਸਰ ਦਾ ਸ਼ਿਕਾਰ ਬਣ ਗਿਆ ਤੇ ਕਿਉਂ ਸਾਰਾ ਟੱਬਰ ਵਾਰ-ਵਾਰ ਬੀਮਾਰ ਹੁੰਦਾ ਰਹਿੰਦਾ ਹੈ!

ਬਿਲਕੁਲ ਇੰਜ ਹੀ ਓਜ਼ੋਨ ਦਰਖ਼ਤਾਂ ਵਿੱਚ ਕਾਰਬਨ ਦਾ ਘੁਲਣਾ ਰੋਕ ਕੇ ਉਨ੍ਹਾਂ ਨੂੰ ਸੁਕਾ ਦਿੰਦੀ ਹੈ ਤੇ ਪੂਰਾ ਇਲਾਕਾ ਵੀਰਾਨ ਕਰ ਦਿੰਦੀ ਹੈ ਜੋ ਅੱਗੋਂ ਹਵਾ ਵਿਚਲਾ ਪ੍ਰਦੂਸ਼ਣ ਖ਼ਤਮ ਕਰਨ ਜੋਗਾ ਨਹੀਂ ਰਹਿੰਦਾ।

9. ਲੱਕੜ ਤੇ ਕੋਲੇ ਦੇ ਬਾਲਣ ਨਾਲ ਨਿਕਲੀ ਕਾਰਬਨ ਮੋਨੋਆਕਸਾਈਡ ਸਿਰ ਪੀੜ, ਚੱਕਰ, ਬੇਹੋਸ਼ੀ ਹੋਣੀ, ਕਮਜ਼ੋਰੀ, ਜੀਅ ਕੱਚਾ, ਉਲਟੀਆਂ, ਘਬਰਾਹਟ, ਕੁੱਝ ਸਮਝ ਨਾ ਸਕਣਾ, ਆਦਿ ਵਰਗੇ ਲੱਛਣ ਪੈਦਾ ਕਰ ਦਿੰਦੀ ਹੈ। ਦੋ ਫੀਸਦੀ ਤੱਕ ਵਧੀ ਕਾਰਬਨ ਮੋਨੋਆਕਸਾਈਡ ਨਾਲ ਖ਼ਤਰਾ ਨਹੀਂ ਹੁੰਦਾ ਪਰ 40 ਫੀਸਦੀ ਤੱਕ ਵਧੀ ਨਾਲ ਮੌਤ ਹੋ ਜਾਂਦੀ ਹੈ। ਦੋ ਤੋਂ 6 ਫੀਸਦੀ ਵਾਧੇ ਨਾਲ ਐਨਜਾਈਨਾ ਦੀ ਪੀੜ ਸ਼ੁਰੂ ਹੋ ਜਾਂਦੀ ਹੈ ਤੇ ਦਿਲ ਦੀ ਧੜਕਨ ਦੀ ਗੜਬੜੀ ਮੌਤ ਦਾ ਕਾਰਨ ਬਣ ਸਕਦੀ ਹੈ।



10. ਸਲਫਰ ਡਾਈਆਕਸਾਈਡ :- ਜਵਾਲਾ ਮੁਖੀ ਫਟਣ, ਫੈਕਟਰੀਆਂ ਦੀ ਜ਼ਹਿਰੀਲੀ ਗੈਸ ਤੇ ਲੱਕੜ ਕੋਲਾ ਬਾਲਣ ਨਾਲ ਨਿਕਲੀ ਗੈਸ ਬੂਟਿਆਂ ਲਈ ਵੀ ਬਹੁਤ ਨੁਕਸਾਨਦੇਹ ਹੈ। ਜਾਨਵਰਾਂ ਤੇ ਬੰਦਿਆਂ ਉੱਤੇ ਇਹ ਕਹਿਰ ਢਾਅ ਸਕਦੀ ਹੈ। ਚਮੜੀ ਤੇ ਫੇਫੜਿਆਂ ਦੀਆਂ ਬੀਮਾਰੀਆਂ ਬੱਚਿਆਂ ਤੋਂ ਬਜ਼ੁਰਗਾਂ ਤਕ, ਹਰ ਕਿਸੇ ਨੂੰ ਹੋ ਸਕਦੀਆਂ ਹਨ। ਦਿਲ ਦੀਆਂ ਬੀਮਾਰੀਆਂ, ਛਾਤੀ ਵਿਚ ਪਾਣੀ ਭਰਨਾ, ਨਿਮੂਨੀਆ, ਇਕਦਮ ਸਾਹ ਦਾ ਰੁਕਣਾ, ਦਮਾ, ਆਦਿ ਆਮ ਲੱਛਣ ਹਨ।

ਮੀਂਹ ਰਾਹੀਂ ਧਰਤੀ ਤੱਕ ਪਹੁੰਚਦੇ ਸਾਰ ਸਲਫਰ ਡਾਈਓਕਸਾਈਡ ਤੇਜ਼ਾਬੀ ਮਾਦਾ ਹੋਣ ਸਦਕਾ (ਏਸਿਡ ਰੇਨ) ਪਾਣੀ ਵਿਚਲੇ ਜੀਵਾਂ ਨੂੰ ਵੀ ਮਾਰ ਮੁਕਾਉਂਦੀ ਹੈ ਤੇ ਵਨਸਪਤੀ ਦਾ ਵੀ ਨਾਸ ਮਰ ਦਿੰਦੀ ਹੈ। ਭਲਾ ਫੇਰ ਮਨੁੱਖ ਕਿਵੇਂ ਇਸਦੇ ਮਾੜੇ ਅਸਰਾਂ ਤੋਂ ਬਚ ਸਕਦਾ ਹੈ?

11. ਨਾਈਟਰੋਜਨ ਆਕਸਾਈਡ : - ਬਸਾਂ, ਟਰੱਕਾਂ, ਕਾਰਾਂ ਵਿੱਚੋਂ ਨਿਕਲਦੀ ਇਸ ਗੈਸ ਨਾਲ ਫੇਫੜਿਆਂ ਵਿਚ ਪਾਣੀ ਭਰ ਸਕਦਾ ਹੈ। ਸੀ. ਡੀ 8 ਸੈੱਲਾਂ ਦਾ ਕੰਮਕਾਰ ਘਟਾ ਕੇ ਬੀਮਾਰੀ ਨਾਲ ਲੜਨ ਦੀ ਤਾਕਤ ਖ਼ਤਮ ਕਰ ਦਿੰਦੀ ਹੈ। ਅੱਖਾਂ ਵਿਚ ਰੜਕ, ਨੱਕ ਤੇ ਗਲੇ ਵਿਚ ਖ਼ੁਰਕ, ਸਿਰ ਪੀੜ, ਸਾਹ ਚੜ੍ਹਨਾ, ਛਾਤੀ ਵਿਚ ਪੀੜ ਅਤੇ ਜਕੜਨ, ਬੁਖ਼ਾਰ, ਪਸੀਨਾ ਆਉਣਾ, ਫੇਫੜਿਆਂ ਵਿਚ ਪਾਣੀ ਇਕੱਠਾ ਹੋਣਾ, ਆਦਿ ਹੋਣੇ ਸ਼ੁਰੂ ਹੋ ਜਾਂਦੇ ਹਨ।

12. ਸਿੱਕਾ :- ਫੈਕਟਰੀਆਂ ਵਿਚਲੀ ਗੰਦਗੀ ਰਾਹੀਂ, ਬੈਟਰੀਆਂ, ਸਿੱਕੇ ਵਾਲੇ ਪੈਟਰੋਲ, ਆਦਿ ਵਿੱਚੋਂ ਨਿਕਲਦਾ ਸਿੱਕਾ ਟਰੈਫਿਕ ਪੁਲਿਸ ਮੁਲਾਜ਼ਮਾਂ ਉੱਤੇ ਹੌਲੀ-ਹੌਲੀ ਅਸਰ ਕਰਦਾ, ਉਨ੍ਹਾਂ ਦਾ ਸਰੀਰ ਛਲਣੀ ਕਰ ਦਿੰਦਾ ਹੈ। ਮਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ਵੀ ਇਸਦੇ ਮਾੜੇ ਅਸਰਾਂ ਤੋਂ ਬਚਦੇ ਨਹੀਂ। ਸਿੱਕਾ ਲਹੂ, ਹੱਡੀਆਂ ਤੇ ਪੱਠਿਆਂ ਵਿਚ ਜੰਮ ਜਾਂਦਾ ਹੈ ਤੇ ਹੌਲੀ-ਹੌਲੀ ਗੁਰਦੇ, ਜਿਗਰ, ਦਿਮਾਗ, ਫੇਫੜੇ, ਅੱਖਾਂ, ਕੰਨ ਆਦਿ, ਸਾਰੇ ਅੰਗਾਂ ਨੂੰ ਆਪਣੀ ਚਪੇਟ ਵਿਚ ਲੈ ਲੈਂਦਾ ਹੈ।

ਬੱਚਿਆਂ ਦੇ ਦਿਮਾਗ ਵਿਚ ਜੰਮਣ ਬਾਅਦ ਇਹ ਦਿਮਾਗ ਦੇ ਕੰਮ ਕਾਰ ਨੂੰ ਬਹੁਤ ਘਟਾ ਦਿੰਦਾ ਹੈ। ਮੰਦਬੁੱਧ, ਪੜ੍ਹਨ ਲਿਖਣ ਵਿਚ ਦਿੱਕਤ, ਯਾਦਾਸ਼ਤ ਦੀ ਕਮੀ, ਟਿਕ ਕੇ ਨਾ ਬਹਿ ਸਕਣਾ, ਛੇਤੀ ਕਾਹਲੇ ਪੈ ਜਾਣਾ, ਲੜਾਈ-ਮਾਰ ਕੁਟਾਈ ਕਰਨੀ, ਜ਼ਿੱਦੀ ਬਣ ਜਾਣਾ, ਗਾਲ੍ਹਾਂ ਕੱਢਣ ਲੱਗ ਪੈਣਾ, ਆਦਿ ਵੇਖੇ ਜਾ ਸਕਦੇ ਹਨ।

ਕੁੱਝ ਸਾਲਾਂ ਬਾਅਦ ਦਿਲ, ਗੁਰਦੇ ਅਤੇ ਸ਼ਕਰਾਣੂਆਂ ਉੱਤੇ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ।

ਕਈਆਂ ਨੂੰ ਢਿੱਡ ਪੀੜ, ਲਹੂ ਦੀ ਕਮੀ, ਕਬਜ਼, ਚਿੜਚਿੜਾਪਨ, ਸਿਰ ਪੀੜ, ਛੇਤੀ ਭੜਕ ਜਾਣ, ਧਿਆਨ ਨਾ ਲਾ ਸਕਣ, ਛੇਤੀ ਭੁੱਲਣ ਲੱਗ ਪੈਣ, ਨੀਂਦਰ ਵਿਚ ਗੜਬੜੀ, ਬਲੱਡ ਪ੍ਰੈੱਸ਼ਰ ਦਾ ਵਧਣਾ, ਸ਼ਕਰਾਣੂਆਂ ਦੀ ਕਮੀ, ਬਾਂਝਪਨ, ਹਾਜ਼ਮਾ ਖ਼ਰਾਬ ਹੋਣਾ, ਪੇਟ 'ਚ ਅਫਾਰਾ ਮਹਿਸੂਸ ਹੋਣਾ, ਜੋੜਾਂ ਦਾ ਦਰਦ, ਪੱਠਿਆਂ ਵਿਚ ਖਿੱਚ, ਗੁਰਦੇ ਖ਼ਰਾਬ ਹੋਣ ਆਦਿ ਦੇ ਲੱਛਣ ਦਿਸਣ ਲੱਗ ਪੈਂਦੇ ਹਨ।

13. ਬੈਨਜ਼ੀਨ, ਟੋਲਿਊਈਨ, ਈਥਾਈਲ ਬੈਨਜ਼ੀਨ, ਜ਼ਾਈਲੀਨ, ਐਂਥਰਾਸੀਨ, ਡਾਇਓਕਸੀਨ ਵਰਗੇ ਹਾਨੀਕਾਰਕ ਤੱਤ ਫੈਕਟਰੀਆਂ ਰਾਹੀਂ ਜਾਂ ਕੋਲੇ ਜਾਂ ਤੇਲ ਦੀ ਵਰਤੋਂ ਨਾਲ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ ਤੇ ਕੈਂਸਰ ਵਰਗੀ ਬੀਮਾਰੀ ਦਾ ਆਧਾਰ ਬਣਦੇ ਹਨ।

14. ਜੰਗਲ ਦੀ ਅੱਗ ਤੇ ਜਵਾਲਾਮੁਖੀ ਵੀ ਲੰਮੇ ਸਮੇਂ ਤਕ ਪੂਰਾ ਵਾਤਾਵਰਣ ਗੰਧਲਾ ਕਰ ਦਿੰਦੇ ਹਨ। ਇਹ ਵੀ ਸਾਹ ਤੇ ਚਮੜੀ ਦੀਆਂ ਬੀਮਾਰੀਆਂ ਅਤੇ ਕੈਂਸਰ ਦੀ ਸ਼ੁਰੂਆਤ ਕਰ ਦਿੰਦੇ ਹਨ।

ਹਵਾ ਵਿਚਲੇ ਪ੍ਰਦੂਸ਼ਣ ਨਾਲ ਸਰੀਰ ਉੱਤੇ ਪੈਂਦੇ ਪ੍ਰਭਾਵ :-

ਅਣਜੰਮੇ ਬੱਚੇ ਹੋਣ ਤੇ ਭਾਵੇਂ ਬਜ਼ੁਰਗ, ਕੋਈ ਵੀ ਪ੍ਰਦੂਸ਼ਣ ਦੇ ਅਸਰਾਂ ਤੋਂ ਬਚ ਨਹੀਂ ਸਕਿਆ। ਕੋਈ ਘੱਟ ਤੇ ਕੋਈ ਵੱਧ, ਸਭ ਇਸ ਦੀ ਮਾਰ ਹੇਠ ਆਉਂਦੇ ਹਨ। ਕਿਸੇ ਨੂੰ ਦਿਮਾਗ਼ ਤੇ ਕਿਸੇ ਨੂੰ ਦਿਲ, ਜਿਗਰ ਜਾਂ ਗੁਰਦੇ ਦਾ ਰੋਗ ਹੋ ਸਕਦਾ ਹੈ। ਕੋਈ ਚਮੜੀ ਤੇ ਕੋਈ ਜੋੜਾਂ ਜਾਂ ਅੱਖਾਂ ਦੇ ਰੋਗ ਲੈ ਬਹਿੰਦਾ ਹੈ। ਕਿਸੇ ਨੂੰ ਮਾਨਸਿਕ ਰੋਗ ਜਕੜ ਲੈਂਦੇ ਹਨ ਤੇ ਕੋਈ ਕੈਂਸਰ ਦੇ ਬੀਜ ਸਰੀਰ ਅੰਦਰ ਬੀਜ ਲੈਂਦਾ ਹੈ। ਕਈਆਂ ਨੂੰ ਛੇਤੀ ਤੇ ਕਈਆਂ ਨੂੰ ਸਾਲਾਂ ਬਾਅਦ ਇਸਦੇ ਮਾੜੇ ਅਸਰ ਦਿਸਦੇ ਹਨ। ਪਰ, ਦਿਸਦੇ ਜ਼ਰੂਰ ਹਨ।

ਆਮ ਵੇਖੇ ਜਾਣ ਵਾਲੇ ਨੁਕਸ :-

1. ਮੂੰਹ ਉੱਤੇ ਕਾਲੇ ਚਟਾਕ ਜਾਂ ਤਿਲ ਵਧਣ ਲੱਗ ਪੈਣੇ ਤੇ ਝੁਰੜੀਆਂ ਛੇਤੀ ਪੈਣੀਆਂ।
2. ਇਮਿਊਨ ਸਿਸਟਮ ਵਿਚ ਗੜਬੜੀ।
3. ਬੀਮਾਰੀ ਨਾਲ ਲੜਨ ਵਾਲੇ ਸੈੱਲਾਂ ਦਾ ਘਟਣਾ।
4. ਭਰੂਣ ਦਾ ਵਧਣਾ ਫੁੱਲਣਾ ਰੁਕ ਜਾਣਾ
5. ਸਤਮਾਹਿਆ ਬੱਚਾ ਪੈਦਾ ਹੋਣਾ
6. ਸ਼ਕਰਾਣੂਆਂ ਦੀ ਕਮੀ
7. ਫੇਫੜਿਆਂ ਦਾ ਨਾਸ ਵੱਜਣਾ ਤੇ ਸਦੀਵੀ ਰੋਗ ਹੋਣੇ
8. ਅੱਖਾਂ ਦੇ ਅਨੇਕ ਰੋਗ ਹੋਣੇ, ਪਾਣੀ ਵੱਗਦਾ ਰਹਿਣਾ, ਲਾਲੀ ਹੋਣੀ, ਖਾਰਸ਼ ਹੋਣੀ
9. ਚਮੜੀ ਦੀ ਐਲਰਜੀ/ਖ਼ੁਰਕ/ਦਾਣੇ/ਐਗਜ਼ੀਮਾ
10. ਦਿਲ ਦੇ ਰੋਗ ਤੇ ਨਾੜੀਆਂ ਵਿਚ ਨੁਕਸ
11. ਮਨੋਰੋਗ ਹੋਣੇ/ਵਾਧੂ ਲੜਨਾ, ਢਹਿੰਦੀ ਕਲਾ ਹੋਣੀ, ਆਦਿ।
12. ਛੇਤੀ ਝਗੜ ਪੈਣਾ, ਗੁਸੈਲ ਹੋਣਾ, ਔਟਿਜ਼ਮ, ਯਾਦਾਸ਼ਤ ਘਟਣੀ, ਹੱਥ ਪੈਰ ਬੇਲੋੜੇ ਹਿਲਣੇ, ਜੁਰਮ ਵੱਲ ਝੁਕਾਓ ਹੋਣਾ
13. ਲਹੂ ਦੀ ਕਮੀ
14. ਕੈਂਸਰ ਦਾ ਬੀਜ ਬੋਇਆ ਜਾਣਾ
15. ਜਿਨ੍ਹਾਂ ਨੂੰ ਪਹਿਲਾਂ ਤੋਂ ਸਾਹ ਜਾਂ ਦਿਲ ਦੀ ਬੀਮਾਰੀ ਹੋਵੇ, ਉਨ੍ਹਾਂ ਦੀ ਮੌਤ ਦਾ ਖ਼ਤਰਾ ਤਿੰਨ ਗੁਣਾ ਵੱਧ ਜਾਂਦਾ ਹੈ।
16. ਗਲੇ ਵਿਚ ਖ਼ਰਾਸ਼, ਆਵਾਜ਼ ਭਾਰੀ ਹੋਣੀ ਤੇ ਗਲਾ ਸਾਫ਼ ਕਰਨ ਦੀ ਲੋੜ ਪੈਣੀ ਦਾ ਮਤਲਬ ਹੈ ਕਿ ਪ੍ਰਦੂਸ਼ਿਤ ਹਵਾ ਦੇ ਅਸਰ ਹੇਠ ਸਰੀਰ ਆ ਚੁੱਕਿਆ ਹੈ। ਫੇਫੜਿਆਂ ਵਿਚਲੇ ਨੁਕਸ ਕਈ ਵਾਰ ਸਾਲਾਂ ਬਾਅਦ ਪਤਾ ਲੱਗਦੇ ਹਨ ਪਰ ਸ਼ੁਰੂਆਤ ਕਾਫ਼ੀ ਪਹਿਲਾਂ ਦੀ ਹੋ ਚੁੱਕੀ ਹੁੰਦੀ ਹੈ।
17. ਬਲੱਡ ਪ੍ਰੈੱਸ਼ਰ ਦਾ ਵਾਧਾ
18. ਲਹੂ ਵਿਚਲੇ ਚਿੱਟੇ ਸੈੱਲਾਂ ਦਾ ਨੁਕਸ
19. ਦਿਲ ਦੇ ਵੱਖੋ-ਵੱਖ ਹਿੱਸਿਆਂ (ਵੈਂਟਰੀਕਲ, ਸੱਜਾ ਤੇ ਖੱਬਾ) ਦਾ ਮੋਟਾ ਹੋਣਾ ਜੋ ਖ਼ਤਰਨਾਕ ਹੈ।

ਨਵੀਂ ਖੋਜ :-

ਪ੍ਰਦੂਸ਼ਿਤ ਹਵਾ ਵਿਚ ਲਗਾਤਾਰ ਰਹਿਣ ਵਾਲਿਆਂ ਦੇ ਦਿਮਾਗ ਉੱਤੇ ਪੈਂਦੇ ਵਿਗਾੜ ਸਦਕਾ:-

ਮਨੋਰੋਗਾਂ ਵਿਚ 18 ਫੀਸਦੀ ਵਾਧਾ ਵੇਖਿਆ ਗਿਆ।

ਅਜਿਹੇ ਮਾਹੌਲ ਵਿਚ ਪੈਦਾ ਹੋਏ ਬੱਚਿਆਂ ਵਿਚ ਵੱਡੇ ਹੋ ਕੇ ਠਹਿਰਾਓ ਨਹੀਂ ਲੱਭਿਆ

ਬੱਚੇ ਰੋਂਦੂ, ਚਿੜਚਿੜੇ, ਜ਼ਿੱਦੀ ਤੇ ਲੋੜੋਂ ਵੱਧ ਲੜਾਕੇ ਹੋਏ ਲੱਭੇ

45 ਸਾਲਾਂ ਦੀ ਉਮਰ 'ਤੇ ਹੀ ਬਥੇਰਿਆਂ ਨੂੰ ਐਲਜ਼ਾਈਮਰ ਤੇ ਪਾਰਕਿਨਸਨ ਰੋਗ ਦੀ ਸ਼ੁਰੂਆਤ ਹੋਈ ਲੱਭੀ।

ਵੱਡੇ ਸ਼ਹਿਰਾਂ ਵਿਚ ਭਿਆਨਕ ਜੁਰਮਾਂ ਵਿਚ ਵਾਧੇ ਵਿਚ ਵੀ ਜ਼ਰਾਇਮ ਪੇਸ਼ਾ ਲੋਕਾਂ ਦੇ ਦਿਮਾਗ਼ ਦੀ ਸਕੈਨਿੰਗ ਤੇ ਲਹੂ ਦੇ ਟੈਸਟਾਂ ਰਾਹੀਂ ਇਹੀ ਪੱਖ ਸਾਹਮਣੇ ਆਇਆ ਕਿ ਪ੍ਰਦੂਸ਼ਿਤ ਹਵਾ ਰਾਹੀਂ ਉਨ੍ਹਾਂ ਦੇ ਸਰੀਰਾਂ ਤੇ ਦਿਮਾਗ ਅੰਦਰ ਪ੍ਰਦੂਸ਼ਿਤ ਕਣਾਂ ਦਾ ਵਾਧਾ ਹੋ ਚੁੱਕਿਆ ਸੀ, ਜਿਸ ਨਾਲ ਉਨ੍ਹਾਂ ਦੇ ਸੋਚਣ ਸਮਝਣ ਦੀ ਸ਼ਕਤੀ ਤੇ ਤਰਕ ਖ਼ਤਮ ਹੋ ਗਿਆ ਸੀ।

ਘਬਰਾਹਟ ਹੁੰਦੀ ਰਹਿਣੀ, ਡਰ ਲੱਗਣਾ ਤੇ ਛੇਤੀ ਭੜਕ ਪੈਣਾ ਵੀ ਪ੍ਰਦੂਸ਼ਣ ਦੇ ਅਸਰ ਸਦਕਾ ਹੈ

ਜਿਗਰ ਦੇ ਕੈਂਸਰ ਵਿਚ ਵਾਧਾ

ਬੱਚਿਆਂ ਵਿਚ ਔਟਿਜ਼ਮ ਬੀਮਾਰੀ ਦਾ ਵਾਧਾ ਜੋ ਉਮਰ ਭਰ ਲਈ ਬੱਚੇ ਦੇ ਦਿਮਾਗ਼ ਵਿਚ ਵਿਗਾੜ ਪੈਦਾ ਕਰ ਦਿੰਦੀ ਹੈ।

ਭਰੂਣ ਦੇ ਦਿਮਾਗ਼ ਦੇ ਵਿਕਾਸ ਵਿਚ ਗੜਬੜੀ, ਉਸਦੇ ਸਿਰ ਦੇ ਆਕਾਰ ਵਿਚ ਵਿਗਾੜ ਤੇ ਭਾਰ ਦੇ ਘੱਟ ਰਹਿ ਜਾਣ ਦੇ ਨਾਲ-ਨਾਲ ਅੰਗਾਂ ਦਾ ਪੂਰਾ ਵਿਕਾਸ ਨਾ ਹੋਣਾ

ਇਮਿਊਨ ਸਿਸਟਮ ਦਾ ਭੱਠਾ ਬਹਿ ਜਾਣਾ

ਦਿਮਾਗ਼ ਵਿਚਲੇ ਸੁਨੇਹੇ ਪਹੁੰਚਾਉਣ ਵਿਚ ਗੜਬੜੀ

ਅੰਨ੍ਹੇ ਹੋ ਜਾਣਾ

ਕਾਰਨ :-

ਆਮ ਹੀ ਸਿਰਫ਼ ਕਿਸਾਨਾਂ 'ਤੇ ਪਰਾਲੀ ਸਾੜਨ ਸਦਕਾ ਹੋਏ ਹਵਾ ਦੇ ਪ੍ਰਦੂਸ਼ਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਪਰ ਇਹ ਸਭ ਤੋਂ ਆਖ਼ਰੀ ਕਾਰਨ ਹੈ। ਪਰਾਲੀ ਸਾੜਨ ਨਾਲ ਧਰਤੀ ਉੱਪਰਲੇ ਵਧੀਆ ਕੀਟਾਣੂ ਮਰ ਜਾਂਦੇ ਹਨ ਤੇ ਧਰਤੀ ਵਿਚਲੇ ਲੋੜੀਂਦੇ ਤੱਤਾਂ ਦਾ ਵੀ ਨਾਸ ਵੱਜ ਜਾਂਦਾ ਹੈ। ਕੁਦਰਤੀ ਤੌਰ ਉੱਤੇ ਬੀਮਾਰੀਆਂ ਤੋਂ ਬਚਾਉਣ ਲਈ ਇਨ੍ਹਾਂ ਦੀ ਜ਼ਰੂਰਤ ਹੁੰਦੀ ਹੈ ਜੋ ਪਰਾਲੀ ਸਾੜ੍ਹਨ ਨਾਲ ਨਸ਼ਟ ਹੋ ਜਾਂਦੇ ਹਨ ਤੇ ਹਵਾ ਵਿਚ ਮਿੱਟੀ ਤੇ ਧੂੰਏ ਦੀ ਮਾਤਰਾ ਵੱਧ ਹੋ ਜਾਂਦੀ ਹੈ। ਇਸ ਨਾਲ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਦਾ ਆਪਣਾ ਹੀ ਹੁੰਦਾ ਹੈ ਜਿਨ੍ਹਾਂ ਦੀਆਂ ਫਸਲਾਂ ਦਾ ਝਾੜ ਹੌਲੀ-ਹੌਲੀ ਕਈ ਦਹਾਕਿਆਂ ਬਾਅਦ ਘਟਣ ਲੱਗ ਪੈਂਦਾ ਹੈ ਅਤੇ ਨੇੜੇ ਰਹਿੰਦੇ ਆਪਣੇ ਹੀ ਟੱਬਰ ਦੇ ਜੀਅ ਬੀਮਾਰੀਆਂ ਸਹੇੜ ਲੈਂਦੇ ਹਨ।

ਅਸਲ ਕਾਰਨ ਜੋ ਪ੍ਰਦੂਸ਼ਣ ਫੈਲਾ ਰਹੇ ਹਨ, ਉਹ ਹਨ :-

1. ਜਵਾਲਾਮੁਖੀ
2. ਸਿਗਰਟਾਂ ਦਾ ਧੂੰਆਂ
3. ਫੈਕਟਰੀਆਂ ਵਿੱਚੋਂ ਨਿਕਲਦੀ ਗੰਦਗੀ
4. ਮੋਟਰਾਂ (ਡੀਜ਼ਲ ਉੱਤੇ ਚੱਲਣ ਵਾਲੀਆਂ)
5. ਮੋਟਰਸਾਈਕਲ ਕਾਰ ਨਾਲੋਂ 60 ਗੁਣਾ ਵੱਧ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ।
6. ਕਾਰਾਂ, ਬਸਾਂ, ਟਰੱਕ, ਵੈਨਾਂ
7. ਸਲਫਰ ਡਾਈਓਕਸਾਈਡ, ਜੋ ਸਭ ਤੋਂ ਖ਼ਤਰਨਾਕ ਗਿਣੀ ਜਾਂਦੀ ਹੈ, ਇਸ ਵੇਲੇ ਦਿੱਲੀ ਦੀ ਹਵਾ ਵਿਚ ਸਭ ਤੋਂ ਵੱਧ ਹੈ ਤੇ ਇਹ ਉਸਦੀ ਆਪਣੀ ਉਪਜ ਹੈ ਜੋ ਕਿਸੇ ਹੋਰ ਸੂਬੇ ਤੋਂ ਨਹੀਂ ਆਈ ਹੋਈ ਕਿਉਂਕਿ ਹੋਰਨਾਂ ਕਿਸੇ ਸੂਬਿਆਂ ਵਿਚਲੀ ਹਵਾ ਵਿਚ ਏਨੀ ਮਾਤਰਾ ਨਹੀਂ ਹੈ। ਸਗੋਂ ਦਿੱਲੀ ਦੇ ਕਾਰਖ਼ਾਨੇ ਤੇ ਵੱਡੀ ਗਿਣਤੀ ਮੋਟਰਸਾਈਕਲਾਂ, ਬਸਾਂ,

ਬਾਕੀ ਸਫ਼ਾ 33 'ਤੇ

# ਘੁੰਡ ਵੀ ਗਏ...

-ਜਗਜੀਤ ਕੌਰ ਜੀਤ

ਘੁੰਡ ਕੱਢਣਾ ਮੁੱਢ ਤੋਂ ਹੀ ਭਾਰਤੀ ਸੱਭਿਆਚਾਰ ਦੇ ਵਿਧੀ-ਵਿਧਾਨ ਵਿੱਚ ਸ਼ਾਮਲ ਸੀ। ਕੁੜੀ ਦੇ ਵਿਆਹੇ ਜਾਣ ਉਪਰੰਤ ਘੁੰਡ ਉਸ ਦੇ ਮੂਲ ਪਹਿਰਾਵੇ ਨਾਲ ਜੁੜ ਜਾਂਦਾ ਸੀ। ਪੰਜਾਬੀ ਸੱਭਿਆਚਾਰ ਦੀ ਮੂਲ ਪਰੰਪਰਾ ਵੀ ਸੁਹਾਗਣ ਇਸਤਰੀ ਦੇ ਪਹਿਰਾਵੇ ਨੂੰ ਘੁੰਡ ਯੁਕਤ ਹੀ ਬਿਆਨਦੀ ਹੈ। ਸਾਡੇ ਲੋਕ ਗੀਤ, ਲੋਕ ਗਥਾਵਾਂ, ਬੋਲੀਆਂ, ਟੱਪੇ ਤੇ ਹੋਰ ਜ਼ੁਬਾਨੀ ਕਲਾਮੀ ਵਿਚਰਦਾ ਲੋਕ ਸਾਹਿਤ ਵੀ ਔਰਤ ਦੇ ਪਹਿਰਾਵੇ ਵਿੱਚ ਘੁੰਡ ਦੀ ਹਾਮੀ ਭਰਦਾ ਹੈ। ਘੁੰਡ ਦਾ



ਅਰਥ ਹੈ-ਪਰਦਾ ਭਾਰਤੀ ਸੱਭਿਆਚਾਰ ਮੁਤਾਬਕ ਔਰਤ ਨੂੰ ਵੀ ਪਰਦੇ ਦੀ ਵਸਤੂ ਐਲਾਨਿਆ ਗਿਆ ਸੀ।

ਘੁੰਡ ਹੀ ਪਿੰਡ ਦੀ ਨੂੰਹ ਤੇ ਧੀ ਦੇ ਫ਼ਰਕ ਨੂੰ ਉਜਾਗਰ ਕਰਦਾ ਸੀ। ਘੁੰਡ ਨੂੰ ਸ਼ਰਮ ਅਤੇ ਸਲੀਕੇ ਦਾ ਚਿੰਨ੍ਹ ਮੰਨਿਆ ਜਾਂਦਾ ਸੀ। ਸਹੁਰੇ ਘਰ ਵਿਆਹੀ ਆਈ ਇਸਤਰੀ ਆਪਣੀ ਪਤੀ ਤੋਂ ਵਡੇਰੀ ਉਮਰ ਦੇ ਆਦਮੀਆਂ ਤੋਂ ਘੁੰਡ ਕੱਢਦੀ ਸੀ। ਇਸ ਨੂੰ ਵੱਡਿਆਂ ਦੇ ਮਾਣ ਸਤਿਕਾਰ ਦਾ ਪ੍ਰਤੀਕ ਸਮਝਿਆ ਜਾਂਦਾ ਸੀ। ਵਿਆਹ ਦੇ ਅੱਲ੍ਹੜ ਵਰੇਸ ਦੇ ਵਰ੍ਹਿਆਂ ਦੌਰਾਨ ਘੁੰਡ ਵੱਲ ਖ਼ਾਸ ਤਵੱਜੋਂ ਦਿੱਤੀ ਜਾਂਦੀ ਸੀ। ਪਿੰਡ ਵਿੱਚ ਜਾਂ ਸ਼ਰੀਕੇ ਦੇ ਵੱਡੀ ਉਮਰ ਦੇ ਪੁਰਸ਼ਾਂ ਨਾਲ ਨੰਗੇ ਮੂੰਹ ਗੱਲਾਂ ਕਰਦੀ ਔਰਤ ਨੂੰ ਸ਼ਰਮ-ਸਲੀਕੇ ਤੋਂ ਸੱਖਣੀ ਔਰਤ ਮੰਨਿਆ ਜਾਂਦਾ ਸੀ ਪਰ ਬੇਹੱਦ ਸੁਨੱਖੀਆਂ ਅਤੇ ਆਪਣੇ ਹੁਸਨ 'ਤੇ ਮਾਣ ਕਰਦੀਆਂ ਮੁਟਿਆਰਾਂ ਕਈ ਵਾਰ ਘੁੰਡ ਨੂੰ ਰੁਕਾਵਟ ਵੀ ਮੰਨਦੀਆਂ ਸਨ। ਉਨ੍ਹਾਂ ਨੂੰ ਇੰਨੀਆਂ ਰੂਪਮੱਤੀਆਂ ਤੇ ਮ੍ਰਿਗਨੈਣੀਆਂ ਹੋਣ ਦਾ ਕੀ ਫ਼ਾਇਦਾ ਜਦ ਕਿ ਉਨ੍ਹਾਂ ਦਾ ਜਨਮ ਤਾਂ ਘੁੰਡ ਵਿੱਚ ਹੀ ਕੈਦ ਹੋ ਕੇ ਰਹਿ ਗਿਆ ਹੈ। ਇਸ ਸਬੰਧੀ ਇੱਕ ਲੋਕ ਗੀਤ ਹਾਮੀ ਭਰਦਾ ਹੈ।

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ

ਹਾਏ ਘੁੰਡ ਵਿੱਚ ਕੈਦ ਹੋ ਗਈਆਂ।

ਨਵਵਿਆਹੀ ਮੁਟਿਆਰ ਨੂੰ ਪੇਕੇ ਪਿੰਡ ਤੋਂ ਸਹੁਰੇ ਪਿੰਡ ਨੂੰ ਲੈ ਕੇ ਜਾਂਦਾ ਵਿਅਕਤੀ ਰਸਤੇ ਵਿੱਚ ਆਪਣੀ ਪਤਨੀ ਨੂੰ ਖ਼ਬਰਦਾਰ ਕਰ ਦਿੰਦਾ ਕਿ ਸਹੁਰੇ ਪਿੰਡ ਦੀ ਜੂਹ ਆ ਗਈ ਹੈ ਅਤੇ ਹੁਣ ਉਹ ਲੰਮਾ ਘੁੰਡ ਕੱਢ ਲਵੇ:

ਘੁੰਡ ਕੱਢ ਲੈ ਪਤਲੀਏ ਨਾਰੇ,

ਨੀਂ ਸਹੁਰਿਆਂ ਦਾ ਪਿੰਡ ਆ ਗਿਆ।

ਸਹੁਰੇ ਪਿੰਡ ਵਿੱਚ ਵੜਦਿਆਂ ਹੀ ਉਹ ਦੋ ਗਿੱਠ ਨੀਵਾਂ ਘੁੰਡ ਕੱਢ ਕੇ ਪੰਜੇਬਾਂ ਛਣਕਾਉਂਦੀ ਚੁੱਪਚਾਪ ਪਤੀ ਦੇ ਮਗਰ-ਮਗਰ ਹੋ ਤੁਰਦੀ। ਘੁੰਡ ਵਿੱਚ ਹੀ ਉਹ ਕੰਮਕਾਜ ਵਿੱਚ ਜੁੱਟ ਜਾਂਦੀ ਹੈ। ਹਰ ਔਰਤ ਨੂੰ ਆਪਣੇ ਪਾਏ ਹੋਏ ਗਹਿਣਿਆਂ ਨੂੰ ਵਿਖਾਉਣ ਦਾ ਸ਼ੌਕ ਵੀ ਹੁੰਦਾ ਹੈ। ਕਈ ਵਾਰ ਘੁੰਡ ਉਸ ਦੇ ਕਾਫ਼ੀ ਗਹਿਣਿਆਂ ਨੂੰ ਕੱਜ ਲੈਂਦਾ ਸੀ। ਕਲਿੱਪ ਅਜਿਹਾ ਹੀ ਸਿਰ ਦੇ ਵਾਲਾਂ ਵਿੱਚ ਟੁੰਗਿਆ ਜਾਣ ਵਾਲਾ ਸੁਹੱਪਣਮਾ ਗਹਿਣਾ ਹੁੰਦਾ ਸੀ, ਜਿਸ ਨੂੰ ਨਵਵਿਆਹੀ ਕਿਸੇ ਕੀਮਤ 'ਤੇ ਵੀ ਢੱਕਣਾ ਨਹੀਂ ਸੀ ਚਾਹੁੰਦੀ। ਕਾਲੀਆਂ ਘਟਾਵਾਂ ਵਰਗੇ ਕੇਸਾਂ ਵਿੱਚ ਟੰਗਿਆ ਸੁਨਹਿਰੀ ਕਲਿੱਪ ਦੂਰੋਂ ਹੀ ਚਮਕਦਾ ਸੀ। ਚੁਸਤ ਚਲਾਕ ਔਰਤਾਂ ਉਸ ਦੇ ਇਹ ਸ਼ੌਕ ਨੂੰ ਤਾੜ ਜਾਂਦੀਆਂ ਸਨ ਕਿ ਇੱਕ ਕਲਿੱਪ ਵਿਖਾਉਣ ਦੀ ਮਾਰੀ ਟੇਢਾ ਘੁੰਡ ਕੱਢਦੀ ਹੈ ਜਿਵੇਂ ਕਿ ਲੋਕ ਬੋਲੀ ਹੈ:

ਸਹੁਰੇ ਕੋਲੋਂ ਘੁੰਢਕੱਢਦੀ,

ਨੰਗਾ ਰੱਖਦੀ ਕਲਿੱਪ ਵਾਲਾ ਪਾਸਾ।

ਇਸ ਦਵੰਦ ਵਿੱਚ ਜਕੜੀ ਕਈ ਵਾਰ ਉਹ ਇਸ ਝਮੇਲੇ ਤੋਂ ਨਿਜਾਤ ਪਾਉਣ ਦੀਆਂ ਸਕੀਮਾਂ ਵੀ ਘੜ ਲੈਂਦੀ ਹੈ। ਉਹ ਸੋਚਦੀ ਕਿ ਜੇ ਉਸ ਦੇ ਸਹੁਰੇ ਨੂੰ ਦਿੱਸਦਾ ਹੀ ਨਾ ਹੋਵੇ ਤਾਂ ਉਸ ਨੂੰ ਘੁੰਡ ਕੱਢਣ ਦੀ ਜ਼ਰੂਰਤ ਹੀ ਨਾ ਪਵੇ।

ਬਾਕੀ ਸਫ਼ਾ 33 'ਤੇ

# ਸੁੰਦਰਤਾ

## ਨੂੰ ਗਹਿਣਿਆਂ ਦੀ ਲੋੜ ਨਹੀਂ

'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ', ਇਹ ਮਾਟੋ ਭਾਰਤੀ ਨਾਰੀ ਲਈ ਅੱਜ ਦੇ ਸਾਇੰਸ ਯੁੱਗ ਵਿਚ ਮਹੱਤਵਪੂਰਨ ਥਾਂ ਰੱਖਦਾ ਹੈ। ਭਾਰਤੀ ਨਾਰੀ ਦਾ ਗਹਿਣਿਆਂ ਨਾਲ ਲੱਦੇ ਜਾਣਾ ਪੁਰਾਤਨ ਰਵਾਇਤਾਂ ਅਨੁਸਾਰ ਅੱਜ ਵੀ ਪੜ੍ਹੇ-ਲਿਖੇ ਯੁੱਗ ਵਿਚ ਪ੍ਰਚੱਲਿਤ ਹੈ। ਕੀ ਸੁੰਦਰਤਾ ਸਿਰਫ ਗਹਿਣਿਆਂ ਨਾਲ ਸ਼ਿੰਗਾਰ ਕਰਕੇ ਹੀ ਹੁੰਦੀ ਹੈ? ਇਹ ਪ੍ਰਸ਼ਨ ਅੱਜ ਦੀ ਨਾਰੀ ਸਾਹਮਣੇ ਵਿਚਾਰਨਯੋਗ ਹੈ ਜਦੋਂ ਕਿ ਤੇਜ਼ ਰਫਤਾਰ ਯੁੱਗ ਵਿਚ ਬਾਹਰਲੇ ਦੇਸ਼ ਅਗਾਂਹ ਲੰਘ ਚੁੱਕੇ ਹਨ। ਗਹਿਣਿਆਂ ਦੇ ਜ਼ਿਆਦਾ ਨੁਕਸਾਨ ਹੀ ਹਨ, ਫਾਇਦੇ ਤਾਂ ਸ਼ਾਇਦ ਹੀ ਕੋਈ ਹੋਣ। ਗਹਿਣਿਆਂ ਦੇ ਸਿਲਸਿਲੇ ਵਿਚ ਪਰਿਵਾਰ ਦੀ ਆਰਥਿਕ ਦਸ਼ਾ ਕਮਜ਼ੋਰ ਹੋ ਜਾਂਦੀ ਹੈ। ਵਿਆਹ ਨੂੰ ਲੜਕੀ ਲਈ ਦੋਵਾਂ ਪਾਸਿਆਂ ਤੋਂ ਗਹਿਣੇ ਪਾਏ ਜਾਂਦੇ ਹਨ। ਇਸ ਤਰ੍ਹਾਂ ਪੈਸੇ ਦੀ ਬਰਬਾਦੀ ਹੁੰਦੀ ਹੈ। ਲੜਕੀ ਵਾਲੇ 'ਨੱਕ ਰੱਖਣ' ਕਰਕੇ ਆਪਣੇ ਵਿਤੋਂ ਬਾਹਰ ਹੋ ਕੇ ਗਹਿਣੇ ਬਣਵਾਉਂਦੇ ਹਨ। ਪਿੰਡਾਂ ਵਿਚ ਤਾਂ ਜ਼ਿਮੀਂਦਾਰ ਜ਼ਮੀਨਾਂ ਗਹਿਣੇ ਕਰਕੇ ਜਾਂ ਵੇਚ ਕੇ ਵਿਆਹ ਉਪਰ ਰੀਸੋ-ਰੀਸ ਇਕ-ਦੂਜੇ ਤੋਂ ਵੱਧ ਪੈਸਾ ਖਰਚਦੇ ਹਨ, ਜਿਹੜਾ ਕਿ ਜ਼ਿਆਦਾ ਗਹਿਣਿਆਂ ਉਪਰ ਖਰਚਿਆ ਜਾਂਦਾ ਹੈ। ਗਹਿਣੇ ਬਣਵਾ ਕੇ ਉਨ੍ਹਾਂ ਨੂੰ ਸੰਭਾਲਣ ਲਈ ਸਮੱਸਿਆ ਪੈਦਾ ਹੋ ਜਾਂਦੀ ਹੈ। ਅਗਰ ਕਿਸੇ ਕੋਲ ਜ਼ਿਆਦਾ ਕੀਮਤੀ ਗਹਿਣੇ ਹਨ ਤਾਂ ਉਸ ਨੂੰ ਰਾਤ ਨੂੰ ਚੋਰੀ ਦੇ ਡਰ ਕਾਰਨ ਨੀਂਦ ਵੀ ਨਹੀਂ ਆਉਂਦੀ। ਬਾਹਰ ਰਸਤੇ ਵਿਚ ਸਫਰ ਕਰਦੇ ਸਮੇਂ ਹਮੇਸ਼ਾ ਮਨ ਅੰਦਰ ਇਹੋ ਡਰ ਰਹੇਗਾ। ਬੱਸਾਂ, ਮੇਲਿਆਂ, ਭੀੜ-ਭੜੱਕੇ ਵਾਲੀਆਂ ਥਾਵਾਂ ਅੰਦਰ ਅਕਸਰ ਜ਼ਨਾਨੀਆਂ ਦੀਆਂ ਚੇਨੀਆਂ, ਗਲ ਦੇ ਹਾਰ, ਕੰਨਾਂ ਦੇ ਵਾਲੇ ਆਦਿ ਅੱਖ ਝਮਕਦਿਆਂ ਲਾਹੁਣ ਜਾਂ ਭੀੜ ਕਾਰਨ ਡਿੱਗਣ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਮ ਵਾਪਰਦੀਆਂ ਹਨ। ਗਹਿਣੇ ਅਕਸਰ ਭੁੱਖੇ ਮਰ ਰਹੇ ਬੰਦੇ ਨੂੰ ਚੋਰੀ ਅਤੇ ਲੁੱਟ ਲਈ ਉਕਸਾਉਂਦੇ ਹਨ। ਕਈ ਜ਼ਨਾਨੀਆਂ ਗਿਰੋਹ ਬਣਾ ਕੇ ਅਕਸਰ ਬੱਸਾਂ ਅਤੇ ਹੋਰ ਜਨਤਕ ਥਾਵਾਂ ਅੰਦਰ ਗਹਿਣੇ ਚੁਰਾਉਣ ਜਾਂ ਲਾਹੁਣ ਦੀ ਭਾਲ ਵਿਚ ਫਿਰਦੀਆਂ ਰਹਿੰਦੀਆਂ ਹਨ। ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਕੀ ਅਸੀਂ ਚੋਰ ਅਤੇ ਲੁਟੇਰੇ ਬਣਾਉਣ ਵਿਚ ਜ਼ਿੰਮੇਵਾਰ ਤਾਂ ਨਹੀਂ?

ਗਹਿਣੇ ਪਾਉਣ ਨਾਲ ਕੰਮਕਾਰ ਕਰਨ ਵਿਚ ਰੁਕਾਵਟ ਪੈਂਦੀ ਹੈ। ਇਕ ਸਾਦਾ ਇਸਤਰੀ ਫੈਕਟਰੀ ਵਿਚ ਜਾਂ ਕਿਤੇ ਹੱਥ ਨਾਲ ਕੰਮ ਕਰਨ ਸਮੇਂ ਲਾਜ਼ਮੀ ਵੱਧ ਕੰਮ ਕਰੇਗੀ। ਗਹਿਣੇ ਮਨ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ। ਗਹਿਣੇ ਛਣਕਦੇ ਰਹਿਣ ਕਾਰਨ ਦਫਤਰੀ ਕੰਮਕਾਜ ਵਿਚ ਵਿਘਨ ਪੈਂਦਾ ਹੈ। ਦੂਜਿਆਂ ਦਾ ਧਿਆਨ ਵੀ ਖਿੱਚਿਆ ਜਾਂਦਾ ਹੈ। ਮਰਦ ਮੁਲਾਜ਼ਮਾਂ ਨੂੰ ਗਹਿਣਿਆਂ ਦੇ ਛਣਕਣ ਦੀ ਆਵਾਜ਼ ਮੱਲੋ-ਮੱਲੀ ਉਕਸਾਉਂਦੀ ਹੈ, ਜਿਸ ਨਾਲ ਕੰਮ ਵਿਚ ਰੁਕਾਵਟ ਪੈਦਾ ਹੁੰਦੀ ਹੈ।

ਬਾਕੀ ਸਫ਼ਾ 33 'ਤੇ





## ਬੁੱਲ੍ਹਾਂ ਦੀ ਚਮਕ

ਪਾਣੀ ਘੱਟ ਪੀਣ, ਧੁੱਪ 'ਚ ਜ਼ਿਆਦਾ ਦੇਰ ਬੈਠਣ, ਬੁੱਲ੍ਹਾਂ 'ਤੇ ਵਾਰ-ਵਾਰ ਜੀਭ ਲਗਾਉਣ, ਵਿਟਾਮਿਨ ਏ, ਬੀ ਤੇ ਸੀ ਦੀ ਕਮੀ, ਸ਼ਰਾਬ ਤੇ ਕੈਫੀਨ ਦੀ ਜ਼ਿਆਦਾ ਵਰਤੋਂ ਕਾਰਨ ਬੁੱਲ੍ਹਾਂ ਦੀ ਨਮੀ ਗੁਆਚ ਜਾਂਦੀ ਹੈ। ਮੇਕਅੱਪ ਸਾਧਨਾਂ ਦੀ ਜ਼ਿਆਦਾ ਵਰਤੋਂ ਵੀ ਬੁੱਲ੍ਹਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

**ਇਲਾਜ** : ਦਿਨ ਵਿਚ ਘੱਟੋ-ਘੱਟ 8 ਗਲਾਸ ਪਾਣੀ ਪੀਓ, ਫਿਰ ਬੁੱਲ੍ਹਾਂ 'ਤੇ ਫਰਕ ਦੇਖੋ। ਸੂਰਜ ਦੀਆਂ ਕਿਰਨਾਂ ਤੋਂ ਬੁੱਲ੍ਹਾਂ ਨੂੰ ਬਚਾਉਣ ਲਈ ਲਿਪ ਬਾਮ ਲਗਾਓ। ਲਿਪ ਬਾਮ ਵਿਚ ਪੈਟ੍ਰੋਲੀਅਮ ਜੈਲੀ ਹੁੰਦੀ ਹੈ ਜੋ ਨਮੀ ਨੂੰ ਗੁਆਚਣ ਤੋਂ ਬਚਾਉਂਦੀ ਹੈ।

ਵਿਟਾਮਿਨ ਏ, ਬੀ ਤੇ ਸੀ ਦੀ ਵਰਤੋਂ ਭਰਪੂਰ ਮਾਤਰਾ 'ਚ ਕਰੋ।

## ਟਮਾਟਰਾਂ ਦੀ ਚਟਣੀ:

ਟਮਾਟਰਾਂ ਦੀ ਚਟਣੀ ਤਿਆਰ ਕਰਨ ਲਈ ਬਰੀਕ ਕੱਟੇ ਹੋਏ ਤਿੰਨ ਕਿਲੋ ਟਮਾਟਰ ਲਏ ਜਾਣ। ਮੇਥੇ ਇੱਕ ਛੋਟਾ ਚਮਚ, ਰਾਈ ਇੱਕ ਛੋਟਾ ਚਮਚ, ਜੀਰਾ ਡੇਢ ਚਮਚ ਛੋਟਾ, ਕਲੌਂਜੀ ਡੇਢ ਚਮਚ ਛੋਟਾ। ਇਨ੍ਹਾਂ ਚਾਰਾਂ ਮਸਾਲਿਆਂ ਨੂੰ ਮੋਟਾ ਪੀਸਿਆ ਜਾਵੇ। ਸਿਰਕਾ ਇੱਕ ਕੌਲੀ, ਲਸਣ ਪੀਸਿਆ ਹੋਇਆ ਦੋ ਵੱਡੇ ਚਮਚ,ਅਦਰਕ ਪੀਸਿਆ ਹੋਇਆ ਦੋ ਵੱਡੇ ਚਮਚ, ਚੀਨੀ ਡੇਢ ਕੌਲੀ, ਰਿਫਾਈਂਡ ਆਇਲ ਇੱਕ ਕੌਲੀ ਲਉ। ਨਮਕ ਅਤੇ ਕੱਟੀ ਮਿਰਚ ਸੁਆਦ ਅਨੁਸਾਰ ਵਰਤੋ।

ਵਿਧੀ : ਇੱਕ ਕੜਾਹੀ ਵਿੱਚ ਤੇਲ ਨੂੰ ਗਰਮ ਕਰੋ। ਅਦਰਕ ਅਤੇ ਪੀਸਿਆ ਲਸਣ ਪਾ ਕੇ ਭੁੰਨੋ। ਦਰੜ ਕੀਤੇ ਸਾਰੇ ਮਸਾਲੇ ਪਾਏ ਜਾਣ। ਫਿਰ ਕੱਟੇ ਹੋਏ ਟਮਾਟਰ ਪਾ ਦਿਉ। ਅੱਗ ਉਤੇ ਗਾੜ੍ਹਾ ਹੋਣ ਤਕ ਪਕਾਉ। ਫਿਰ ਸਿਰਕਾ ਅਤੇ ਚੀਨੀ ਪਾਈ ਜਾਵੇ। ਇਸ ਸਾਰੀ ਸਮੱਗਰੀ ਨੂੰ ਪਕਾਇਆ ਜਾਵੇ। ਤੇਲ ਛੱਡਣ ਲੱਗੇ ਤਾਂ ਗੈਸ ਬੰਦ ਕਰ ਦਿਉ। ਇਸ ਤਰ੍ਹਾਂ ਚਟਣੀ ਤਿਆਰ ਹੈ।

## Classified

### ਵਰ ਦੀ ਲੋੜ

**ਜੱਟ ਸਿੱਖ ਧਾਮੀ ਉਮਰ 24 ਸਾਲ 5’ 7” MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।**
**ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ**
**916-813-6863**

### Bride WANTED

Jatt sikh parents seeking suitable match for their handsome son residing in India, 26 years, 6’ 3” tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538


Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279


**For Classified Contact**
**510.240.5949**

## ਡਰੱਗਜ਼ ਕੇਸ ਵਿਚ ਜਾਂਚ ਏਜੰਸੀ ਤੋਂ ਰਿਪੋਰਟ ਮੰਗੀਂ

ਜਸਟਿਸ ਨਾਲ ਚੈਂਬਰ ਵਿਚ ਮੁਲਾਕਾਤ ਕੀਤੀ ਤੇ ਬਾਹਰ ਆਉਣ ’ਤੇ ਖਹਿਰਾ ਨੇ ਮੀਡੀਆ ਨਾਲ ਮੁਲਾਕਾਤ ਦੌਰਾਨ ਹੋਈ ਗੱਲਬਾਤ ਦਾ ਜ਼ਿਕਰ ਕਰਨ ਤੋਂ ਇਨਕਾਰ ਕਰਦਿਆਂ ਸਿਰਫ਼ ਇਹ ਕਿਹਾ ਕਿ ਉਨ੍ਹਾਂ ਨੂੰ ਨਿਆਂ ਪਾਲਿਕਾ ’ਤੇ ਪੂਰਾ ਭਰੋਸਾ ਹੈ ਤੇ ਉਹ ਉਨ੍ਹਾਂ ਵਿਰੁੱਧ ਘੜੀ ਕਥਿਤ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਹਰ ਉਪਰਾਲਾ ਕਰਨਗੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਵਿਧਾਇਕ ਭਰਾ ਬਲਵਿੰਦਰ ਸਿੰਘ ਬੈਂਸ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਇਕ ਪ੍ਰੈੱਸ ਮਿਲਣੀ ਦੌਰਾਨ ਸੁਖਪਾਲ ਸਿੰਘ ਖਹਿਰਾ ਨੂੰ ਫਸਾਉਣ ਲਈ ਕਈ ਗੰਭੀਰ ਦੋਸ਼ ਲਗਾਏ ਸੀ।

## ਬਲਾਤਕਾਰੀ ਸਾਧ ਦੇ ਡੇਰੇ ’ਚ ਨਜਾਇਜ਼ ਹੀ ਚਲਦਾ ਸੀ ਹਸਪਤਾਲ

ਵਿੱਚ ਸਿਰਸਾ ਦੇ ਸਿਵਲ ਸਰਜਨ ਦੀ ਰਿਪੋਰਟ ਵੀ ਸ਼ਾਮਲ ਹੈ, ਜਿਸ ਵਿੱਚ ਕਿਹਾ ਗਿਆ ਕਿ ਡੇਰੇ ਦੇ ਇਸ ਹਸਪਤਾਲ ਵਿੱਚ ਚਮੜੀ ਟਰਾਂਸਪਲਾਂਟ ਦੇ 40 ਕੇਸ ਹੋਏ। ਇਨ੍ਹਾਂ ਵਿੱਚੋਂ ਅੱਠ ਕੇਸ ਵੱਖ ਵੱਖ ਬਿਮਾਰੀਆਂ ਕਾਰਨ ਕਾਮਯਾਬ ਨਹੀਂ ਹੋਏ। ਰਿਪੋਰਟ ਵਿੱਚ ਕਿਹਾ ਗਿਆ ਕਿ ਇਹ ਵੀ ਪਤਾ ਚੱਲਿਆ ਹੈ ਕਿ ਇਸ ਹਸਪਤਾਲ ਦੇ ਪ੍ਰਬੰਧਕਾਂ ਕੋਲ ਰਜਿਸਟਰੇਸ਼ਨ ਸਰਟੀਫਿਕੇਟ ਨਹੀਂ ਸੀ। ਹਸਪਤਾਲ ਵਿੱਚੋਂ 29 ਰੈਫਰੀਜਰੇਟਿਡ ਪਲਾਸਟਿਕ ਮਰਤਬਾਨ ਬਰਾਮਦ ਹੋਏ, ਜੋ ਚਮੜੀ ਦੀ ਸੰਭਾਲ ਲਈ ਸੀ। ਇਹ ਹਸਪਤਾਲ ਬਿਨਾਂ ਕਿਸੇ ਢੁਕਵੇਂ ਲਾਇਸੈਂਸ ਤੋਂ ਅੰਗ ਦਾਨ ਜਾਂ ਟਰਾਂਸਪਲਾਂਟ ਕਰ ਰਿਹਾ ਸੀ।

ਰਿਪੋਰਟ ਮੁਤਾਬਕ ਡੇਰਾ ਮੁਖੀ ਦੇ ਤਿੰਨ ਮੰਜ਼ਿਲਾ ਘਰ ’ਤੇਰਾਵਾਸ’ ਦੀਆਂ ਖਿੜਕੀਆਂ ਦੇ ਸ਼ੀਸ਼ੇ ਬੁਲੇਟ ਪਰੂਫ ਸਨ। ਤਲਾਸ਼ੀ ਮੁਹਿੰਮ ਦੌਰਾਨ ਡੇਰਾ ਕੰਪਲੈਕਸ ਵਿੱਚੋਂ ਟੀਮਾਂ ਨੇ ਮਹਿੰਗੀਆਂ ਘੜੀਆਂ, ਐਨਕਾਂ, ਪਰਸ, ਪੀਣ ਵਾਲਾ ਵਿਦੇਸ਼ੀ ਪਾਣੀ, ਸ਼ਿੰਗਾਰ ਉਤਪਾਦ, ਕਈ ਜੋੜੇ ਜੁੱਤੀਆਂ, ਟੋਪੀਆਂ ਤੇ ਟੋਪ, ਮਾਲਸ਼ ਵਾਲਾ ਤੇਲ ਅਤੇ ਵੱਡੀ ਗਿਣਤੀ ਡਿਜ਼ਾਇਨਰ ਪੁਸ਼ਾਕਾਂ ਬਰਾਮਦ ਕੀਤੀਆਂ। ਅਦਾਲਤੀ ਕਮਿਸ਼ਨਰ ਨੇ ਇਹ ਰਿਪੋਰਟ 8 ਨਵੰਬਰ ਨੂੰ ਹਾਈ ਕੋਰਟ ਦੇ ਫੁੱਲ ਬੈਂਚ ਸਾਹਮਣੇ ਪੇਸ਼ ਕੀਤੀ ਸੀ।

## ਗੱਲ ਸਿਰ.ਫ ਇਕ ਕਾਲਜ ਦੇ ਨਾਮ ਦੀ ਨਹੀਂ

ਵੀ ਕੋਈ ਹੱਕ ਨਹੀਂ ਕਿ ਬਦਲੇ ਨਾਮ ਵਾਲੇ ਬੋਰਡ ਨੂੰ ਜਾ ਕੇ ਉਤਾਰ ਦੇਵੇ ਜਾਂ ਅੱਗ ਲਗਾ ਦੇਵੇ। ਲੇਕਿਨ ਉਸ ਨੂੰ ਆਪਣਾ ਵਿਰੋਧ ਦਰਜ ਕਰਵਾਉਣ ਤੇ ਅਸਲ ਨਾਮ ਦੀ ਬਹਾਲੀ ਦੀ ਮੰਗ ਕਰਨ ਦਾ ਪੂਰਾ ਹੱਕ ਹੈ। ਉਸ ਨੂੰ ਇਸ ਦੇ ਵਿਰੋਧ ਵਿੱਚ ਸੰਘਰਸ਼ ਕਰਨ ਦਾ ਵੀ ਅਧਿਕਾਰ ਹੈ। ਕੁਝ ਲੋਕ ਜੋ ਆਪਣੇ ਆਪ ਨੂੰ ਜ਼ਿਆਦਾ ਹੀ ਕੱਟੜ ਦੇਸ਼ਭਗਤ ਸਮਝਦੇ ਹਨ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਸ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਇਸ ਦੀ ਜਮਹੂਰੀਅਤ ਹੈ। ਸਾਡਾ ਕੌਮੀ ਨਿਸ਼ਾਨ, ਝੰਡਾ ਤੇ ਕੌਮੀ ਗੀਤ ਲੋਕਾਂ ਦੀ ਚੁਣੀ ਹੋਈ ਪਾਰਲੀਮੈਂਟ ਦੇ ਬਣਾਏ ਹੋਏ ਹਨ। ਇਨ੍ਹਾਂ ਦਾ ਅਹਿਤਰਾਮ ਕਰਨਾ ਸਾਡਾ ਸਭਨਾ ਦਾ ਫਰਜ਼ ਹੈ। ਲੇਕਿਨ ਇਹ ਵੀ ਸਾਡੇ ਸੰਵਿਧਾਨ ਵਿੱਚ ਦਰਜ ਹੈ ਕਿ ਆਪਣੀ ਦੋ ਤਿਹਾਈ ਬਹੁਸੰਮਤੀ ਨਾਲ ਪਾਰਲੀਮੈਂਟ ਇਨ੍ਹਾਂ ਦੀ ਤਰਮੀਮ ਵੀ ਕਰ ਸਕਦੀ ਹੈ। ਇਸ ਦਾ ਸਾਫ਼ ਅਰਥ ਹੈ ਕਿ ਇਨ੍ਹਾਂ ਚੀਜ਼ਾਂ ਉਪਰ ਵੀ ਬਹਿਸ ਹੋ ਸਕਦੀ ਹੈ। ਜੇ ਕਿਸੇ ਨੂੰ ‘ਵੰਦੇ ਮਾਤਰਮ’ ਜਾਂ ‘ਜਨ ਗਣ ਮਨ’ ਦਾ ਰਾਸ਼ਟਰੀ ਗੀਤ ਪਸੰਦ ਨਹੀਂ, ਉਹ ਇਸ ਬਾਰੇ ਆਪਣੇ ਵਿਚਾਰ ਰੱਖ ਸਕਦਾ ਹੈ, ਦਲੀਲਾਂ ਦੇ ਸਕਦਾ ਹੈ ਪਰ ਉਸ ਨੂੰ ਦੇਸ਼ ਛੱਡ ਕੇ ਜਾਣ ਦੀ ਜ਼ਰੂਰਤ ਨਹੀਂ। ਹਾਂ, ਇਕ ਗੱਲ ਜ਼ਰੂਰ ਹੈ ਕਿ ਜਿੰਨੀ ਦੇਰ ਤਕ ਇਹ ਪਾਰਲੀਮੈਂਟ ਵੱਲੋਂ ਪਾਸ ਰਾਸ਼ਟਰੀ ਚਿੰਨ੍ਹ ਹਨ, ਇਨ੍ਹਾਂ ਦੀ ਬੇਹੁਰਮਤੀ ਕਰਨ ਦਾ ਕਿਸੇ ਨੂੰ ਹੱਕ ਨਹੀਂ।

ਅਖ਼ਬਾਰਾਂ, ਟੀਵੀ ਤੇ ਜਨਤਕ ਮੀਡੀਆ ਉਪਰ ਦਿਆਲ ਸਿੰਘ ਕਾਲਜ ਦੇ ਨਾਮ ਦੀ ਬਦਲੀ ਤੇ ‘ਪਦਮਾਵਤੀ’ ਫਿਲਮ ਬਾਰੇ ਵਿਵਾਦ ਇਕੱਠਾ ਰੱਖ ਕੇ ਵਿਚਾਰਿਆ ਜਾ ਰਿਹਾ ਹੈ। ਇਸ ਬਾਰੇ ਵੀ ਇਹੀ ਕਹਿਣਾ ਬਣਦਾ ਹੈ ਕਿ ਕਿਸੇ ਫ਼ਿਲਮਕਾਰ ਨੂੰ ਹੱਕ ਨਹੀਂ ਕਿ ਉਹ ਕਿਸੇ ਵਰਗ (ਧਾਰਮਿਕ ਜਾਂ ਗ਼ੈਰ ਧਾਰਮਿਕ), ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ। ਕਿਸੇ ਨੂੰ ਕਿਸੇ ਵੀ ਵਿਸ਼ਵਾਸ ਦੀ ਬੇਹੁਰਮਤੀ ਕਰਨ ਜਾਂ ਮਜ਼ਾਕ ਉਡਾਉਣ ਦਾ ਹੱਕ ਨਹੀਂ। ਲੇਕਿਨ ਇਸ ਸਭ ਵਾਸਤੇ ਇਸ ਮੁਲਕ ਦੇ ਕੋਲ ਜਮਹੂਰੀ ਤੇ ਕਾਨੂੰਨੀ ਤਰੀਕਾ ਹੈ। ਫਿਲਮ ਦੇ ਪਾਸ ਹੋਣ ਵਾਸਤੇ ਸੈਂਸਰ ਬੋਰਡ ਹੈ, ਜਿਸ ਦਾ ਫਰਜ਼ ਹੈ ਇਹ ਸਭ ਕੁਝ ਪਰਖਣ ਦਾ। ਅਤੇ ਜੇ ਸੈਂਸਰ ਬੋਰਡ ਦਾ ਫੈਸਲਾ ਕਿਸੇ ਨੂੰ ਦਰੁਸਤ ਨਾ ਲੱਗੇ ਤਾਂ ਉਹ ਹਾਈ ਕੋਰਟ ਜਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾ ਸਕਦਾ ਹੈ।

ਇਹ ਵੀ ਠੀਕ ਹੈ ਕਿ ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਵੀ ਕਿਸੇ ਫਿਲਮ ਜਾਂ ਨਾਟਕ ਉਪਰ ਪਾਬੰਦੀ ਲਗਾ ਸਕਦਾ ਹੈ। ਲੇਕਿਨ ਇਸ ਪਾਬੰਦੀ ਬਾਰੇ ਕੋਈ ਵੀ ਨਾਗਰਿਕ ਅਦਾਲਤ ਵਿੱਚ ਜਾ ਸਕਦਾ ਹੈ ਅਤੇ ਅਦਾਲਤ ਦਾ ਫੈਸਲਾ ਸਭ ਨੂੰ ਮੰਨਣਾ ਪਵੇਗਾ। ਦੁੱਖ ਦੀ ਗੱਲ ਹੈ ਕਿ ਮਹਾਨ ਦੇਸ਼ ਦੇ ਇਸ ਜਮਹੂਰੀ ਤਰੀਕੇ ਦਾ ਤਿਆਗ ਕਰਕੇ ਮੰਤਰੀ ਤੇ ਵਿਧਾਇਕ ਲੋਕ ਹੀ ਫਿਲਮ ਕਲਾਕਾਰਾਂ ਦਾ ਸਿਰ ਲਿਆਉਣ ਵਾਸਤੇ ਕਰੋੜਾਂ ਦੀ ਪੇਸ਼ਕਸ਼ ਕਰ ਰਹੇ ਹਨ। ਆਪਣੇ ਆਪ ਨੂੰ ਹੋਰਨਾਂ ਤੋਂ ਵੱਧ ਕੇ ਦੇਸ਼ਭਗਤ ਦਰਸਾਉਣ ਦਾ ਇਹ ਤੌਰ-ਤਰੀਕਾ ਸੰਵਿਧਾਨ ਦੀ ਅਵੱਗਿਆ ਹੈ। ਜੋ ਦੇਸ਼ ਦੇ ਸੰਵਿਧਾਨ ਦਾ ਭਗਤ ਨਹੀਂ, ਉਹ ਦੇਸ਼ਭਗਤ ਨਹੀਂ ਹੋ ਸਕਦਾ।

ਜਿਵੇਂ ਕਿ ਸ਼ੁਰੂ ਵਿੱਚ ਕਿਹਾ ਗਿਆ ਹੈ ਕਿ ਇਹ ਮਸਲਾ ਸਿਰਫ਼ ਇਕ ਕਾਲਜ ਦੇ ਨਾਮ ਬਦਲਣ ਦਾ ਨਹੀਂ (ਹਾਲਾਂਕਿ ਨਾਮ-ਬਦਲੀ ਵੀ ਕੋਈ ਛੋਟਾ ਮਸਲਾ ਨਹੀਂ) । ਇਹ ਇਕ ਖ਼ਤਰਨਾਕ ਤੇ ਦੇਸ਼ ਵਾਸਤੇ ਮਾਰੂ ਰੁਝਾਨ ਦਾ ਸੰਕੇਤ ਹੈ। ਜੋ ਲੋਕ ਦੇਸ਼ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਦੀ ਦੁਹਾਈ ਪਾਉਂਦੇ ਹਨ, ਉਹੀ ਕੁਝ ਦਹਾਕੇ ਪਹਿਲਾਂ ਬਣੀਆਂ ਪ੍ਰੰਪਰਾਵਾਂ ਨੂੰ ਬਲੀ ਚੜ੍ਹਾਉਣ ‘ਤੇ ਤੁੱਲੇ ਹਨ। ਜੋ ਲੋਕ ਭਾਵਨਾਵਾਂ ਨੂੰ ਠੇਸ ਦੀ ਦੁਹਾਈ ਪਾਉਂਦੇ ਹਨ, ਕੀ ਉਨ੍ਹਾਂ ਵਾਸਤੇ ਧਰਮ ਨਿਰਪੱਖਤਾ ਤੇ ਵਰਤਮਾਨ ਇਤਿਹਾਸਕ ਪ੍ਰੰਪਰਾਵਾਂ ਦੇ ਹਮਾਇਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਦੀ ਕੋਈ ਪ੍ਰਵਾਹ ਨਹੀਂ ? ਮੰਨਿਆ ਕਿ ਸਰਦਾਰ ਦਿਆਲ ਸਿੰਘ ਮਜੀਠੀਆ ਨੂੰ ਸਿਰਫ਼ ਸਿੱਖਾਂ ਜਾਂ ਪੰਜਾਬੀਆਂ ਨਾਲ ਹੀ ਜੋੜ ਕੇ ਨਹੀਂ ਵੇਖਿਆ ਜਾ ਸਕਦਾ, ਪਰ ਜਿਨ੍ਹਾਂ ਨੇ ਨਾਮ ਦੀ ਤਬਦੀਲੀ ਕੀਤੀ, ਉਨ੍ਹਾਂ ਨੇ ਇਹ ਕੰਮ ਸਪੱਸ਼ਟ ਫਿਰਕੂ ਸੋਚ ਦੇ ਤਹਿਤ ਕੀਤਾ ਹੈ।

ਸੰਪਰਕ: 098783-75903

## ਪੰਜਾਬੀ ਦਾ ਯੋਗ ਸਥਾਨ: ਰੌਲੇ ਦੀ ਥਾਂ ਠੋਸ ਕੰਮ ਕਰਨ ਦੀ ਲੋੜ

ਪੰਜਾਬੀ ਵਿੱਚ ਬਣਾਈ ਗਈ ਸ਼ਬਦਾਵਲੀ ਵਿੱਚੋਂ ਬਹੁਤ ਸਾਰੇ ਸ਼ਬਦ ਮੰਨਣਯੋਗ ਹੀ ਨਹੀਂ ਲੱਗਦੇ। ਕਈ ਤਾਂ ਉਸ ਦੀਆਂ ਵੱਖ ਵੱਖ ਲਿਖਤਾਂ ਵਿੱਚ ਬਦਲਦੇ ਵੀ ਰਹਿੰਦੇ ਹਨ। ਪੰਜਾਬੀ ਵਿੱਚ ਪਹਿਲਾਂ ਤੋਂ ਪ੍ਰਚੱਲਿਤ ਵਿਗਿਆਨਕ ਸ਼ਬਦਾਵਲੀ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਮਨਮਰਜ਼ੀ ਨਾਲ ਸ਼ਬਦ ਘੜਨੇ ਸ਼ੁਰੂ ਕਰ ਦਿੱਤੇ। ਮਿਸਾਲ ਵਜੋਂ: ਲਿਵਿੰਗ ਹੋਸਟ ਨੂੰ ‘ਜਿਉਂਦੇ ਅਤਿਥੀ’; ਸੈਂਟਰੀਫਿਊਗਲ ਫੋਰਸ ਨੂੰ ‘ਘੁੰਮਣ ਸ਼ਕਤੀ’, ਐਕਸੈਲਰੇਸ਼ਨ ਨੂੰ ‘ਚਾਲ ਬਦਲ’, ਔਪਟੀਮਮ ਨੂੰ ‘ਕਿਰਿਆਸ਼ੀਲ’, ਰੀਪ੍ਰੋਡਕਟਿਵ ਸਿਸਟਮ ਨੂੰ ‘ਉਪਜਾਊ ਪ੍ਰਣਾਲੀ’, ਮੈਮਲ ਨੂੰ ‘ਪਸ਼ੂ’, ਐਨਜ਼ਾਈਮ ਨੂੰ ‘ਕਣ’, ਸਪਰਮ ਨੂੰ ‘ਅਣੂ’, ਫੋਟੋਸਿੰਥਸਿਸ ਨੂੰ ‘ਸੂਰਜ ਕਿਰਨ ਉਪਜਾਊ ਢੰਗ’ ਅਤੇ ਗ੍ਰੀਨ ਹਾਊਸ ਇਫੈਕਟ ਨੂੰ ‘ਸ਼ੀਸ਼ੇ ਵਾਲੀ ਵਿਸ਼ੇਸ਼ਤਾ’ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਵਿਗਿਆਨਕ ਤੱਥਾਂ ਨੂੰ ਬਿਆਨ ਕਰਨ ਵਿੱਚ ਵੀ ਬੜੀ ਲਾਪਰਵਾਹੀ ਵਰਤੀ ਗਈ ਹੈ। ਮਿਸਾਲ ਵਜੋਂ ਮਨੁੱਖੀ ਕੋਸ਼ਿਕਾ ਵਿੱਚ ਜੀਨਾਂ ਦੀ ਸੰਖਿਆ ਕਿਤੇ ਇੱਕ ਲੱਖ ਲਿਖੀ ਗਈ ਹੈ, ਕਿਤੇ ਢਾਈ ਲੱਖ, ਕਿਤੇ ਤੀਹ ਹਜ਼ਾਰ ਤੇ ਕਿਤੇ ਤੀਹ ਹਜ਼ਾਰ ਤੋਂ ਵੀ ਘੱਟ। ਖੋਪੜੀ ਦੀਆਂ ਹੱਡੀਆਂ ਦੀ ਸੰਖਿਆ ਛੇ ਲਿਖੀ ਗਈ ਹੈ ਜਦੋਂਕਿ ਅਸਲ ਵਿੱਚ ਇਹ ਬਾਈ ਹੁੰਦੀਆਂ ਹਨ। ਜੀਨਾਂ ਨੂੰ ਆਧਾਰ ਮੰਨ ਕੇ ਅਸੀਂ ਚਿੰਪੈਂਜ਼ੀ ਨਾਲੋਂ ਕਿੰਨੇ ਕੁ ਵੱਖ ਹਾਂ ? ਕਿਤੇ ਇਹ ਅੰਤਰ 1.6 ਫ਼ੀਸਦੀ ਲਿਖਿਆ ਗਿਆ ਹੈ, ਕਿਤੇ 2 ਫ਼ੀਸਦੀ ਤੇ ਕਿਤੇ 3 ਫ਼ੀਸਦੀ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਵਿਗਿਆਨ ਦੀਆਂ ਇਨ੍ਹਾਂ ਪੁਸਤਕਾਂ ਵਿੱਚ ਵਿਗਿਆਨੀਆਂ ਦੇ ਹਵਾਲੇ ਦੇਣ ਦੀ ਬਜਾਏ ਗ਼ਾਲਿਬ, ਇਕਬਾਲ, ਚੱਕਬਸਤ ਆਦਿ ਉਰਦੂ ਸ਼ਾਇਰਾਂ ਜਾਂ ਹੋਰ ਸਾਹਿਤਕਾਰਾਂ ਦੇ ਹਵਾਲੇ ਦਿੱਤੇ ਗਏ ਹਨ। ਇਨ੍ਹਾਂ ਪੁਸਤਕਾਂ ਵਿੱਚ ਅਜਿਹੇ ਵਿਸ਼ਿਆਂ ਦੀ ਵੀ ਚਰਚਾ ਹੈ ਜਿਨ੍ਹਾਂ ਦਾ ਵਿਗਿਆਨ ਨਾਲ ਕੋਈ ਸਬੰਧ ਹੀ ਨਹੀਂ।

ਜੇ ਪੰਜਾਬੀ ਪ੍ਰੇਮੀ ਸੱਚਮੁੱਚ ਚਾਹੁੰਦੇ ਹਨ ਕਿ ਉਨ੍ਹਾਂ ਦੀ ਭਾਸ਼ਾ ਆਉਣ ਵਾਲੀਆਂ ਪੀੜ੍ਹੀਆਂ ਦੇ ਬੌਧਿਕ ਵਿਕਾਸ ਦਾ ਸਾਧਨ ਬਣੇ, ਕਾਲਜ ਤੇ ਯੂਨੀਵਰਸਿਟੀ ਪੱਧਰ ਦੇ ਤਕਨੀਕੀ ਤੇ ਵਿਗਿਆਨਕ ਵਿਸ਼ਿਆਂ ਤਕ ਉਨ੍ਹਾਂ ਨੂੰ ਪਹੁੰਚ ਮੁਹੱਈਆ ਕਰਵਾਏ ਤੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਵਿਸ਼ਵ ਪੱਧਰ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਾ ਮਾਧਿਅਮ ਬਣੇ ਤਾਂ ਸੜਕਾਂ ‘ਤੇ ਲੱਗੀਆਂ ਤਖ਼ਤੀਆਂ ਤਕ ਹੀ ਸੀਮਿਤ ਨਾ ਰਹਿ ਕੇ ਉਹ ਆਪਣਾ ਧਿਆਨ ਸਮਾਜ ਦੇ ਉਨ੍ਹਾਂ ਅਦਾਰਿਆਂ ਵੱਲ ਦੇਣ ਜਿਨ੍ਹਾਂ ਨੂੰ ਵਰ੍ਹਿਆਂ ਪਹਿਲਾਂ ਪੰਜਾਬੀ ਦੇ ਵਿਕਾਸ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਨ੍ਹਾਂ ਦੀ ਕਾਰਗੁਜ਼ਾਰੀ ਦੀ ਉੱਚ ਪੱਧਰੀ ਸਮੀਖਿਆ ਕਰਕੇ ਇਸ ਦੀ ਗੁਣਵੱਤਾ ਦਾ ਜਾਇਜ਼ਾ ਲਿਆ ਜਾਵੇ ਤੇ ਪੁੱਛਿਆ ਜਾਵੇ ਕਿ ਪੰਜਾਹ-ਪੰਜਾਹ ਸਾਲਾਂ ਦੀ ਕਾਰਗੁਜ਼ਾਰੀ ਦੀ ਠੋਸ ਪ੍ਰਾਪਤੀ ਕੀ ਹੈ ? ਏਨਾ ਪੈਸਾ ਤੇ ਸਮਾਂ ਖਰਚ ਕੇ ਵੀ ਇਨ੍ਹਾਂ ਅਦਾਰਿਆਂ ਦੇ ਪੰਜਾਬੀ ਨੂੰ ‘ਉਚੇਰੀ ਸਿੱਖਿਆ ਦਾ ਮਾਧਿਅਮ ਬਣਾਉਣ’ ਦੇ ਦਾਅਵੇ ਦੀ ਸਚਾਈ ਕਿਤੇ ਨਜ਼ਰ ਕਿਉਂ ਨਹੀਂ ਆ ਰਹੀ ? ਪੰਜਾਬੀ ਦੀ ਸਮਰੱਥਾ ਦੇ ਨਿਰਮਾਣ ਦੇ ਮੁੱਦੇ ਨੂੰ ਵਿਚਾਰੇ ਬਗੈਰ ਹਰ ਥਾਂ ਇਸ ਦੀ ਵਰਤੋਂ ਦੀ ਮੰਗ ਕਰਦੇ ਰਹਿਣ ਨਾਲ ਕੁਝ ਲੋਕਾਂ ਨੂੰ ਰਾਜਨੀਤਕ ਲਾਹਾ ਤਾਂ ਮਿਲ ਸਕਦਾ ਹੈ, ਪਰ ਪੰਜਾਬੀ ਅਤੇ ਪੰਜਾਬੀਆਂ ਨੂੰ ਕੋਈ ਫਾਇਦਾ ਹੋਣ ਵਾਲਾ ਨਹੀਂ।

***ਡਾ. ਹਰਜਿੰਦਰ ਸਿੰਘ ਪੰਜਾਬੀ ਯੂਨੀਵਰਸਟੀ ਦੇ ਜ਼ੂਆਲੋਜੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ ਹਨ; ਡਾ. ਭੋਜ ਰਾਜ ਵਿਦੇਸ਼ੀ ਭਾਸ਼ਾ ਵਿਭਾਗ ‘ਚ ਫਰੈਂਚ ਦੇ ਸਾਬਕਾ ਲੈਕਚਰਰ ਹਨ.**

## ਮੋਦੀਤੰਤਰ: ਨਿੱਤ ਨਵਾਂ ਦੁਸ਼ਮਣ ਲੱਭਣ ਦੀ ਸਿਆਸਤ

ਜਿੱਤ ਦੇ ਬਿਰਤਾਂਤ ਨਾਲ ਜੋੜਿਆ ਜਾ ਸਕਦਾ ਜਾਂ ਫਿਰ ਚੋਣ-ਮੰਚ ‘ਤੇ ਵਰਤਿਆ ਜਾ ਸਕਦਾ। ਇਸੇ ਲਈ ਦੇਸ਼ ਅੰਦਰ ਹੀ ਦੁਸ਼ਮਣਾਂ ਦੀ ਭਾਲ਼ ਸ਼ੁਰੂ ਹੋ ਗਈ। ਇਤਿਹਾਸ ਤੋਂ ਮਦਦ ਲੈਣੀ ਪਵੇਗੀ।

ਹਿੰਦੂ ਵੋਟ-ਬੈਂਕ ਨੂੰ ਮਜ਼ਬੂਤੀ ਨਾਲ ਕਾਇਮ ਰੱਖਣ ਲਈ ਨਵੀਆਂ ਤੇ ਨਿਵੇਕਲੀਆਂ ਰਣਨੀਤੀਆਂ ਉਲੀਕਣੀਆਂ ਹੋਣਗੀਆਂ। ਸਵਾਲ ਇਹ ਹੈ ਕਿ ਹੁਣ ਸਾਨੂੰ ਸਭ ਨੂੰ ਕਿਵੇਂ ਭੜਕਾਇਆ ਜਾਵੇ ? ਸਾਡੇ ਜ਼ਖ਼ਮਾਂ ਨੂੰ ਖ਼ਰੋਚਣ ਲਈ ਇਤਿਹਾਸ ਜਾਂ ਇਸ ਦੇ ਕਿਸੇ ਖ਼ਾਸ ਹਿੱਸੇ ਨੂੰ ਵਰਤਣਾ ਹੋਵੇਗਾ।

ਇਤਿਹਾਸਕ ਪੱਖਪਾਤ ਤੇ ਰੋਸ ਦੀ ਸੜ੍ਹਾਂਦ ਮਹਿਸੂਸ ਕਰਨ ਲਈ ਸਾਨੂੰ ਸਭ ਨੂੰ ਗਰਦਨ ਤੋਂ ਫੜ ਕੇ ਘਸੀਟ ਲਿਆ ਗਿਆ। ਅਜਿਹੀ ਕਿਸੇ ਵੀ ਗੱਲ ਨਾਲ ਕੰਮ ਬਣ ਜਾਵੇਗਾ ਜਿਸ ਨਾਲ ਸਾਡੇ ਅੰਦਰੂਨੀ ਡਰ ਤੇ ਪੱਖਪਾਤ ਉਭਰਨ। ਮਸਲਨ, ਦਿਆਲ ਸਿੰਘ ਕਾਲਜ ਦਾ ਨਾਂਅ ਬਦਲ ਕੇ ਵੰਦੇ ਮਾਤਰਮ ਕਾਲਜ ਕਰ ਦੇਵਾਂਗੇ। ਇਸ ਤਬਦੀਲੀ ਦਾ ਵਿਰੋਧ ਕਰਕੇ ‘ਦੇਸ਼ ਧਰੋਹ’ ਦਾ ਠੱਪਾ ਲਗਵਾਉਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਗਲੇ ਮੈਦਾਨ-ਏ-ਜੰਗ ਕਰਨਾਟਕ ਵਿੱਚ, ਜਿੱਥੇ ਇੱਕ ਘਾਗ਼ ਮੁੱਖ ਮੰਤਰੀ ਨੇ ਹਿੰਦੂਤਵ ਦੇ ਇੱਕਜੁਟ ਕਰ ਕੇ ਰੱਖਣ ਵਾਲੇ ਪੱਖਪਾਤਾਂ ਤੇ ਸਨਕਾਂ ਭਰੇ ਨੁਸਖਿਆਂ ਦੇ ਵਿਰੋਧ ਵਿੱਚ ਕੰਨੜਿਗਾ ਉਪ-ਰਾਸ਼ਟਰਵਾਦ ਭੜਕਾ ਦਿੱਤਾ ਹੈ; ਉੱਥੇ ਟੀਪੂ ਸੁਲਤਾਨ ਦਾ ਨਾਂਅ ਸਹਿਜੇ ਹੀ ਵਰਤਿਆ ਜਾ ਸਕਦਾ ਹੈ। ਉਸ ਨੂੰ ਸਿਰਫ਼ ਇੱਕ ਅਜਿਹਾ ਮੁਸਲਿਮ ਬਣਾ ਕੇ ਸ਼ੈਤਾਨ ਵਜੋਂ ਪੇਸ਼ ਕਰਨਾ ਹੋਵੇਗਾ ਜਿਸ ਨੇ ਹਿੰਦੂਆਂ ਨਾਲ ਵੱਡੀਆਂ ਬੇਇਨਸਾਫ਼ੀਆਂ ਕੀਤੀਆਂ ਸਨ।

ਪਦਮਾਵਤੀ ਫ਼ਿਲਮ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਰਾਜਪੂਤਾਂ ਦੀ ਸੂਰਬੀਰਤਾ ਦੀ ਧਾਰਨਾ ਦੇ ਸੋਹਲੇ ਗਾਉਣ ਤਕ ਹੀ ਮਹਿਦੂਦ ਨਹੀਂ ਹੈ ਸਗੋਂ ਇਸ ਮਾਮਲੇ ਨੂੰ ਤੂਲ ਦਿੱਤਾ ਜਾ ਰਿਹਾ ਹੈ। ਸ਼ਾਇਦ ਇੱਕ ਰਾਜਪੂਤ ਰਾਣੀ ਪ੍ਰਤੀ ਇੱਕ ਬਦਕਾਰ ਮੁਸਲਿਮ ਹਾਕਮ ਦੀ ਦੁਸ਼ਟਤਾ ਉਭਾਰਨ ਲਈ ਅੰਦਰਖਾਤੇ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੋਵੇ। ਅਤੇ ਜੇ ਇਹ ਸਾਰੀਆਂ ਮੱਕਾਰੀ ਭਰੀਆਂ ਦੋਗ਼ਲੀਆਂ ਗੱਲਾਂ ਨਾਕਾਮ ਵੀ ਹੋ ਜਾਣ ਤਾਂ ਫਿਰ ਰਾਹੁਲ ਗਾਂਧੀ ਦੀ ਤੁਲਨਾ ਅਲਾਊਦੀਨ ਖਿਲਜੀ ਤੇ ਔਰੰਗਜ਼ੇਬ ਜਿਹੇ ਮੱਧਕਾਲੀ ਸੁਲਤਾਨਾਂ ਨਾਲ ਕੀਤੇ ਜਾਣ ਦੀ ਸੰਭਾਵਨਾ ਹੈ।

ਸਾਡੇ ਸੱਤਾਧਾਰੀ ਕੁਲੀਨ ਵਰਗ ਨੂੰ ਇੱਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੂ ਭਾਈਚਾਰੇ ਵਿੱਚ ਭਾਵਨਾਤਮਕ ਉਤਸ਼ਾਹ ਕਾਇਮ ਰੱਖਣ ਜਾਂ ਖੁੱਲ੍ਹਾ ਵਿਰੋਧ ਕਰਨ ਦੀ ਸਮਰੱਥਾ ਨਹੀਂ ਹੈ। ਉਂਜ ਵੀ, ਪਿਛਲੇ ਤਿੰਨ ਵਰ੍ਹਿਆਂ ਦੌਰਾਨ ਹਿੰਦੂਆਂ ਤੋਂ ਪੂਰਾ ਭਾਵਨਾਤਮਿਕ ਲਾਹਾ ਲਿਆ ਜਾ ਚੁੱਕਾ ਹੈ। ਹਿੰਦੂ ਲੋਕ ਹੁਣ ਇਹ ਸੁਆਲ ਪੁੱਛ ਸਕਦੇ ਹਨ ਕਿ ਪਦਮਾਵਤੀ ਫ਼ਿਲਮ ਉੱਤੇ ਪਾਬੰਦੀ ਲੱਗਣ ਨਾਲ ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਦੀਪਿਕਾ ਪਾਦੂਕੋਣ ਕੋਈ ਪਹਿਲੂ ਖ਼ਾਨ ਤਾਂ ਹੈ ਨਹੀਂ।

ਜੰਗ ਵਰਗੀ ਇਸ ਸਥਿਤੀ ਨੂੰ ਛੱਡ ਕੇ ਹਿੰਦੂ ਭਾਈਚਾਰਾ ਕਾਰਮਿਕ ਸਹਿਜ ਦੀ ਅਵਸਥਾ ਵਿੱਚ ਪਰਤ ਕੇ ਖ਼ੁਸ਼ ਹੈ। ਉਹ ਆਪਣੇ-ਆਪ ਵਿੱਚ ਹੀ ਰਹਿ ਕੇ ਖ਼ੁਸ਼ ਹੈ। ਉਸ ਨੂੰ ਕਿਸੇ ਦੁਸ਼ਮਣ ਦੇ ਵਿਰੋਧ ਵਿੱਚ ਖ਼ੁਦ ਨੂੰ ਪਰਿਭਾਸ਼ਿਤ ਕਰਨ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ। ਹਿੰਦੂਆਂ ਕੋਲ ਆਪਣਾ, ਆਪਣੇ ਸਮਾਜ ਤੇ ਆਪਣੇ ਦੇਸ਼ ਪ੍ਰਤੀ ਇੱਕ ਹਾਂ-ਪੱਖੀ ਤੇ ਸਜੀਵ ਨਜ਼ਰੀਆ ਹੈ। ਇਹ ਹੀ ਭਾਰਤੀ ਸੱਭਿਅਤਾ ਦੇ ਸਾਬਤਕਦਮ ਹੋਣ ਦਾ ਕਾਰਨ ਰਿਹਾ ਹੈ।

## ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ

ਹਰ ਸਮੇਂ ਗਹਿਣੇ ਪਾਉਣ ਨਾਲ ਇਹ ਘਸਦੇ ਰਹਿੰਦੇ ਹਨ। ਕਈ ਵਾਰੀ ਟੁੱਟ ਵੀ ਜਾਂਦੇ ਹਨ। ਇਸ ਤਰ੍ਹਾਂ ਦੁਬਾਰਾ-ਦੁਬਾਰਾ ਬਣਾਉਣ ਨਾਲ ਇਹ ਸੁਨਿਆਰੇ ਜੋਗੇ ਹੀ ਰਹਿ ਜਾਂਦੇ ਹਨ। ਇਨ੍ਹਾਂ ਦੀ ਕੀਮਤ ਤੇ ਵਜ਼ਨ ਘਟ ਜਾਂਦਾ ਹੈ। ਅੱਜਕਲ੍ਹ ਸੋਨੇ ਦੇ ਗਹਿਣਿਆਂ ਦੀ ਨਕਲ ਵੀ ਚੱਲ ਪਈ ਹੈ।

ਨਕਲੀ ਅਤੇ ਅਸਲੀ ਦਾ ਪਤਾ ਨਹੀਂ ਲਗਦਾ ਤੇ ਕਈ ਵਾਰੀ ਹੇਰਾਫੇਰੀ ਵੀ ਹੋ ਜਾਂਦੀ ਹੈ। ਗਹਿਣਿਆਂ 'ਤੇ ਹਰ ਕੋਈ ਅੱਖ ਰੱਖਦਾ ਹੈ। ਅਖ਼ਬਾਰਾਂ ਵਿਚ ਅਕਸਰ ਜ਼ਨਾਨੀਆਂ ਤੋਂ ਪਾਂਡੇ, ਜੋਤਸ਼ੀ ਅਤੇ ਸਿਆਣਿਆਂ ਵੱਲੋਂ ਗਹਿਣੇ ਲੁੱਟ ਕੇ ਫਰਾਰ ਹੋਣ ਦੀਆਂ ਖ਼ਬਰਾਂ ਪੜ੍ਹਦੇ ਹਾਂ। ਭੋਲੀਆਂ ਜ਼ਨਾਨੀਆਂ ਗੱਲਾਂ ਵਿਚ ਆ ਕੇ ਸਾਰੇ ਗਹਿਣੇ ਉਤਾਰ ਕੇ ਜਾਂ ਅੰਦਰੋਂ ਕੱਢ ਕੇ ਬਾਬੇ ਨੂੰ ਦੇ ਦਿੰਦੀਆਂ ਹਨ। ਬਾਬਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਰਫੂ-ਚੱਕਰ ਹੋ ਜਾਂਦਾ ਹੈ। ਬਾਅਦ ਵਿਚ ਇਹੋ ਜਿਹੀਆਂ ਜ਼ਨਾਨੀਆਂ ਫਿਕਰ ਵਿਚ ਮਾਨਸਿਕ ਰੋਗਾਂ ਦੀ ਜਕੜ ਵਿਚ ਆ ਜਾਂਦੀਆਂ ਹਨ।

ਬੱਚਿਆਂ ਅੰਦਰ ਗਹਿਣਿਆਂ ਦਾ ਸ਼ੌਕ ਵੱਡਿਆਂ ਨੂੰ ਦੇਖ ਕੇ ਕੁਦਰਤੀ ਹੋ ਜਾਂਦਾ ਹੈ। ਕਈ ਮਾਪੇ ਸਕੂਲੀ ਬੱਚਿਆਂ ਨੂੰ ਲਾਡ-ਲਾਡ ਵਿਚ ਗਹਿਣੇ ਪਾਉਣ ਦੀ ਆਦਤ ਪਾ ਦਿੰਦੇ ਹਨ। ਇਹ ਬੱਚੇ ਪਹਿਲਾਂ ਤਾਂ ਫੈਸ਼ਨ ਮੁਤਾਬਿਕ ਡੁਪਲੀਕੇਟ ਗਹਿਣੇ ਪਾਉਂਦੇ ਹਨ ਪਰ ਬਾਅਦ ਵਿਚ ਅਸਲੀ ਗਹਿਣੇ ਮੰਗਣ ਲੱਗ ਪੈਂਦੇ ਹਨ। ਇਹੋ ਜਿਹੇ ਰੁਝਾਨ ਕਾਰਨ ਪੜ੍ਹਾਈ ਵੱਲੋਂ ਉਨ੍ਹਾਂ ਬੱਚਿਆਂ ਦਾ ਧਿਆਨ ਪਾਸੇ ਚਲਾ ਜਾਂਦਾ ਹੈ। ਅਗਰ ਸਕੂਲ ਅਧਿਆਪਕਾਂ ਦੇ ਗਹਿਣੇ ਪਾਏ ਹੋਣਗੇ, ਸੁਭਾਵਿਕ ਹੀ ਬੱਚੇ ਉਪਰ ਇਸ ਦਾ ਪ੍ਰਭਾਵ ਪਵੇਗਾ। ਬੱਚਿਆਂ ਦਾ ਧਿਆਨ ਵੀ ਪੜ੍ਹਾਈ ਵਿਚ ਨਹੀਂ ਲੱਗੇਗਾ।

ਸਾਦਗੀ ਗਹਿਣਿਆਂ ਨਾਲੋਂ ਕਿਤੇ ਵੱਧ ਪ੍ਰਭਾਵਿਤ ਕਰਦੀ ਹੈ, ਬਸ਼ਰਤੇ ਕਿ ਔਰਤ ਬਾਕੀ ਗੁਣਾਂ ਨਾਲ ਮਾਲੋ-ਮਾਲ ਹੋਵੇ। ਤਿੱਖੇ ਨੈਣ-ਨਕਸ਼, ਗੋਰਾ ਰੰਗ, ਸੁਹੱਪਣਤਾ ਦਾ ਜ਼ਰੂਰ ਪ੍ਰਤੀਕ ਹੈ ਪਰ ਸ਼ਖ਼ਸੀਅਤ ਦਾ ਪ੍ਰਭਾਵ ਅੰਦਰਲੇ ਗੁਣਾਂ ਕਰਕੇ ਹੀ ਪੈਂਦਾ ਹੈ। ਨੈਣ-ਨਕਸ਼ ਤੇ ਰੰਗ-ਰੂਪ ਜੋ ਕੁਦਰਤ ਨੇ ਦਿੱਤੇ ਹਨ, ਉਨ੍ਹਾਂ ਨੂੰ ਹੀ ਸਵੀਕਾਰ ਕਰਨਾ ਚਾਹੀਦਾ ਹੈ ਨਾ ਕਿ ਬਿਊਟੀ ਪਾਰਲਰਾਂ ਵਿਚ ਜਾ ਕੇ ਉਨ੍ਹਾਂ ਵਿਚ ਤਬਦੀਲੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਬਾਅਦ ਵਿਚ ਸਮਾਂ ਬੀਤਣ ਨਾਲ ਚਿਹਰੇ ਦੀ ਚਮੜੀ ਹੋਰ ਵੀ ਖ਼ਰਾਬ ਹੋ ਜਾਂਦੀ ਹੈ। ਇਹੋ ਜਿਹੀਆਂ ਆਦਤਾਂ ਪਾਉਣਾ ਜ਼ਿੰਦਗੀ ਨੂੰ ਨੀਰਸ ਬਣਾਉਣ ਤੋਂ ਸਿਵਾਏ ਕੁਝ ਪੱਲੇ ਨਹੀਂ ਪਾਉਂਦੀਆਂ। ਸਾਦਗੀ ਵਿਚ ਰਹਿ ਰਹੀਆਂ ਔਰਤਾਂ ਮਾਨਸਿਕ ਸ਼ਾਂਤੀ ਦਾ ਆਨੰਦਮਈ ਜੀਵਨ ਬਤੀਤ ਕਰਦੀਆਂ ਹਨ। ਪਹਿਰਾਵਾ, ਗੱਲਬਾਤ ਦਾ ਢੰਗ, ਸੁਭਾਅ ਅਤੇ ਕਿੱਤਾ ਆਦਿ ਸ਼ਖ਼ਸੀਅਤ ਨੂੰ ਚੰਗਾ ਬਣਾਉਣ ਲਈ ਸਹਾਈ ਹੁੰਦੇ ਹਨ ਨਾ ਕਿ ਗਹਿਣੇ।

-ਮੇਜਰ ਸਿੰਘ ਨਾਭਾ

## ਘੁੰਡ ਵੀ ਗਏ...

ਇਸ ਦੇ ਹੱਲ ਲਈ ਕੁੜੀਆਂ ਬੜੀ ਵਿਅੰਗਮਈ ਬੋਲੀ ਪਾਉਂਦੀਆਂ:

ਕੋਰੇ-ਕੋਰੇ ਕੂੰਡੇ ਵਿੱਚ ਮਿਰਚਾਂ ਮੈਂ ਰਗੜਾਂ,
ਸਹੁਰੇ ਦੀਆਂ ਅੱਖਾਂ ਵਿੱਚ ਪਾ ਦਿੰਨੀ ਆਂ।
ਘੁੰਡ ਕੱਢਣੇ ਦੀ ਅਲਖ ਮੁਕਾ ਦਿੰਨੀ ਆਂ।

ਪਿੰਡ ਵਿੱਚ ਨਵੀਂ ਵਿਆਹੀ ਆਈ ਬਹੂ ਦਾ ਮੂੰਹ ਦੇਖਣ ਦਾ ਵੀ ਪਿੰਡ ਦੀਆਂ ਕੁੜੀਆਂ-ਬੁੜ੍ਹੀਆਂ ਨੂੰ ਬਹੁਤ ਚਾਅ ਹੁੰਦਾ ਸੀ। ਉਹ ਟੋਲੀਆਂ ਬਣਾ-ਬਣਾ ਕੇ ਨਵੀਂ ਵਿਆਹੁਲੀ ਦਾ ਮੂੰਹ ਵੇਖਣ ਜਾਂਦੀਆਂ ਸਨ। ਕੋਈ ਸਿਆਣੀ ਉਮਰ ਦੀ ਔਰਤ ਵਹੁਟੀ ਦਾ ਘੁੰਡ ਚੁੱਕ ਕੇ ਕੁੜੀਆਂ ਨੂੰ ਉਸ ਦਾ ਚਿਹਰਾ ਵਿਖਾਉਂਦੀ ਸੀ।

ਨਵੀਂ ਬਹੂ ਮੁਕਲਾਵੇ ਆਈ, ਬਹਿ ਗਈ ਪੀਹੜਾ ਡਾਹ ਕੇ,
ਪਿੰਡ ਦੀਆਂ ਕੁੜੀਆਂ ਵੇਖਣ ਆਈਆਂ,
ਆਈਆਂ ਹੁੰਮ ਹੁਮਾ ਕੇ
ਨਵੀਂ ਵਿਆਹੁਲੀ ਦਾ ਮੂੰਹ ਵੇਖਣ ਘੁੰਡ ਚੁਕਾ ਕੇ।

ਗ੍ਰਹਿਸਤ ਤਿਆਗ ਕੇ ਤਿਆਗੀ ਬਣੇ ਯੋਗੀ ਸਾਧ ਵੀ ਔਰਤ ਦਾ ਮੁੱਖ ਵੇਖਣ ਲਈ ਕਾਹਲੇ ਹੁੰਦੇ ਸਨ। ਪਰਿਵਾਰ ਮੋਹ ਤਿਆਗ ਕੇ ਪਹਾੜਾਂ ਦੀਆਂ ਕੁੰਦਰਾਂ ਵਿੱਚ ਬੈਠੇ ਯੋਗੀ ਵੀ ਜਤ-ਸਤ ਖੋ ਬੈਠਦੇ ਤੇ ਔਰਤ ਹੁਸਨ ਤੱਕਣ ਲਈ ਨਵੇਂ ਬਹਾਨੇ ਘੜ ਲੈਂਦੇ:

ਘੁੰਡ ਕੱਢ ਕੇ ਖ਼ੈਰ ਨਾ ਪਾਈਏ, ਯੋਗੀ ਹੁੰਦੇ ਰੱਬ ਵਰਗੇ।

ਕੀਮਾ ਮਲਕੀ ਪ੍ਰੀਤ ਗਾਥਾ ਵਿੱਚ ਵੀ ਜਦ ਖੂਹ 'ਤੇ ਪਾਣੀ ਭਰਦੀ ਮਲਕੀ ਕੋਲ ਕੀਮਾ ਪਾਣੀ ਪੀਣ ਜਾਂਦਾ ਹੈ ਤਾਂ ਉਹ ਉਸ ਨੂੰ ਓਪਰਾ ਮਰਦ ਸਮਝ ਕੇ ਪੱਲਾ ਕਰ ਲੈਂਦੀ ਹੈ ਪਰ ਕੀਮਾ ਉਸ ਦੇ ਘੁੰਡ ਵਿੱਚ ਦਗਦੇ ਨੈਣਾਂ ਨੂੰ ਪਛਾਣ ਜਾਂਦਾ ਹੈ। ਆਪਣੀ ਪਤਨੀ ਹੋਣ ਦਾ ਹੱਕ ਜਿਤਾਉਂਦਾ ਹੋਇਆ ਉਸ ਨੂੰ ਕਹਿ ਦਿੰਦਾ ਹੈ ਕਿ ਉਹ ਮੁੱਖ ਤੋਂ ਘੁੰਡ ਹਟਾ ਦੇਵੇ ਕਿਤੇ ਅੰਗਿਆਰਾਂ ਵਰਗੀ ਨੈਣਾਂ ਦੀ ਤਪਸ਼ ਉਸ ਦੇ ਪੱਲੇ ਨੂੰ ਹੀ ਨਾ ਸਾੜ ਦੇਵੇ। ਉਹ ਕਹਿੰਦਾ ਹੈ:

ਪੱਲਾ ਨਾ ਕਰ ਐਵੇਂ ਚੁੰਨੀ ਸਾੜ ਲਵੇਂਗੀ ਨੀ ਕੁੜੀਏ,
ਤੇਰੇ ਘੁੰਡ ਵਿੱਚ ਬਲਦੇ ਦਿਸਦੇ ਦੋ ਚੰਗਿਆੜੇ।

ਇਸੇ ਤਰ੍ਹਾਂ ਦੇ ਹੁਸਨ ਦੀਆਂ ਤਰੀਫ਼ਾਂ ਕਰਦਾ ਕੋਈ ਹੁਸਨ ਪ੍ਰੇਮੀ ਪਾਣੀਆਂ ਕਿਨਾਰੇ ਖਲੋਤੀ ਆਪਣੀ ਹੁਸਨਪਰੀ ਨੂੰ ਛੇਤੀ ਘੁੰਡ ਕੱਢਣ ਦੀ ਅਰਜ਼ੋਈ ਕਰਦਾ ਹੈ ਕਿ ਮਤਾਂ ਕਿਤੇ ਤੇਰੇ ਰੂਪ ਦੀ ਮਤਾਬੀ ਡੱਬੀ ਨਾਲ ਕਿਧਰੇ ਪਾਣੀਆਂ ਨੂੰ ਹੀ ਅੱਗ ਨਾ ਲੱਗ ਜਾਵੇ। ਉਹ ਕਹਿੰਦੇ ਹੈ:

ਘੁੰਡ ਕੱਢ ਲੈ ਪੱਤਣ ਤੇ ਖੜ੍ਹੀਏ,
ਨੀਂ ਪਾਣੀਆਂ ਨੂੰ ਅੱਗ ਲੱਗ ਜੂ।

ਘੁੰਡ ਜੋਬਨ ਮੱਤੀਆਂ ਨੂੰ ਨਜ਼ਰਾਂ ਤੋਂ ਬਚਾਉਣ ਦਾ ਤੇ ਘੱਟ ਸੁਨੱਖੀਆਂ ਲਈ ਪਰਦੇ ਦਾ ਕੰਮ ਵੀ ਕਰਦਾ ਹੈ, ਇਸ ਦੀ ਤਰਜਮਾਨੀ ਇੱਕ ਲੋਕ ਬੋਲੀ ਕਰਦੀ ਹੈ:

ਜਾਂ ਘੁੰਡ ਕੱਢਦੀ ਬਹੁਤੀ ਸੋਹਣੀ,
ਜਾਂ ਘੁੰਡ ਕੱਢਦੀ ਕਾਣੀ
ਉੱਠ ਕੇ ਨੱਚ ਲੈ ਨੀਂ।
ਬਣ ਜਾ ਗਿੱਧੇ ਦੀ ਰਾਣੀ।

ਘੁੰਡ ਕੱਢਣ ਦੀ ਪਰੰਪਰਾ ਅਲੱਗ-ਅਲੱਗ ਫ਼ਿਰਕਿਆਂ, ਮੱਤਾਂ ਅਨੁਸਾਰ ਬਦਲਦੀ ਵੀ ਰਹੀ ਹੈ। ਮੁਸਲਿਮ ਭਾਈਚਾਰੇ ਵਿੱਚ 'ਬੁਰਕਾ' ਅਤੇ ਰਾਜਸਥਾਨੀ ਔਰਤਾਂ ਵਿੱਚ ਨੀਵਾਂ ਘੁੰਡ ਵੀ ਘੁੰਡ ਦੀ ਤਰਜਮਾਨੀ ਕਰਦੇ ਹਨ। ਵਡੇਰਿਆਂ ਦੇ ਮਾਣ-ਸਨਮਾਨ ਦਾ ਪ੍ਰਤੀਕ ਹੋਣ ਕਾਰਨ ਤਿੱਥਾਂ-ਤਿਉਹਾਰਾਂ, ਵਡੇਰੇ ਪੂਜਣ, ਮਿੱਟੀ ਕੱਢਣ, ਸ਼ਰਾਧ-ਪਿੱਤਰ ਪੂਜਣ ਤੇ ਹੋਰ ਧੂਫ ਜਿਹੇ ਕਾਰਜਾਂ ਨੂੰ ਵੀ ਔਰਤਾਂ ਘੁੰਡ ਕੱਢ ਕੇ ਹੀ ਕਰਦੀਆਂ ਹਨ ਪਰ ਕਿਹਾ ਜਾਂਦਾ ਹੈ ਕਿ ਸਮੇਂ ਦੇ ਨਾਲ-ਨਾਲ ਤਬਦੀਲੀ ਜ਼ਰੂਰੀ ਹੈ। ਇਸ ਤਬਦੀਲੀ ਕਾਰਨ ਘੁੰਡ ਵੀ ਹੌਲੀ-ਹੌਲੀ ਮੁੱਖ ਤੋਂ ਸਰਕਦਾ ਪਿੱਛੇ ਚਲਾ ਗਿਆ ਤੇ ਸਮੇਂ ਦੀ ਗਰਦਸ਼ ਵਿੱਚ ਕਿਧਰੇ ਲੋਪ ਹੋ ਗਿਆ। ਪਹਿਲਾਂ ਦੋਸੜੀਆਂ (ਦੂਹਰਾ ਦੁਪੱਟਾ) ਸਿਰ 'ਤੇ ਲਿਆ ਜਾਂਦਾ ਸੀ, ਫਿਰ ਇਕਹਿਰਾ ਦੁਪੱਟਾ ਹੋ ਗਿਆ ਤੇ ਹੌਲੀ-ਹੌਲੀ ਇਕਹਿਰਾ ਵੀ ਸਿਰ ਤੋਂ ਸਰਕਦਾ-ਸਰਕਦਾ ਮੋਢਿਆਂ 'ਤੇ ਆ ਪਿਆ। ਹੁਣ ਤਾਂ ਮੋਢਿਆਂ ਨੂੰ ਵੀ ਇਸ ਦਾ ਭਾਰ ਲੱਗਦਾ ਹੈ। ਭਾਵ ਇਹ ਨਹੀਂ ਕਿ ਮੈਂ ਔਰਤ ਦੇ ਘੁੰਡ ਕੱਢਣ ਦੇ ਪੱਖ ਵਿੱਚ ਹਾਂ। ਘੁੰਡ ਨੂੰ ਤਾਂ ਔਰਤ ਦੀ ਗੁਲਾਮੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਸਲਵਾਰ ਕਮੀਜ਼ ਸਿਰ 'ਤੇ ਦੁਪੱਟਾ ਤਾਂ ਪੰਜਾਬਣਾਂ ਦੇ ਪਹਿਰਾਵੇ ਨੂੰ ਚਾਰ ਚੰਨ ਲਗਾਉਂਦਾ ਹੈ। ਪੰਜਾਬੀ ਪਹਿਰਾਵਾ ਇੱਜ਼ਤਦਾਰ, ਪਰਦੇਦਾਰ ਅਤੇ ਸਲੀਕੇਦਾਰ ਹੋਣ ਕਰਕੇ ਹੀ ਦੁਨੀਆਂ ਭਰ ਵਿੱਚ ਸਲਾਹਿਆ ਜਾਂਦਾ ਹੈ। ਪੂਰਨ ਪੰਜਾਬੀ ਪਹਿਰਾਵੇ ਵਾਲੀ ਇਸਤਰੀ ਤੱਕਦਿਆਂ ਇਸ ਵਿੱਚੋਂ ਮਾਂ, ਭੈਣ ਅਤੇ ਧੀ ਜਿਹੇ ਭਾਵ ਉਪਜਦੇ ਹਨ। ਆਓ ਅਸੀਂ 'ਪਹਿਨੀਏ ਜੱਗ ਭਾਉਂਦਾ' ਦੇ ਸਿਧਾਂਤ 'ਤੇ ਚੱਲਦੇ ਹੋਏ ਆਪਣੇ ਪਹਿਰਾਵੇ 'ਤੇ ਫ਼ਖ਼ਰ ਮਹਿਸੂਸ ਕਰੀਏ। ਕਿਤੇ ਸਾਡੀ ਪੰਜਾਬੀ ਪਛਾਣ ਆਧੁਨਿਕਤਾ ਦੀ ਹਨੇਰੀ ਵਿੱਚ ਉੱਡ-ਪੁੱਡ ਹੀ ਨਾ ਜਾਵੇ ਤੇ ਅਸੀਂ ਇਹ ਕਹਿੰਦੇ ਹੀ ਰਹਿ ਜਾਈਏ:

ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ,
ਕੰਨਾਂ ਵਿੱਚ ਕੋਕਰੂ ਤੇ ਬਾਲੀਆਂ ਵੀ ਗਈਆਂ,
ਹੁਣ ਚੱਲ ਪਏ ਵਲੈਤੀ ਬਾਣੇ, ਕੀ ਬਣੂੰ ਦੁਨੀਆਂ ਦਾ।

**ਜਗਜੀਤ ਕੌਰ ਜੀਤ**

## ਹਵਾ ਵਿਚਲੇ ਪ੍ਰਦੂਸ਼ਣ ਬਾਰੇ ਨਵੀਂ ਖੋਜ

ਟਰੱਕਾਂ, ਕਾਰਾਂ ਦੇ ਨਾਲੋਂ ਨਾਲ ਕੂੜੇ ਦੇ ਢੇਰ ਦਾ ਸਾੜਿਆ ਜਾਣਾ ਹੀ ਇਸ ਵਿਚ ਲਗਾਤਾਰ ਵਾਧਾ ਕਰ ਰਿਹਾ ਹੈ ਅਤੇ ਹੋਰਨਾਂ ਸੂਬਿਆਂ ਦੀ ਹਵਾ ਵੀ ਖ਼ਰਾਬ ਕਰ ਰਿਹਾ ਹੈ।

ਯੂਨੀਵਰਸਿਟੀ ਆਫ਼ ਮੈਰੀਲੈਂਡ ਨੇ ਖੋਜ ਰਾਹੀਂ ਦਸ ਦਿੱਤਾ ਹੈ ਕਿ ਭਾਰਤ ਵਿਚ ਕੋਲੇ ਦੀ ਵਾਧੂ ਵਰਤੋਂ ਸਦਕਾ ਭਾਰਤ ਦੀ ਹਵਾ ਵਿਚਲੀ ਸਲਫਰ ਡਾਇਓਕਸਾਈਡ ਦੀ ਮਾਤਰਾ ਚੀਨ ਤੋਂ ਵੀ ਟੱਪ ਜਾਣ ਵਾਲੀ ਹੈ। ਹਵਾ ਵਿਚਲਾ ਗੰਧਲਾਪਨ ਬਣਾਉਣ ਦਾ ਵੀਹ ਫੀਸਦੀ ਹਿੱਸਾ ਸਿਰਫ਼ ਸਲਫਰ ਡਾਇਓਕਸਾਈਡ ਸਦਕਾ ਹੀ ਹੈ।

ਵਿਸ਼ਵ ਸਿਹਤ ਸੰਸਥਾ ਨੇ ਏਸ਼ੀਆ ਵਿੱਚੋਂ ਦਿੱਲੀ ਤੇ ਤਹਿਰਾਨ ਨੂੰ ਦੁਨੀਆ ਭਰ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਐਲਾਨ ਦਿੱਤਾ ਹੈ ਜਿੱਥੇ ਫੈਕਟਰੀਆਂ, ਕੋਲਾ ਤੇ ਬਸਾਂ, ਕਾਰਾਂ, ਮੋਟਰਸਾਈਕਲਾਂ ਹੀ ਇਸਦਾ ਕਾਰਨ ਦੱਸਿਆ ਗਿਆ ਹੈ।

ਪੰਜਾਬ ਦੇ ਥਰਮਲ ਪਲਾਂਟਾਂ ਵਿਚਲਾ ਕੋਲਾ ਵੀ ਇਹੋ ਹਾਲ ਕਰਨ ਵਾਲਾ ਹੈ।

ਹਲ :-

ਲੰਡਨ ਤੇ ਟੋਕੀਓ ਨੇ ਪ੍ਰਦੂਸ਼ਿਤ ਹਵਾ ਨੂੰ ਸਾਫ਼ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਦਾ ਹਲ ਹੈ। ਇਸ ਵਾਸਤੇ ਉਨ੍ਹਾਂ ਵੱਲੋਂ ਸੁਝਾਏ ਨੁਕਤੇ ਹਨ :-

1. ਮੋਟਰਾਂ ਦੇ ਇੰਜਨਾਂ ਵਿਚ ਤਬਦੀਲੀ ਲਿਆ ਕੇ ਸੀ.ਐਨ.ਜੀ. ਦੀ ਵਰਤੋਂ ਵਧਾਈ ਜਾਏ।
2. ਇਲੈਕਟ੍ਰਿਕ ਕਾਰਾਂ ਦੀ ਵਰਤੋਂ ਵਧਾਈ ਜਾਏ।
3. ਸਬ ਵੇਅ, ਮੈਟਰੋ, ਟਰੈਮ, ਬਿਜਲੀ ਨਾਲ ਚੱਲਣ ਵਾਲੀਆਂ ਬਸਾਂ ਚਾਲੂ ਕੀਤੀਆਂ ਜਾਣ।
4. ਦਸ ਸਾਲਾਂ ਤੋਂ ਪੁਰਾਣੀਆਂ ਸਾਰੀਆਂ ਫੈਕਟਰੀਆਂ ਦੀਆਂ ਮਸ਼ੀਨਾਂ ਨਵੀਆਂ ਲਾਈਆਂ ਜਾਣ ਤੇ ਉਨ੍ਹਾਂ ਵਿੱਚੋਂ ਨਿਕਲਦੇ ਪ੍ਰਦੂਸ਼ਣ ਦੀ ਜਾਂਚ ਰੈਗੂਲਰ ਤੌਰ ਉੱਤੇ ਹੋਵੇ।
5. ਵੀਹ ਸਾਲ ਤੋਂ ਪੁਰਾਣੀਆਂ ਸਾਰੀਆਂ ਕਾਰਾਂ ਸੜਕਾਂ ਉੱਤੇ ਚੱਲਣੀਆਂ ਬੰਦ ਕਰ ਦਿੱਤੀਆਂ ਜਾਣ।
6. ਹਵਾ ਵਿਚ ਪ੍ਰਦੂਸ਼ਿਤ ਕਣਾਂ ਦੇ ਵਧਦੇ ਸਾਰ ਫੈਕਟਰੀਆਂ ਦੇ ਕੰਮ ਕਾਰ ਦਾ ਸਮਾਂ ਕੁੱਝ ਹਫ਼ਤੇ ਘਟਾ ਕੇ ਤੇ ਕਾਰਾਂ ਬਸਾਂ ਦੀ ਗਿਣਤੀ ਵੀ ਸੜਕਾਂ ਉੱਤੇ ਕੁੱਝ ਹਫ਼ਤੇ ਘਟਾ ਦੇਣੀ ਚਾਹੀਦੀ ਹੈ।
7. ਮੀਡੀਆ ਵੱਲੋਂ ਲੋਕਾਂ ਨੂੰ ਪ੍ਰਦੂਸ਼ਿਤ ਹਵਾ ਤੋਂ ਬਚਣ ਲਈ ਘਰਾਂ ਵਿਚ ਜ਼ਿਆਦਾ ਸਮਾਂ ਰਹਿਣ ਲਈ ਪ੍ਰੇਰਿਤ ਕਰਦੇ ਰਹਿਣਾ ਚਾਹੀਦਾ ਹੈ।
8. ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਘਰਾਂ ਵਿਚ ਜ਼ਿਆਦਾ ਸਮਾਂ ਬਤੀਤ ਕਰਨ ਲਈ ਕਹਿਣਾ ਚਾਹੀਦਾ ਹੈ।
9. ਸਰਕਾਰ ਵੱਲੋਂ ਸਖ਼ਤ ਕਾਨੂੰਨ ਬਣਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਉੱਤੇ ਰੋਕ ਲਾ ਦੇਣੀ ਚਾਹੀਦੀ ਹੈ। ਇੰਜ ਹੀ ਪੁਰਾਣੀਆਂ ਕਾਰਾਂ ਉੱਤੇ ਚਾਰ ਗੁਣਾ ਟੈਕਸ ਲਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਸੜਕਾਂ ਉੱਤੇ ਚੱਲਣਾ ਬੰਦ ਹੋਵੇ।
10. ਦਰਖ਼ਤਾਂ ਦਾ ਵੱਧ ਤੋਂ ਵੱਧ ਲਾਉਣਾ।

ਸਾਰ :-

- ਇਕ ਸਿਗਰਟ ਦਾ ਧੂੰਆਂ ਵੀ ਹਵਾ ਪ੍ਰਦੂਸ਼ਿਤ ਕਰਦਾ ਹੈ।
- ਜਵਾਲਾਮੁਖੀ ਫਟਣ ਨਾਲ ਹੋਇਆ ਪ੍ਰਦੂਸ਼ਣ ਇਨਸਾਨੀ ਪ੍ਰਦੂਸ਼ਣ ਤੋਂ ਕਿਤੇ ਵੱਧ ਹੈ।
- ਫੈਕਟਰੀਆਂ, ਕੋਲੇ ਦਾ ਬਲਣਾ ਤੇ ਮੋਟਰਸਾਈਕਲ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਂਦੇ ਹਨ।
- ਹਵਾ ਵਿਚਲੇ ਪ੍ਰਦੂਸ਼ਣ ਦਾ ਅਸਰ ਭਰੂਣ ਤੋਂ ਲੈ ਕੇ 100 ਸਾਲਾਂ ਦੀ ਉਮਰ ਭੋਗ ਰਹੇ ਹਰ ਜਣੇ ਉੱਤੇ ਪੈਂਦਾ ਹੈ।
- ਇਸਦੇ ਮਾੜੇ ਅਸਰ ਤੁਰੰਤ ਤੋਂ ਲੈ ਕੇ ਕਈ ਸਾਲਾਂ ਬਾਅਦ ਤਕ ਹੁੰਦੇ ਰਹਿ ਸਕਦੇ ਹਨ ਤੇ ਧੁਖਦੀ ਲੱਕੜ ਵਾਂਗ ਸਰੀਰ ਨੂੰ ਹੌਲੀ-ਹੌਲੀ ਖੋਖਲਾ ਕਰ ਦਿੰਦੇ ਹਨ।
- ਮਨੋਰੋਗ ਤੇ ਵਧਦੇ ਜੁਰਮਾਂ ਦੇ ਨਾਲੋਂ ਨਾਲ ਓਟਿਜ਼ਮ ਅਤੇ ਵਧਦੇ ਲੜਾਈਆਂ ਝਗੜੇ ਇਸੇ ਦੀ ਉਪਜ ਹਨ।
- ਡੀ.ਐਨ.ਏ. ਵਿਚਲੀ ਤਬਦੀਲੀ ਅਗਲੀਆਂ ਪੁਸ਼ਤਾਂ ਤਕ ਅਸਰ ਛੱਡ ਸਕਦੀ ਹੈ।
- ਵਨਸਪਤੀ ਅਤੇ ਜਾਨਵਰਾਂ ਉੱਤੇ ਬੇਹੱਦ ਮਾੜੇ ਅਸਰ ਦਿਸਦੇ ਹਨ।
- ਸਰਕਾਰਾਂ ਨੂੰ ਇਕ ਦੂਜੇ ਉੱਤੇ ਦੂਸ਼ਣ ਲਾਉਣ ਦੀ ਥਾਂ ਅਤੇ ਸਾਰਾ ਦੋਸ਼ ਕਿਸਾਨਾਂ ਉੱਤੇ ਮੜ੍ਹਨ ਦੀ ਥਾਂ ਸਖ਼ਤ ਕਾਨੂੰਨ ਲਾਗੂ ਕਰ ਕੇ ਫੈਕਟਰੀਆਂ, ਕੋਲੇ ਦੇ ਬਾਲਣ ਦੀ ਵਰਤੋਂ ਘਟਾਉਣ ਤੇ ਮੋਟਰਸਾਈਕਲਾਂ, ਬਸਾਂ, ਕਾਰਾਂ ਦੀ ਗਿਣਤੀ ਸੜਕਾਂ ਉੱਤੇ ਘਟਾਉਣ ਵਲ ਧਿਆਨ ਦੇਣਾ ਚਾਹੀਦਾ ਹੈ।
- ਦਰਖ਼ਤਾਂ ਦੀ ਗਿਣਤੀ ਹਰ ਸਾਲ ਵਧਾਉਣੀ ਪੈਣੀ ਹੈ। ਸੜਕਾਂ ਦੁਆਲੇ ਰੁਖ ਬੀਜਣ ਤੇ ਹਰ ਘਰ ਵਿਚ ਬੂਟੇ ਲਾਉਣੇ ਲਾਜ਼ਮੀ ਕਰ ਦੇਣੇ ਚਾਹੀਦੇ ਹਨ।
- ਪ੍ਰਦੂਸ਼ਣ ਹਰ ਵੱਡੇ-ਛੋਟੇ, ਅਮੀਰ-ਗਰੀਬ ਉੱਤੇ ਇੱਕੋ ਜਿਹਾ ਅਸਰ ਕਰਦਾ ਹੈ। ਸੋ ਇਸ ਨੂੰ ਰੋਕਣ ਲਈ ਸਾਂਝਾ ਉਪਰਾਲਾ ਕਰਨ ਦੀ ਲੋੜ ਹੈ ਤਾਂ ਜੋ ਸਾਡੀਆਂ ਆਪਣੀਆਂ ਹੀ ਆਉਣ ਵਾਲੀਆਂ ਨਸਲਾਂ ਮਾਨਸਿਕ ਤੇ ਸਰੀਰਕ ਪੱਖੋਂ ਤੰਦਰੁਸਤ ਰਹਿ ਸਕਣ!

ਕਿਸਾਨਾਂ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਪਰਾਲੀ ਸਾੜਨ ਨਾਲ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਦੇ ਆਪਣੇ ਸਰੀਰ ਦਾ ਤੇ ਆਪਣੇ ਟੱਬਰ ਵਿਚਲੇ ਬੱਚਿਆਂ ਦਾ ਹੋਣਾ ਹੈ ਤੇ ਨਾਲੋਂ ਨਾਲ ਆਪਣੀ ਜ਼ਮੀਨ ਦਾ ਵੀ।

ਅੰਤ ਵਿਚ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਮੀਡੀਆ ਰਾਹੀਂ ਪੂਰਾ ਦੋਸ਼ ਕਿਸਾਨਾਂ ਉੱਤੇ ਮੜ੍ਹ ਦੇਣ ਦਾ ਮਤਲਬ ਹੈ ਅਸਲ ਦੋਸ਼ੀ ਵੱਲੋਂ ਲੋਕਾਂ ਦਾ ਧਿਆਨ ਹਟਾਉਣਾ। ਕਿਸਾਨਾਂ ਦੀ ਪਰਾਲੀ ਨੂੰ ਲਾਈ ਅੱਗ ਜੰਗਲਾਂ ਵਿਚ ਲੱਗੀ ਅੱਗ ਤੋਂ ਵਧ ਪ੍ਰਦੂਸ਼ਣ ਨਹੀਂ ਫੈਲਾ ਸਕਦੀ।

ਜਦੋਂ ਸਭ ਨੂੰ ਸਮਝ ਆ ਜਾਏਗੀ ਕਿ ਅਸਲ ਕਾਰਨ ਹਨ- ਫੈਕਟਰੀਆਂ, ਕੋਲਾ ਸਾੜਨਾ, ਡੀਜ਼ਲ, ਪੈਟਰੋਲ, ਬਸਾਂ, ਟਰੱਕਾਂ, ਕਾਰਾਂ ਤੇ ਮੋਟਰਸਾਈਕਲ, ਤਾਂ ਸਾਂਝੇ ਤੌਰ ਉੱਤੇ ਰੋਕਥਾਮ ਕਰਨੀ ਆਸਾਨ ਹੋ ਜਾਵੇਗੀ।

ਵੱਡੀ ਗੱਲ ਹੈ - ਪੰਜਾਬ ਦੀ ਹਵਾ ਦਿਲੀ ਦੀ ਹਵਾ ਨਾਲੋਂ ਸਾਫ਼ ਹੈ ਸੋ ਦਿੱਲੀ ਵੱਲੋਂ ਪੰਜਾਬ ਉੱਤੇ ਲਾਏ ਜਾ ਰਹੇ ਦੂਸ਼ਣ ਸਰਾਸਰ ਗ਼ਲਤ ਹਨ!

## ਕੰਨ੍ਹੇੜੀ ਚੜ੍ਹੇ ਵਰ੍ਹੇ

ਤਾਂ ਸੋਚਾਂ ਦਾ ਪਟਾਰਾ ਖੁੱਲ੍ਹ ਕੇ ਸਾਰੇ ਦਾ ਸਾਰਾ - ਖਿੰਡ ਪੁੰਡ ਗਿਆ - ਮੇਰੇ ਦੁਆਲੇ - ਜੋ ਕਿਸੇ ਤਰ੍ਹਾਂ ਸਿਮਟਣ ਵਿਚ ਹੀ ਨਾ ਆਏ - ਸੋਚਾਂ - ਐਡਾ ਊਲ-ਜਲੂਲ - ਕੌਣ ਪੜ੍ਹੇਗਾ - ਕੋਈ ਪੜ੍ਹੇਗਾ ਵੀ - ਕਿਸ ਕੌਲ ਹੋਵੇਗੀ - ਐਡੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਵਿਹਲ - ਮੇਰੇ ਲਈ - ਹੁਣ ਕੀ ਤਾਂ ਲਿਖਾਂ ਤੇ ਕੀ ਛੱਡਾਂ, ਸਵਾਲ ਇੱਥੇ ਆ ਕੇ ਖੜ੍ਹ ਗਿਆ - ਮੇਰੇ ਸਾਹਮਣੇ -

ਉਲਝੀ ਨੂੰ ਦੇਖ ਇਕ ਦਿਨ ਅਚਾਨਕ - ਕੋਲ ਬੈਠੀ ਨਿੱਕੀ ਬੱਚੀ - ਕੁਨਮੂਲ (ਅਨਾਹਤ) ਦੋਹਤੀ ਕਹਿਣ ਲੱਗੀ - "ਨਾਨੀ ਮਾਂ - ਆਪ ਸਭ ਲਿਖੋਗੇ - ਕੁਝ ਭੀ ਕਮ ਨਹੀਂ ਕਰੋਗੇ, ਸਮਝੇ ! ਮੈਂ ਪੰਜਾਬੀ ਸੀਖ ਰਹਾ ਹੂੰ - ਜਬ ਤੱਕ ਆਪ ਕੀ ਬੁੱਕ (ਪੁਸਤਕ) ਤਿਆਰ ਹੋਗੀ - ਮੈਂ ਅੱਛੀ ਤਰ੍ਹਾਂ ਪੰਜਾਬੀ ਪੜ੍ਹਨਾ ਸੀਖ ਲੂੰਗਾ - ਕੋਈ ਨਹੀਂ ਪੜ੍ਹੇਗਾ - ਨਾ ਸਹੀ, ਮੈਂ ਪੜ੍ਹੂੰਗਾ, ਆਪ ਕੀ ਸਾਰੀ ਬੁੱਕ - ਠੀਕ !"

ਉਹ ਬੱਚੀ ਜੋ ਅਜੇ 'ਗਾ' 'ਗੀ' ਵਿਚ ਹੀ ਉਲਝੀ ਹੋਈ ਹੈ - ਮੇਰੀ ਪ੍ਰੇਰਣਾ ਬਣਦੀ ਹੈ - ਮੇਰਾ ਸੱਚਾ ਸੁੱਚਾ - ਪਹਿਲਾ ਸੁਹਿਰਦ ਪਾਠਕ - ਜੋ ਨਿੱਕਾ ਨਿੱਕਾ ਪਰੀ- ਕਹਾਣੀਆਂ ਵਰਗਾ ਸੁਣਦੀ ਰਹਿੰਦੀ ਹੈ ਤੇ ਮੰਤਰ ਮੁਗਧ ਹੁੰਦੀ ਰਹਿੰਦੀ ਹੈ - ਮੈਨੂੰ ਮੇਰਾ ਅਜਿਹਾ ਇਕ ਪਾਠਕ ਹੀ ਮੇਰੇ ਸਿਰ ਮੱਥੇ -

"ਨਾਨੀ ਜੀ-ਤੁਹਾਡੀ 'ਭੂਆ ਲੇਡਣ ਦਾ ਵਿਹੜਾ' ਤਾਂ ਅਸੀਂ ਔਖੇ ਸੌਖੇ ਪੜ੍ਹ ਗਏ - ਪਰ ਜੇ ਅੱਗੋਂ ਬੱਚਿਆਂ ਨੂੰ ਇਹ ਕਿਤਾਬ ਪੜ੍ਹਨੀ ਪੈ ਗਈ - ਐਨੀ ਔਖੀ ਪੰਜਾਬੀ - ਉਹ ਸਾਰੇ ਬੱਚੇ, ਪੰਜਾਬ ਬੋਰਡ ਛੱਡ ਕੇ ਸੀ ਬੀ ਐਸ ਸੀ ਵੱਲ ਚਲੇ ਜਾਣਗੇ।" ਇਹ ਬੋਲ ਮੇਰੇ ਸੁਹਿਰਦ ਸਰੋਤੇ-ਦੋਹਤੇ ਸਿਕੰਦਰ ਦੇ ਹਨ-ਜੋ ਸੁਣ ਕੇ ਸਮਝ ਕੇ ਅਨੰਦ ਮਾਣ ਰਿਹਾ ਹੈ ਪਰ ਪੜ੍ਹਨ ਤੋਂ, ਖ਼ਾਸ ਕਰ ਪੰਜਾਬੀ - ਅੰਤਾਂ ਦਾ ਕੰਨੀ ਕਤਰਾਉਂਦਾ ਹੈ - ਪੰਜਾਬੀ ਨਾਲੋਂ ਤੇ ਆਪਣੇ ਵਿਰਸੇ ਨਾਲੋਂ ਟੁੱਟਣਾ - ਬੱਚਿਆਂ ਦੇ ਇਨ੍ਹਾਂ ਤੌਖਲਿਆਂ ਨੇ ਮੈਨੂੰ ਨਹੀਂ ਸਾਨੂੰ ਸਾਰਿਆਂ ਨੂੰ ਹੀ ਅੰਦਰੋਂ ਹਲੂਣ ਕੇ ਰੱਖ ਦਿੱਤਾ ਹੈ - ਮੇਰੇ ਇਹ ਬੋਲ, ਇਹ ਸ਼ਬਦ ਉਨ੍ਹਾਂ ਨੂੰ ਜਾਣੇ-ਅਣਜਾਣੇ ਕੁਝ ਦੇ ਜਾਣਗੇ ਮੈਨੂੰ ਅੰਤਾਂ ਦੀ ਖ਼ੁਸ਼ੀ ਹੋਵੇਗੀ। ਇੱਥੇ ਵਿਚ ਵਿਚ ਵਰਤੀ ਸ਼ਬਦਾਵਲੀ - ਸ਼ਾਇਦ ਮੇਰੇ ਸੁਹਿਰਦ ਪਾਠਕਾਂ ਨੂੰ ਔਖੜੇ ਵੀ ਕਿਤੇ - ਜਿਹਾ ਮੈਂ ਸੋਚਦੀ ਵੀ ਹਾਂ ਤੇ ਜਾਣਦੀ ਵੀ ਹਾਂ - ਪਰ ਕੀ ਕਰਾਂ ਮੈਂ -ਇਹ ਮੇਰੀ ਮਜਬੂਰੀ ਹੈ - ਜਿਹਾ ਸੋਚਦੀ ਹਾਂ ਸੁਣਦੀ ਹਾਂ ਬੋਲਦੀ ਹਾਂ ਮੈਨੂੰ ਉਹੋ ਕਹਿਣਾ ਸੁਨਣਾ ਬੋਲਣਾ ਲਿਖਣਾ ਚੰਗਾ ਲੱਗਦਾ ਹੈ, ਸੱਚਾ ਸੱਚਾ, ਸੁੱਚਾ ਸੁੱਚਾ ਜੋ ਮੇਰੇ ਸੁਭਾਓ ਵਿਚ ਹੀ ਹੈ - ਨਿੱਖੜ ਹੀ ਨਹੀਂ ਸਕਦਾ ਕਿਸੇ ਤਰ੍ਹਾਂ - ਸੋ ਇਸ ਲਈ ਮੈਂ ਪਾਠਕਾਂ ਤੋਂ ਪਹਿਲਾਂ ਹੀ ਖ਼ਿਮਾਂ ਦੀ ਜਾਚਕ ਹਾਂ -

ਕੁਝ ਸ਼ਬਦ ਪੁਆਧੀ ਬੋਲੀ ਦੇ ਆਪ-ਮੁਹਾਰੇ ਹੀ ਆ ਜੁੜੇ ਹਨ, ਮੇਰੀ ਲਿਖਤ ਵਿਚ - ਹੀਰੇ ਜਵਾਹਰਾਤ ਤੇ ਨਗੀਨਿਆਂ ਵਰਗੇ - ਉਨ੍ਹਾਂ ਨੂੰ ਵਰਤਕੇ ਮੈਂ ਫ਼ਖ਼ਰ ਮਹਿਸੂਸ ਕਰਦੀ ਹਾਂ - ਮੇਰੀ ਮਾਂ ਬੋਲੀ ਜੁ ਹੋਈ।

ਬਹੁਤ ਸੋਚ ਉਪਰੰਤ - ਸਹੂਲਤ ਵਜੋਂ - ਘਟਨਾ ਕਰਮ ਨੂੰ 'ਸਥਾਨ' ਮੁਤਾਬਿਕ ਕਰ ਦਿੱਤਾ ਗਿਆ ਹੈ - ਪਹਿਲੇ ਨੌ ਪਾਠ ਸਧਾਰਨ ਜਾਣਕਾਰੀ ਦੇ ਸਾਂਝੇ ਜਿਹੇ ਹਨ - ਦਸ ਤੋਂ ਤੇਰਾਂ ਤੱਕ ਮੇਰੇ ਮੁਢਲੇ ਵਰ੍ਹੇ, ਲਹੌਰ ਦੇ ਹਨ - ਚੌਦਾਂ ਤੋਂ ਬਾਈ ਤੱਕ ਮੇਰਾ ਨਾਨਕਾ ਪਿੰਡ ਹੈ, ਤੇਈ ਤੋਂ ਤਰਤਾਲੀ ਤੱਕ 'ਦਾਦਕਾ', ਚੁਤਾਲੀ ਤੋਂ ਤਰਵੰਜਾ ਤੱਕ ਸ਼ਿਮਲਾ।

ਤੇ ਬਾਅਦ ਦਾ ਬਾਕੀ ਸਮਾਂ - ਮੇਰਾ, ਸੱਤਵੀਂ ਅੱਠਵੀਂ ਜਮਾਤ ਤੱਕ ਦਾ ਚੰਡੀਗੜ੍ਹ ਦਾ ਹੈ।

ਕੁਝ ਸੁਹਿਰਦ ਦੋਸਤ ਮਿੱਤਰਾਂ ਤੇ ਸਾਥੀਆਂ (ਇਥੇ ਨਾਂ ਨਹੀਂ ਦੇਵਾਂਗੀ), ਉਹ ਆਪ ਜਾਣਦੇ ਹਨ ਜਿਨ੍ਹਾਂ ਮੈਨੂੰ ਇਸ ਪੁਸਤਕ ਦੇ ਸੰਦਰਭ ਵਿਚ ਸੁਣਿਆ, ਪੜ੍ਹਿਆ, ਜਾਣਿਆਂ ਤੇ ਬਰਦਾਸ਼ਤ ਵੀ ਕੀਤਾ ਹੈ - ਆਪਣੀਆਂ ਪਲਕਾਂ 'ਤੇ ਬਿਠਾਉਂਦੀ ਮੈਂ ਉਨ੍ਹਾਂ ਦੀ ਤਹਿ-ਦਿਲੋਂ ਧੰਨਵਾਦ ਹਾਂ।

ਚੇਤਿਆਂ ਦੀ ਪਨੀਰੀ 'ਚ ਜੋ ਪੁੰਗਰਿਆ ਹੈ - ਉਹੋ ਬੀਜਿਆ ਹੈ ਇੱਥੇ, ਉਂਜ ਮਾੜੀ ਮੋਟੀ ਖਾਦ ਵੀ ਪਾਈ ਹੈ - ਕਿਤੇ ਕੁਝ ਅਜਿਹਾ ਉੱਗ ਆਇਆ ਹੋਵੇ ਜੋ ਪਾਠਕਾਂ ਨੂੰ ਔਖੜੇ, ਉਹ ਆਪ 'ਗੁਡਾਈ' ਕਰ ਕੱਢ ਸਕਦੇ ਹਨ, ਮੇਰੀ ਇਸ ਨਿੱਕੀ ਨਿੱਕੀ ਫਸਲ 'ਚੋਂ - ਮੇਰੇ ਵੱਲੋਂ ਪੂਰੀ ਖੁਲ੍ਹ ਹੈ - ਉਨ੍ਹਾਂ ਸੁਹਿਰਦ ਪਾਠਕਾਂ ਦੀਆਂ ਕਲਮਾਂ ਮੇਰੇ ਸਿਰ ਮੱਥੇ -

ਏਨਾਂ ਹੀ ਕਹਾਂਗੀ - ਤੇ ਬਸ !

ਮੋਹ-ਭਿੱਜੀ ਮੁਹਾਰਨੀ
ਫੁੱਲਾਂ-ਕਲੀਆਂ
ਮਹਿਕਾਂ ਤੇ ਰੰਗਤਾਂ ਭਰੀ-
ਬੀਜੀ-ਭਾਪਾ ਜੀ ਦੀ-
ਅੰਸ਼-ਵੰਸ਼ ਫੁਲਵਾੜੀ---
ਸਿੰਦਰ ਮੋਹਣ ਸੋਹਣ ਤਾਰੀ ਬੱਬਲ - ਆਰ-ਪਰਿਵਾਰ
ਬਾਲ-ਬੱਚੇ ਤੇ ਬਚੜੇ
ਰਾਣਾ ਰੋਜ਼ੀ ਮੁੰਨਾ ਨੈਨਾ ਸ਼ਾਨਾ
ਜਸਵਿੰਦਰ ਬਿਪਨ ਜੌਹਨ
ਸਿੰਕਦਰ ਕੁਨਮੁਨ ਸ਼ੌਨ - ਤੇ ----ਤੇ-----
ਜਿਨ੍ਹਾਂ ਸੰਗ -
ਹੱਸਦਿਆਂ-ਖੇਡਦਿਆਂ
ਗਾਉਂਦਿਆਂ-ਗੁਟਕਦਿਆਂ
ਕੁਤਕੁਤਾੜੀਆਂ-ਕੱਢਦਿਆਂ
ਚੁੰਮਣ- ਬਰਸਾਉਂਦਿਆਂ
ਨਿੱਕੇ ਨਿੱਕੇ ਪਲਾਂ ਦੀ
ਮੋਹ- ਭਿੱਜ ਮੁਹਾਰਨੀ-
ਕਰਦਿਆਂ- ਕਰਾਉਂਦਿਆਂ
ਮੇਰੇ ਇਹ ਬੋਲ -
"ਕੰਨ੍ਹੇੜੀ ਚੜ੍ਹੇ...."
ਉਨ੍ਹਾਂ ਸਾਰਿਆਂ ਦੀ ਝੋਲ
ਰਾਜਿੰਦਰ ਉਰਫ਼ ਜਿੰਦਰ ਉਰਫ਼ ਜਿੰਦਰੂ
(ਸਮਾਪਤ)



PANNU'S
LEGAL SERVICES

G.S. Pannu (Immigration Consultant, LDA)
ivisapass@gmail.com • FAX 510.279.7624
510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu (Owner)

VISA IN ONE DAY

Indian Passport | India Visa in 1 Day | OCI | US Passport

Power of Attorney & Other Services
510.677.8440

40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE



ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES | Emirates
CHINA AIRLINES | الاتحاد ETIHAD AIRWAYS
BRITISH AIRWAYS | Lufthansa
CATHAY PACIFIC | QATAR AIRWAYS القطرية
virgin atlantic
SINGAPORE AIRLINES

BBB IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com